ਯੁਮਾਂਖੀ ਯੱਖ

ਭੁਪਿੰਦਰ ਸਿੰਘ ਰੈਟਾ

www.PunjabiLibrary.com

ਧੁਆਂਖੀ ਧੁੱਪ

(ਇਕ ਮੌਲਿਕ ਪੰਜਾਬੀ ਨਾਵਲ)

ਇਸੇ ਕਲਮ ਤੋਂ –

- ਸੱਧਰਾਂ ਦੀ ਡੋਲੀ (ਨਾਵਲ) 1973, 2020
- ਸਵੇਰ ਹੋਣ ਤਕ (ਨਾਟਕ) 1976
- ਨਿਰਧਨ ਕੋ ਪਾਲੈ (ਨਾਟਕ) ਦਸੰਬਰ, 1976
- ਬੇਨਾਮ ਰਿਸ਼ਤੇ (ਨਾਵਲ) 2020
- ਇਹ ਹੋਰ ਲੂਣਾ (ਨਾਵਲ) 2020
- ਅੱਧੇ ਅਧੂਰੇ (ਨਾਵਲ) 2020 (ਪ੍ਰੈੱਸ ਵਿਚ)
- ਪਾਪ ਦੀ ਪੰਡ (ਨਾਵਲ) 2020 (ਪ੍ਰੈੱਸ ਵਿਚ)

ਧੁਆਂਖੀ ਧੁੱਪ

(ਇਕ ਮੌਲਿਕ ਪੰਜਾਬੀ ਨਾਵਲ)

ਲੇਖਕ

ਭੂਪਿੰਦਰ ਸਿੰਘ ਰੈਣਾ

ਰਵੀ ਸਾਹਿਤ ਪ੍ਰਕਾਸ਼ਨ

ਅੰਮ੍ਰਿਤਸਰ - 143 002

ਧੁਆਂਖੀ ਧੁੱਪ

DHUANKHI DHUP

(An Orignial Punjabi Novel)

by : **Bhupinder Singh Raina**
Nooranbad Colony
Sainik Colony Jammu - 190011
Mobile No. 9906027601
bhupi1945@gmail.com*Published by :*

Ravi Sahit Prakashan
11, G.N.D.U. Shopping Complex
P.O. Khalsa College
G.T. Road, Amritsar-143 002
E-Mail : ravisahitparkashan@yahoo.co.in

ISBN 978-81-?????????

© Author

ਸੰਸਕਰਣ
ਪਹਿਲੀ ਵਾਰ : 1978
ਦੂਜੀ ਵਾਰ : 2021

ਪ੍ਰਕਾਸ਼ਕ :
ਰਵੀ ਸਾਹਿਤ ਪ੍ਰਕਾਸ਼ਨ
11, ਗੁ. ਨਾ. ਦੇ. ਯੂਨੀ. ਸ਼ਾਪਿੰਗ ਕੰਪਲੈਕਸ
ਜੀ.ਟੀ. ਰੋਡ, ਅੰਮ੍ਰਿਤਸਰ - 143 002

ਛਾਪਕ :
ਪ੍ਰਿੰਟਵੈੱਲ, 146, ਫੋਕਲ ਪੁਆਇੰਟ, ਅੰਮ੍ਰਿਤਸਰ।

ਸਮਰਪਣ

ਉਨ੍ਹਾਂ ਯਾਦਾਂ ਨੂੰ
ਜਿਨ੍ਹਾਂ ਦੀ ਧੁੱਪ
ਭਾਵੇਂ ਧੁਆਂਖੀ ਗਈ ਹੈ
ਪਰ
ਉਨ੍ਹਾਂ ਦਾ ਅਹਿਸਾਸ ਅੱਜ ਵੀ
ਸਿਖ਼ਰ ਦੁਪਹਿਰ ਵਰਗਾ ਹੈ।

ਮੇਰੇ ਇਸ ਨਾਵਲ **ਧੁਆਂਖੀ ਧੁੱਪ** ਦੇ ਸਾਰੇ ਪਾਤਰ ਅਤੇ ਘਟਨਾਵਾਂ
ਕਾਲਪਨਿਕ ਹਨ।
ਜੇਕਰ ਕਿਸੇ ਦੇ ਜੀਵਨ ਨਾਲ ਕੋਈ ਘਟਨਾ ਮੇਲ ਖਾਂਦੀ ਹੋਵੇ ਤਾਂ
ਮੇਰੇ ਲਈ ਕੋਈ ਅਚੰਭਾ ਹੋਏਗਾ।

(ਭੁਪਿੰਦਰ ਸਿੰਘ ਰੈਣਾ)

ਦੋ ਸ਼ਬਦ

(ਜਿਲਦ ਦੂਜੀ 2020)

ਧੁਆਂਖੀ ਧੁੱਪ ਨਾਵਲ ਮੈਂ 1970 ਵਿਚ ਲਿਖਿਆ ਸੀ ਜਦੋਂ ਮੇਰੀ ਉਮਰ ਪੰਝੀ ਸਾਲ ਸੀ। ਮੇਰੀਆਂ ਬਹੁਤ ਸਾਰੀਆਂ ਲਿਖਤਾਂ ਦੇ ਢੇਰ ਵਿਚ ਇਹ ਖਰੜਾ ਪਿਆ ਰਿਹਾ ਅਤੇ ਮਾਰਚ, 1978 ਵਿਚ ਮੇਰੇ ਪਰਮ ਮਿੱਤਰ ਤੇ ਪਬਲਿਸ਼ਰਜ਼ ਸ੍ਰ: ਕੁਲਵੰਤ ਸਿੰਘ ਸੂਰੀ ਦੇ ਹੱਥਾਂ ਦੀ ਛੋਹ ਨੇ ਇਸ ਨਾਵਲ **ਧੁਆਂਖੀ ਧੁੱਪ** ਨੂੰ ਅਹਿਲਆ ਵਾਂਗੂ ਇਸ ਦਾ ਉਧਾਰ ਕੀਤਾ। ਇਸ ਨਾਵਲ ਨੂੰ ਇਸ ਢੰਗ ਵਿਚ ਲਿਖਣ ਦੀ ਪ੍ਰੇਰਨਾ ਮੈਨੂੰ ਸ੍ਰ: ਨਾਨਕ ਸਿੰਘ ਦੇ ਨਾਵਲ *"ਸੁਮਨ ਕਾਂਤਾ"* ਨਾਵਲ ਤੋਂ ਮਿਲੀ, ਜਿਹੜਾ ਕਿ ਮੈਂ ਕਦੀ ਛੋਟੇ ਹੁੰਦੇ ਪੜ੍ਹਿਆ ਸੀ। ਇਸ ਨਾਵਲ ਦੀ ਕਹਾਣੀ ਕਲਪਨਾ ਤੋਂ ਸਿਵਾ ਕੁਝ ਨਹੀਂ ਜਾਪਦੀ ਪਰ ਜਿਵੇਂ ਕਲਪਨਾ ਦੀ ਵੀ ਇਕ ਬੁਨਿਆਦ ਹੁੰਦੀ ਹੈ, ਉਸੇ ਤਰ੍ਹਾਂ ਇਸ ਦਾ ਵੀ ਨੀਂਹ ਪੱਥਰ ਹੈ, ਕੁਝ ਪੱਤਰਾਂ ਅਤੇ ਅਭੁੱਲ ਯਾਦਾਂ ਦੇ ਰੂਪ ਵਿਚ ਅਤੇ ਪਾਠਕਾਂ ਦੇ ਦੁਬਾਰਾ ਰੂ-ਬਰੂ ਕਰ ਰਿਹਾ ਹਾਂ।

ਇਸ ਨਾਵਲ ਨੂੰ ਦੁਬਾਰਾ ਛਾਪਣ ਦਾ ਦਿਲ ਕਰਦਾ ਸੀ। ਇਸ ਬਾਰੇ ਸੋਚ ਰਿਹਾ ਸਾਂ ਪਰ ਨਾਵਲ ਦੀ ਇਕ ਵੀ ਕਾਪੀ ਮੇਰੇ ਕੋਲ ਮੌਜੂਦ ਨਹੀਂ ਸੀ। ਸਾਰੀਆਂ ਵਿਕ ਗਈਆਂ ਸਨ ਤੇ ਮੇਰੇ ਕੋਲ ਪਈਆਂ ਹੋਈਆਂ ਕਾਪੀਆਂ ਮੈਂ ਵੰਡ ਦਿੱਤੀਆਂ ਸਨ। ਮੈਂ ਸ੍ਰ: ਕੁਲਵੰਤ ਸਿੰਘ ਸੂਰੀ ਹੋਰਾਂ ਨੂੰ ਵੀ ਇਸ ਨਾਵਲ ਦੀ ਕਾਪੀ ਪ੍ਰਾਪਤ ਕਰਨ ਵਾਸਤੇ ਕਿਹਾ ਪਰ ਕਿਤੋਂ ਵੀ ਇਸ ਨਾਵਲ ਦੀ ਕਾਪੀ ਨਹੀਂ ਮਿਲ ਸਕੀ। ਆਪਣੇ ਸੱਜਣਾਂ-ਮਿੱਤਰਾਂ ਨੂੰ ਇਸ ਨਾਵਲ ਦੀ ਕਾਪੀ ਲੱਭਣ ਲਈ ਬਹੁਤ ਸਾਰੇ ਪਬਲਿਸ਼ਰਜ਼ ਨੂੰ ਕਿਹਾ। ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਮੇਨ ਲਾਇਬ੍ਰੇਰੀ ਵਿਚ ਵੀ ਇਸ ਨਾਵਲ ਨੂੰ ਲੱਭਿਆ ਗਿਆ ਪਰ ਸਫਲਤਾ ਹਾਸਲ ਨਹੀਂ ਹੋਈ। ਇਸ ਨਾਵਲ ਨੂੰ ਦੁਬਾਰਾ ਛਾਪਣ ਲਈ ਮੇਰਾ ਮਨ ਬਹੁਤ ਉਤਾਵਲਾ ਹੋ ਰਿਹਾ ਸੀ ਅਤੇ ਇਸ ਨਾਵਲ ਦੇ ਦਰਸ਼ਨ ਕਰਨ ਨੂੰ ਦਿਲ ਕਰਦਾ ਸੀ ਜਿਹੜਾ ਕਿ ਮੈਂ ਮਾਰਚ 1970 ਵਿਚ ਬੜੀ ਮਿਹਨਤ ਨਾਲ ਲਿਖਿਆ ਸੀ। ਫਿਰ ਬੀ.ਬੀ.ਕੇ ਡੀ.ਏ.ਵੀ. ਕਾਲਜ ਵਿਚ ਕਿਸੇ ਪ੍ਰੋਫ਼ੈਸਰ ਨੇ ਵੀ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਇਸ ਨਾਵਲ ਦੀ ਕਾਪੀ ਨਹੀਂ ਮਿਲੀ। ਸਿੱਖ ਨੈਸ਼ਨਲ ਲਾਇਬ੍ਰੇਰੀ, ਸ੍ਰੀ ਅੰਮ੍ਰਿਤਸਰ ਵਿਖੇ ਵੀ ਇਸ ਨਾਵਲ ਦੀ ਫੋਲਾ-ਫਲਾਈ ਕੀਤੀ ਪਰ ਲੱਭਣ ਵਿਚ ਕਾਮਯਾਬ ਨਾ ਹੋਏ। ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਕਾਲਜ, ਬਾਬਾ ਬਕਾਲਾ ਦੀ ਲਾਇਬ੍ਰੇਰੀ ਵਿਚ ਸ਼ਾਇਦ ਇਹ ਨਾਵਲ ਹੋਵੇ

ਇਹ ਵਿਚਾਰ ਅਜੇ ਮੇਰੇ ਮਨ ਵਿਚ ਹੀ ਸੀ ਕਿ ਮੇਰੇ ਪਿਆਰੇ ਮਿੱਤਰ ਸ੍ਰ: ਲਖਵਿੰਦਰ ਸਿੰਘ, ਕੰਪਿਊਟਰ ਓਪਰੇਟਰ, ਪਬਲੀਕੇਸ਼ਨ ਬਿਊਰੋ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਹੋਰਾਂ ਦਾ ਮੈਨੂੰ ਮੋਬਾਇਲ ਫੋਨ ਆਇਆ ਕਿ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, (ਪੰਜਾਬ) ਦੀ ਮੇਨ ਲਾਇਬ੍ਰੇਰੀ ਜਿਹੜੀ ਵਿਦਿਆਰਥੀਆਂ ਅਤੇ ਰਿਸਰਚ ਫੈਲੋਜ਼ ਲਈ 24 ਘੰਟੇ ਖੁੱਲ੍ਹੀ ਰਹਿੰਦੀ ਹੈ, 'ਭਾਈ ਗੁਰਦਾਸ ਲਾਇਬ੍ਰੇਰੀ' ਵਿਚੋਂ ਤੁਹਾਡਾ ਇਹ ਨਾਵਲ **ਧੁਆਂਖੀ ਧੁੱਪ** (ਜਿਸ ਉਤੇ ਲਾਇਬ੍ਰੇਰੀ ਦਾ ਨੰ: P-13586 Pbi) ਲੱਭ ਲਿਆ ਹੈ ਅਤੇ ਇਸ ਨੂੰ ਮੈਂ ਆਪਣੇ ਲਾਇਬ੍ਰੇਰੀ ਕਾਰਡ ਉਪਰ ਇਸ਼ੂ ਕਰਵਾ ਲਿਆ ਹੈ। ਨਾਵਲ ਦੇ ਪਹਿਲੇ ਪੇਜ਼ ਫੋਲਦਿਆਂ ਉਨ੍ਹਾਂ ਨੇ ਮੈਨੂੰ ਮੋਬਾਈਲ ਸੈੱਲ 'ਤੇ ਦੱਸਿਆ ਕਿ ਇਹ ਨਾਵਲ **ਧੁਆਂਖੀ ਧੁੱਪ** ਨੂੰ ਕੁਲਵੰਤ ਸਿੰਘ ਸੂਰੀ, ਲੋਕ ਸਾਹਿਤ ਪ੍ਰਕਾਸ਼ਨ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਪਹਿਲੀ ਵਾਰ ਮਾਰਚ 1978 ਵਿਚ ਛਾਪਿਆ ਸੀ। ਇਸ ਦਾ ਮੁੱਲ ਉਸ ਵੇਲੇ 10 ਰੁਪਏ ਲਿਖਿਆ ਹੋਇਆ ਹੈ ਅਤੇ ਇਸ ਨਾਵਲ ਦੀ ਛਪਾਈ ਸ੍ਰ: ਸੁਜਾਨ ਸਿੰਘ, ਰਕਸੋਨਾ ਪ੍ਰਿੰਟਰ, ਪੁਤਲੀਘਰ, ਅੰਮ੍ਰਿਤਸਰ ਵਿਖੇ ਕੀਤੀ ਗਈ ਹੈ। ਮੈਨੂੰ ਪੱਕਾ ਯਕੀਨ ਹੋ ਗਿਆ ਕਿ ਇਹੋ ਹੀ ਮੇਰਾ ਨਾਵਲ ਹੈ। ਜਦ ਉਨ੍ਹਾਂ ਨੇ ਮੇਰੇ ਇਸ ਨਾਵਲ ਦੀ ਫੋਟੋ ਖਿੱਚ ਕੇ ਮੈਨੂੰ ਮੇਰੀ ਈ-ਮੇਲ ਦੇ ਐਡਰੈਸ 'ਤੇ ਪਾਈ ਤਾਂ ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਨਾਵਲ ਦੇ ਨੀਲੇ ਰੰਗ ਦੇ ਟਾਈਟਲ ਨੂੰ 42 ਸਾਲਾਂ ਬਾਅਦ ਦੁਬਾਰਾ ਵੇਖ ਕੇ ਮੈਂ ਖੁਸ਼ੀ ਵਿਚ ਗਦ-ਗਦ ਹੋ ਉੱਠਿਆ ਅਤੇ ਇਸ ਨਾਵਲ **ਧੁਆਂਖੀ ਧੁੱਪ** ਨੂੰ ਕੰਪਿਊਟਰਾਈਜ਼ਡ ਟਾਈਪਿੰਗ ਕਰਵਾਉਣ ਲਈ ਕਹਿ ਦਿੱਤਾ।

ਤੁਹਾਨੂੰ ਕਿੰਨਾ ਕੁ ਚੰਗਾ ਲਗੇਗਾ ਮੇਰਾ ਇਹ ਨਾਵਲ **ਧੁਆਂਖੀ ਧੁੱਪ** (ਦੂਜੀ ਜਿਲਦ) ਜਾਣਨ ਲਈ ਮੈਂ ਹਮੇਸ਼ਾ ਉਤਸੁਕ ਰਹਾਂਗਾ।

ਅੰਮ੍ਰਿਤਸਰ
????, 2020

(ਭੁਪਿੰਦਰ ਸਿੰਘ ਰੈਣਾ)

ਭੂਮਿਕਾ

'ਧੁਆਂਖੀ ਧੁੱਪ' ਨਾਵਲ ਵਿਚ ਸੰਗੀਤ, ਵੀਨਾ ਅਤੇ ਕਵਿਤਾ ਇਸ ਨਾਵਲ ਦੇ ਮੁੱਖ ਪਾਤਰ ਹਨ ਜਿਨ੍ਹਾਂ ਦੁਆਲੇ ਇਹ ਸਾਰਾ ਨਾਵਲ ਘੁੰਮਦਾ ਹੈ। ਇਹ ਬੜੇ ਅਰਥ ਭਰਪੂਰ ਨਾਮ ਹਨ। ਵੀਨਾ ਇਕ ਸਾਜ਼ ਹੈ ਜਿਸ ਤੋਂ ਬਿਨਾਂ ਸੰਗੀਤ ਦੀ ਹੋਂਦ ਸੰਭਵ ਨਹੀਂ। ਕਵਿਤਾਵਾਂ ਜ਼ਿਆਦਾਤਰ ਸੰਗੀਤਮਈ ਹੁੰਦੀਆਂ ਹਨ, ਉਨ੍ਹਾਂ ਨੂੰ ਗਾਇਆ ਜਾ ਸਕਦਾ ਹੈ ਪਰ ਕੁਝ ਕਵਿਤਾਵਾਂ ਦਾ ਸੰਗੀਤ ਨਾਲ ਤਾਲਮੇਲ ਠੀਕ ਨਹੀਂ ਬੈਠਦਾ। ਇਸ ਨਾਵਲ ਵਿਚ ਨਾਵਲਕਾਰ ਨੇ ਸੰਗੀਤ, ਵੀਨਾ ਅਤੇ ਕਵਿਤਾ ਦੀ ਤ੍ਰਿਕੋਣੀ ਪ੍ਰੇਮ-ਕਹਾਣੀ ਦਾ ਵਰਨਣ ਕੀਤਾ ਹੈ। ਕਵਿਤਾ ਨਾਮ ਦੀ ਸੋਹਣੀ-ਸੁਨੱਖੀ ਅਤੇ ਸੁਘੜ-ਸਿਆਣੀ ਕੁੜੀ ਸੰਗੀਤ ਨਾਮ ਦੇ ਮੁੰਡੇ ਨੂੰ ਪਿਆਰ ਕਰਦੀ ਹੈ ਅਤੇ ਉਸ ਨੂੰ ਆਪਣਾ ਜੀਵਨ ਸਾਥੀ ਬਣਾਉਣਾ ਚਾਹੁੰਦੀ ਹੈ ਪਰੰਤੂ ਉਹ ਜ਼ਿੰਦਗੀ ਦੇ ਸੁਹਾਵਣੇ ਸਫ਼ਰ ਉਤੇ ਇਕੱਠੇ ਨਾ ਤੁਰ ਸਕੇ। ਕਵਿਤਾ ਦੀ ਜ਼ਿੰਦਗੀ ਵਿਚ ਆਉਣ ਤੋਂ ਪਹਿਲਾਂ ਸੰਗੀਤ, ਵੀਨਾ ਨਾਮ ਦੀ ਕੁੜੀ ਨਾਲ ਪਿਆਰ ਦੀਆਂ ਪੀਂਘਾਂ ਝੂਟਦਾ ਰਿਹਾ ਸੀ।

ਭੁਪਿੰਦਰ ਸਿੰਘ ਰੈਣਾ ਨੇ ਇਸ ਨਾਵਲ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। ਇਸ ਦੇ ਪਹਿਲੇ ਭਾਗ ਵਿਚ ਸੋਲ੍ਹਾਂ ਪੱਤਰ ਹਨ, ਦੂਜੇ ਭਾਗ ਵਿਚ ਅਠਾਰ੍ਹਾਂ ਅਤੇ ਤੀਜੇ ਭਾਗ ਵਿਚ ਕੇਵਲ ਛੇ ਪੱਤਰ ਹਨ। ਇਹ ਨਾਵਲ ਚਿੱਠੀਆਂ ਦੇ ਰੂਪ ਵਿਚ ਹੈ ਅਤੇ ਪੂਰੇ ਨਾਵਲ ਨੂੰ ਕਿਵੇਂ ਨਿਭਾਇਆ ਹੈ, ਲੇਖਕ ਦੀ ਕਲਮਕਾਰੀ ਦਾ ਕਮਾਲ ਹੈ। ਚਿੱਠੀਆਂ ਕਵਿਤਾ ਅਤੇ ਸੰਗੀਤ ਵੱਲੋਂ ਇਕ ਦੂਜੇ ਨੂੰ ਲਿਖੀਆਂ ਗਈਆਂ ਹਨ। ਇਸ ਨਾਵਲ ਦੀਆਂ ਘਟਨਾਵਾਂ ਕਲਕੱਤਾ, ਡਗਸ਼ੱਈ, ਕਸੌਲੀ, ਦਿੱਲੀ, ਸਵਿਟਰਜਰਲੈਂਡ, ਆਸਨਸੋਲ ਅਤੇ ਦਾਰਜੀਲਿੰਗ ਆਦਿ ਸਥਾਨਾਂ 'ਤੇ ਵਾਪਰਦੀਆਂ ਹਨ। ਭਾਗ ਪਹਿਲਾ ਦਾ ਪਹਿਲਾ ਪੱਤਰ ਕਵਿਤਾ ਦੁਆਰਾ ਸੰਗੀਤ ਨੂੰ ਕਲਕੱਤੇ ਤੋਂ ਲਿਖੀ ਗਈ ਚਿੱਠੀ ਨਾਲ ਸ਼ੁਰੂ ਹੁੰਦਾ ਹੈ। ਸੰਗੀਤ ਇਕ ਨਾਵਲਕਾਰ ਹੈ, ਉਹ ਕਵਿਤਾ ਦੇ ਜੀਵਨ ਬਾਰੇ ਜਾਨਣ ਲਈ ਉਤਸੁਕ ਹੈ। ਕਵਿਤਾ ਪਹਿਲੀ ਤੱਕਣੀ ਵਿਚ ਹੀ ਸੰਗੀਤ ਨੂੰ ਆਪਣਾ ਪਿਆਰ ਭਰਿਆ ਦਿਲ ਦੇ ਬੈਠਦੀ ਹੈ। ਉਹ ਇਸ ਤਰ੍ਹਾਂ ਮਹਿਸੂਸ ਕਰਦੀ ਹੈ ਜਿਵੇਂ ਸੰਗੀਤ ਨਾਲ ਉਸ ਦਾ ਪਿਛਲੇ ਜਨਮ ਦਾ ਗੂੜ੍ਹਾ ਰਿਸ਼ਤਾ ਹੋਵੇ। ਉਹ ਚਿੱਠੀ ਵਿਚ ਲਿਖਦੀ ਹੈ, "ਸੰਗੀਤ ਜੀ! ਆਤਮਾ ਨੂੰ ਬਹੁਤ ਦੇਰ ਤੋਂ ਤੁਹਾਡੀ ਤਲਾਸ਼ ਸੀ। ਇਸੇ ਲਈ ਤਾਂ ਮੈਂ ਕੋਈ ਸਾਥੀ ਨਹੀਂ ਚੁਣ ਸਕੀ।" (ਪੰਨਾ 22)

ਨਾਵਲਕਾਰ ਨੇ ਨਾਵਲ ਵਿਚ ਪ੍ਰੇਮ, ਪ੍ਰੇਮੀ ਅਤੇ ਪ੍ਰੇਮਿਕਾ ਬਾਰੇ ਖ਼ੂਬਸੂਰਤ ਅਤੇ ਭਾਵਪੂਰਨ ਟਿੱਪਣੀਆਂ ਕੀਤੀਆਂ ਹਨ। ਪ੍ਰੇਮ ਦੇ ਰੂਪ ਵਿਚ ਭੈਣ-ਭਰਾ ਦਾ ਪਿਆਰ, ਮਾਂ-ਪਿਉ ਦਾ ਪਿਆਰ, ਪਤੀ-ਪਤਨੀ ਦਾ ਪਿਆਰ ਅਤੇ ਪ੍ਰੇਮੀ-ਪ੍ਰੇਮਿਕਾ ਦੇ ਪਿਆਰ ਦਾ ਵਰਨਣ ਕੀਤਾ ਹੈ। ਮਿਲਾਪ ਦੇ ਆਨੰਦ ਅਤੇ ਵਿਛੋੜੇ ਦੇ ਦਰਦ ਨੂੰ ਬੜੀ ਬਾਖ਼ੂਬੀ ਨਾਲ ਪੇਸ਼ ਕੀਤਾ ਹੈ। ਕਸੌਲੀ ਵਿਚ ਆਪਣੇ ਪ੍ਰੇਮੀ ਸੰਗੀਤ ਨੂੰ ਮਿਲਣ ਤੋਂ ਬਾਅਦ ਕਵਿਤਾ ਵਿਛੋੜੇ ਦੀ ਤੜਫ਼ ਦਾ ਜ਼ਿਕਰ ਇੰਝ ਕਰਦੀ ਹੈ :

"ਮੈਂ ਕਿੰਨਾ ਹੀ ਰੋਈ ਹਾਂ ਕਹਿ ਨਹੀਂ ਸਕਦੀ। ਮੈਂ ਆਪਣਾ ਸਭ ਕੁਝ ਤੁਹਾਡੇ ਕੋਲ ਛੱਡ ਆਈ ਹਾਂ। ਆਪਣੇ ਮਨ ਨੂੰ ਤੁਹਾਡੇ ਚਰਨਾਂ 'ਤੇ ਅਰਪਣ ਕਰ ਆਈ ਹਾਂ। ਜਦੋਂ ਮਨ ਹੀ ਕੋਲ ਨਾ ਹੋਵੇ ਤਾਂ ਮਨੁੱਖ ਕੀ ਕਰ ਸਕਦਾ ਹੈ? ਜਦੋਂ ਮਨ ਹੀ ਤੁਸਾਂ ਨੇ ਜਿੱਤ ਲਿਆ ਤਾਂ ਮੇਰੇ ਕੋਲ ਕੀ ਰਹਿ ਗਿਆ? ਚੰਨ ਜੀ! ਮੇਰਾ ਹੁਣ ਦਿਲ ਇਥੇ ਨਹੀਂ ਲਗੇਗਾ। ਮੈਨੂੰ ਛੇਤੀ ਹੀ ਆਪਣੇ ਚਰਨਾਂ ਵਿਚ ਲੈ ਜਾਉ।" (ਪੰਨਾ 63)

ਨਾਵਲ ਦਾ ਨਾਇਕ ਸੰਗੀਤ ਸਮਾਜ-ਸੁਧਾਰਕ ਵਿਚਾਰਾਂ ਦਾ ਧਾਰਨੀ ਹੈ। ਜਦੋਂ ਉਹ ਆਪਣੀ ਪ੍ਰੇਮਿਕਾ ਕਵਿਤਾ ਨਾਲ ਵਿਆਹ ਕਰਵਾਉਣ ਦਾ ਇਰਾਦਾ ਕਰ ਲੈਂਦਾ ਹੈ ਤਾਂ ਉਹ ਦਾਜ ਰਹਿਤ ਸਾਧਾਰਣ ਢੰਗ ਨਾਲ ਵਿਆਹ ਕਰਵਾਉਣ ਦੀ ਗੱਲ ਕਰਦਾ ਹੈ, "ਸਾਡੀ ਸ਼ਾਦੀ ਬੜੀ ਸਾਧਾਰਣ ਹੋਣੀ ਚਾਹੀਦੀ ਹੈ। ਮੈਂ ਇਕ ਸਮਾਜਿਕ ਲੇਖਕ ਹਾਂ। ਅਗਰ ਮੇਰੇ ਵਿਚ ਹੀ ਤਰੁੱਟੀਆਂ ਹੋਣ ਤਾਂ ਮੈਂ ਸਮਾਜ ਸੁਧਾਰ ਕੀ ਕਰ ਸਕਾਂਗਾ।" (ਪੰਨਾ 62)

ਵਾਸਤਵ ਵਿਚ ਕਿਰਤਾਂ ਉਹੀ ਸਫ਼ਲ ਹੁੰਦੀਆਂ ਹਨ ਜੋ ਦਿਲ ਵਿਚ ਆਸ਼ਾ ਅਭਿਲਾਸ਼ਾ ਦੀ ਜੋਤ ਜਗਾਉਣ, ਨੇਤਰਾਂ ਵਿਚ ਨਵਾਂ ਸੁਪਨੇ ਲਟਕਾਉਣ ਅਤੇ ਹਿਰਦੇ ਵਣ ਵਿਚ ਫੁੱਲ ਖਿੜਾਉਣ। ਇਸ ਨਾਵਲ ਦਾ ਨਾਇਕ ਸੰਗੀਤ ਅਤੇ ਨਾਇਕਾ ਕਵਿਤਾ ਆਪਣੇ ਵਿਆਹ ਬਾਰੇ, ਵਿਆਹ ਤੋਂ ਬਾਅਦ ਦੀ ਜ਼ਿੰਦਗੀ ਬਾਰੇ ਬਹੁਤ ਸੁਪਨੇ ਸਜਾਉਂਦੇ ਹਨ ਅਤੇ ਇਕ ਦੂਜੇ ਦੇ ਸਾਥ ਵਿਚ ਗੁਲਾਬ ਦੇ ਫੁੱਲ ਦੀ ਤਰ੍ਹਾਂ ਖਿੜੇ ਰਹਿੰਦੇ ਹਨ ਪਰੰਤੂ 'ਹੋਣੀ' ਉਨ੍ਹਾਂ ਨਾਲ ਅਜਿਹੀ ਖੇਡ ਖੇਡਦੀ ਹੈ ਕਿ ਉਨ੍ਹਾਂ ਦੇ ਸੁਪਨੇ ਖੇਰੂੰ-ਖੇਰੂੰ ਹੋ ਜਾਂਦ ਹਨ। 'ਹੋਣੀ' ਹਰ ਇਨਸਾਨ ਦੀ ਜ਼ਿੰਦਗੀ ਵਿਚ ਬਹੁਤ ਵੱਡਾ ਰੋਲ ਅਦਾ ਕਰਦੀ ਹੈ।

ਮਨੁੱਖ ਦਾ ਅਤੀਤ ਕਦੇ ਉਸ ਦਾ ਪਿੱਛਾ ਨਹੀਂ ਛੱਡਦਾ। ਅਤੀਤ ਦੀਆਂ ਯਾਦਾਂ ਮਰਦੇ ਦਮ ਤਕ ਉਸ ਦੇ ਨਾਲ ਰਹਿੰਦੀਆ ਹਨ। ਇਹ ਅਲੱਗ ਗੱਲ ਹੈ ਕਿ ਇਨਸਾਨ ਆਪਣੇ ਕੰਮਾਂ ਵਿਚ ਰੁੱਝਾ ਰਹੇ ਅਤੇ ਇਨ੍ਹਾਂ ਯਾਦਾਂ ਨੂੰ ਆਪਣੇ ਅੰਦਰ ਦਬਾਈ ਰੱਖੇ, ਫੁਰਸਤ ਦੇ ਪਲਾਂ ਵਿਚ ਉਹ ਇਨ੍ਹਾਂ ਯਾਦਾਂ ਦੀ ਪਟਾਰੀ ਨੂੰ ਖੋਲ੍ਹ ਕੇ ਇੰਝ ਦੇਖ ਸਕਦਾ ਹੈ ਜਿਵੇਂ ਫਿਲਮ ਦਾ ਸੀਨ ਦੇਖ ਰਿਹਾ ਹੋਵੇ ਅਤੇ ਇਹ ਹਾਲੇ ਕਲ੍ਹ ਦੀਆਂ ਗੱਲਾਂ ਹੋਣ। ਇਨ੍ਹਾਂ ਘਟਨਾਵਾਂ ਨੂੰ ਬੀਤਿਆਂ ਭਾਵੇਂ ਅੱਧੀ ਸਦੀ ਬੀਤ ਗਈ ਹੋਵੇ। ਸੰਗੀਤ ਕਸੌਲੀ ਤੋਂ ਇਕ ਪੱਤਰ ਕਵਿਤਾ ਨੂੰ ਲਿਖਦਾ ਹੋਇਆ 'ਯਾਦਾਂ' ਦਾ ਵਰਨਣ ਇੰਝ ਕਰਦਾ ਹੈ :

"ਯਾਦਾਂ ਤੋਂ ਕਦੀ ਛੁਟਕਾਰਾ ਨਹੀਂ ਮਿਲਦਾ ਕਵਿਤਾ! ਚਾਹੇ ਮਨੁੱਖ ਕਿੰਨਾ ਵੀ ਸੁਖੀ ਨਾ ਹੋ ਜਾਏ। ਹਰ ਇਕ ਯਾਦ ਦੇ ਉਬਲਦੇ ਲਾਵੇ ਨੂੰ ਦਬਾਉਣ ਦੀ ਕੋਸ਼ਿਸ਼ ਕਰਦਾ ਹੈ। ਕੋਈ ਵੀ ਆਪਣੇ ਦਿਲ 'ਤੇ ਹੱਥ ਰੱਖ ਕੇ ਨਹੀਂ ਕਹਿ ਸਕਦਾ ਹੈ ਕਿ ਉਹ ਬੀਤੇ ਜੀਵਨ ਨੂੰ ਭੁੱਲ ਬੈਠਾ ਹੈ। ਬੀਤਿਆ ਹੋਇਆ ਹਰ ਦਿਨ ਭਵਿੱਖ ਲਈ ਇਕ ਯਾਦ ਛੱਡ ਜਾਂਦਾ ਹੈ। If one is frank enough to admit then the base of every one's future is his past. ਜੇਕਰ ਕੋਈ ਕਹੇ ਕਿ ਉਹ ਪੁਰਾਣੀਆਂ ਯਾਦਾਂ ਨੂੰ ਭੁਲਾ ਬੈਠਾ ਹੈ ਤਾਂ ਉਹ ਇਕ ਫਰੇਬ ਹੋਏਗਾ, ਇਕ ਝੂਠ ਹੋਏਗਾ। ਯਾਦਾਂ ਦੱਬੀਆਂ ਰਹਿੰਦੀਆਂ ਹਨ ਜੇਕਰ ਕੋਈ ਉਹਨਾਂ ਨੂੰ ਫੋਲਣ ਦੀ ਕੋਸ਼ਿਸ਼ ਨਾ ਕਰੇ। ਯਾਦਾਂ

ਮਿਟਦੀਆਂ ਨਹੀਂ ਮਿਟਾ ਦਿੰਦੀਆਂ ਹਨ। ਇਹਨਾਂ ਦਾ ਰਿਸ਼ਤਾ ਮਨੁੱਖ ਦੀ ਆਤਮਾ ਨਾਲ ਹੁੰਦਾ ਹੈ। ਜਦ ਤਕ ਆਤਮਾ ਦਾ ਰਿਸ਼ਤਾ ਮਨੁੱਖ ਨਾਲ ਹੁੰਦਾ ਹੈ ਤਦ ਤਕ ਇਹ ਮਨੁੱਖ ਦਾ ਪਿੱਛਾ ਨਹੀਂ ਛੱਡਡੀਆਂ।" (ਪੰਨਾ 65-66)

ਮਤਰੇਈ ਮਾਂ ਦੇ ਅਲੱਗ-ਅਲੱਗ ਰੂਪਾਂ ਦਾ ਵਰਨਣ ਵੀ ਨਾਵਲ ਵਿਚ ਕੀਤਾ ਮਿਲਦਾ ਹੈ। ਸੰਗੀਤ ਅਤੇ ਕਵਿਤਾ ਦੋਹਾਂ ਦੀਆਂ ਮਾਵਾਂ ਵੀ ਮਤਰੇਈਆਂ ਹਨ ਪਰ ਦੋਹਾਂ ਦੇ ਸੁਭਾਅ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਸੰਗੀਤ ਦੀ ਮਤਰੇਈ ਮਾਂ ਜਿਥੇ ਉਸ ਨੂੰ ਦੇਖਣਾ ਤਕ ਪਸੰਦ ਨਹੀਂ ਕਰਦੀ, ਉਸ ਨੂੰ ਝਿੜਕਦੀ ਅਤੇ ਮਾਰਦੀ ਰਹਿੰਦੀ ਹੈ ਉਥੇ ਕਵਿਤਾ ਦੀ ਮਤਰੇਈ ਮਾਂ ਮਮਤਾ ਦੀ ਮੂਰਤ ਹੈ, ਉਹ ਉਸ ਨੂੰ ਸਕੀ ਮਾਂ ਨਾਲੋਂ ਵੀ ਵੱਧ ਪਿਆਰ ਕਰਦੀ ਹੈ। ਉਸ ਨੂੰ ਕਦੇ ਮਹਿਸੂਸ ਹੀ ਨਹੀਂ ਹੁੰਦਾ ਕਿ ਉਹ ਉਸ ਦੀ ਮਤਰੇਈ ਮਾਂ ਹੈ।

ਨਾਵਲ ਵਿਚ ਕਲਾ ਬਾਰੇ ਪੰਨਾ 30, ਸਮਾਜਿਕ ਕੁਰੀਤੀਆਂ ਦੀ ਗੱਲ ਪੰਨਾ 35 ਅਤੇ ਸ਼ਰਾਬ ਪੀਣ ਦੇ ਨੁਕਸਾਨਾਂ ਬਾਰੇ ਪੰਨਾ 42 ਉਤੇ ਮਾਮੂਲੀ ਚਾਨਣਾ ਪਾਇਆ ਗਿਆ ਹੈ। ਜਾਤ-ਪਾਤ ਵਿਤਕਰੇ ਤੋਂ ਉਪਰ ਉੱਠ ਕੇ ਮਨੁੱਖਤਾ ਉਪਰ ਵਿਸ਼ਵਾਸ ਕਰਨ ਬਾਰੇ ਨਾਵਲ ਦਾ ਨਾਇਕ ਸੰਗੀਤ ਆਪਣੀ ਪ੍ਰੇਮਿਕਾ ਕਵਿਤਾ ਨੂੰ ਲਿਖਦਾ ਹੈ:

"ਮੈਂ ਸਿਰਫ ਮਨੁੱਖਤਾ 'ਤੇ ਯਕੀਨ ਕਰਦਾ ਹਾਂ। ਮੈਂ ਤਾਂ ਇਹੋ ਹੀ ਚਾਹੁੰਦਾ ਹਾਂ ਕਿ ਮਨੁੱਖ ਜਾਤ-ਪਾਤ ਦੇ ਵਿਤਕਰੇ ਛੱਡ ਕੇ ਆਪਣੇ ਆਪ ਨੂੰ ਕੇਵਲ ਮਨੁੱਖ ਸਮਝੇ। ਸੰਸਾਰ ਦਾ ਕੇਵਲ ਇਕ ਧਰਮ ਹੋਵੇ। ਇਕ ਦੇਸ਼ ਹੋਵੇ, ਇਕ ਸਰਕਾਰ ਹੋਵੇ। ਇਹੋ ਜਿਹੇ ਸੰਸਾਰ ਵਿਚ ਕੋਈ ਕਿਸੇ ਦਾ ਦੁਸ਼ਮਣ ਨਾ ਹੋਵੇ। ਆਪਸ ਵਿਚ ਵਿਆਹ ਸ਼ਾਦੀ ਦੀ ਕੋਈ ਰੁਕਾਵਟ ਨਾ ਹੋਵੇ। ਮਨੁੱਖ ਮਨੁੱਖ ਨੂੰ ਪਿਆਰ ਕਰੇ।" (ਪੰਨਾ 36-37)

ਮਨੁੱਖ ਦੇ ਜੀਵਨ ਵਿਚ ਔਰਤ ਦੀ ਮਹੱਤਤਾ ਉੱਤੇ ਵੀ ਚਾਨਣਾ ਪਾਇਆ ਗਿਆ ਹੈ। ਡਗਸ਼ੱਈ ਤੋਂ ਲਿਖੇ ਪੱਤਰ ਵਿਚ ਸੰਗੀਤ ਇਸ ਬਾਰੇ ਲਿਖਦਾ ਹੈ, "ਮਨੁੱਖ ਨੂੰ ਹਰ ਮੋੜ 'ਤੇ ਇਸਤਰੀ ਦੀ ਲੋੜ ਪੈਂਦੀ ਹੈ। ਇਸਤਰੀ ਮਨੁੱਖ ਦੇ ਜੀਵਨ ਦਾ ਅੰਗ ਹੈ ਜਿਸ ਤੋਂ ਬਿਨਾਂ ਮਨੁੱਖ ਦਾ ਜੀਵਨ ਅਧੂਰਾ ਹੈ।" (ਪੰਨਾ 29)

ਪੁਰਾਣੇ ਸਥਾਪਿਤ ਹੋ ਚੁੱਕੇ ਲੇਖਕ ਨਵੇਂ ਲੇਖਕਾਂ ਨੂੰ ਉਪਰ ਉੱਠਣ ਨਹੀਂ ਦਿੰਦੇ, ਇਸ ਦਾ ਜ਼ਿਕਰ ਵੀ ਬਹੁਤ ਸੁੰਦਰ ਢੰਗ ਨਾਲ ਕੀਤਾ ਗਿਆ ਹੈ। ਸੰਗੀਤ ਜੋ ਇਕ ਨਾਵਲਕਾਰ ਹੈ ਆਪਣੇ ਅਸਫ਼ਲ ਲੇਖਕ ਹੋਣ ਬਾਰੇ ਕਵਿਤਾ ਨੂੰ ਲਿਖਦਾ ਹੈ :

"ਮੈਂ ਇਕ ਅਸਫਲ ਲੇਖਕ ਹਾਂ ਜਿਸ ਨੂੰ ਬਹੁਤ ਥੋੜ੍ਹੇ ਲੋਕ ਜਾਣਦੇ ਹਨ। ਮੇਰੀ ਕਲਮ ਵਿਚ ਸਮਾਜੀ ਤਰੁੱਟੀਆਂ ਤੋਂ ਪਰਦਾ ਹਟਾਉਣ ਦੀ ਤਾਕਤ ਹੈ ਜਿਸ ਨੂੰ ਸਮਾਜ ਦੇ ਠੇਕੇਦਾਰ ਪਸੰਦ ਨਹੀਂ ਕਰਦੇ। ਇਕ ਨਵੇਂ ਕਲਾਕਾਰ ਨੂੰ ਪੁਰਾਣੇ ਕਲਾਕਾਰ ਸਿਰ ਨਹੀਂ ਕੱਢਣ ਦੇਂਦੇ। ਮੈਂ ਆਪਣੇ ਨਾਵਲਾਂ ਵਿਚ ਦਿਲ ਭਰ ਦਿੰਦਾ ਹਾਂ ਉਸ ਨੂੰ ਪ੍ਰਕਾਸ਼ਕ ਛਾਪਦੇ ਨਹੀਂ ਕਿਉਂਕਿ ਮੇਰੇ ਕੋਲ ਛਪਾਉਣ ਲਈ ਪੈਸਾ ਨਹੀਂ। ਮੈਂ ਪ੍ਰਸਿੱਧ ਨਹੀਂ ਹਾਂ।" (ਪੰਨਾ 24)

ਜਿੱਤ ਅਤੇ ਹਾਰ ਜੀਵਨ ਦੇ ਦੋ ਅਹਿਮ ਪਹਿਲੂ ਹਨ। ਇਸ ਬਾਰੇ ਬੜੇ ਖ਼ੂਬਸੂਰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਦੱਸਿਆ ਗਿਆ ਹੈ ਕਿ ਜੀਵਨ ਦੇ ਖੇਲ

ਵਿਚ ਹਾਰ ਜਿੱਤ ਤਾਂ ਲੱਗੀ ਰਹਿੰਦੀ ਹੈ, ਕੋਈ ਹਾਰ ਕੇ ਜਿੱਤ ਜਾਂਦਾ ਹੈ ਅਤੇ ਕੋਈ ਜਿੱਤ ਕੇ ਵੀ ਹਾਰ ਜਾਂਦਾ ਹੈ। ਇਸ ਜੱਦੋ-ਜਹਿਦ ਦਾ ਮੁਕਾਬਲਾ ਕਰਨਾ ਹੀ ਇਨਸਾਨੀਅਤ ਹੈ। ਹਾਰ ਕੇ ਜੀਣਾ ਹੀ ਮਨੁੱਖਤਾ ਹੈ, ਜਿੱਤ ਕੇ ਤਾਂ ਹਰ ਕੋਈ ਹੀ ਜੀ ਲੈਂਦਾ ਹੈ। ਇਹ ਵੇਰਵਾ ਪੰਨਾ 84 ਉੱਤੇ ਦਿਤਾ ਗਿਆ ਹੈ।

ਨਾਵਲਕਾਰ ਭੁਪਿੰਦਰ ਰੈਣਾ ਨੇ ਕੁਦਰਤ ਦੀ ਖ਼ੂਬਸੂਰਤੀ, ਸੁੰਦਰਤਾ ਅਤੇ ਮਨਮੋਹਕ ਵਾਤਾਵਰਣ ਦਾ ਵਰਨਣ ਵੀ ਕਮਾਲ ਦਾ ਕੀਤਾ ਹੈ। ਮਿਸਾਲ ਦੇ ਤੌਰ 'ਤੇ ਕਸੌਲੀ, ਡਗਸ਼ੱਈ ਅਤੇ ਦਾਰਜੀਲਿੰਗ ਦੇ ਸੁੰਦਰ ਦ੍ਰਿਸ਼ਾਂ ਨੂੰ ਬੜੀ ਬਾਖ਼ੂਬੀ ਨਾਲ ਪੇਸ਼ ਕੀਤਾ ਹੈ। ਕਸੌਲੀ ਦੀ ਖ਼ੂਬਸੂਰਤੀ ਦਾ ਬਿਆਨ ਕਰਦੀ ਨਾਵਲ ਦੀ ਨਾਇਕਾ ਕਵਿਤਾ ਲਿਖਦੀ ਹੈ :

> *"ਬਰਫਾਂ ਦੀਆਂ ਢੱਕੀਆਂ ਹੋਈਆਂ ਚੋਟੀਆਂ ਕਿਵੇਂ ਪਿਆਰ ਦਾ ਸੰਦੇਸ਼ ਦਿੰਦੀਆਂ ਸਨ। ਸ਼ਾਮ ਨੂੰ ਢਲਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਕਿਵੇਂ ਆਪਣੇ ਰੰਗ ਵਿਚ ਰੰਗ ਲੈਂਦੀਆਂ ਸਨ?" (ਪੰਨਾ 63)*

ਇਹ ਨਾਵਲ ਬਹੁਤ ਹੀ ਦਿਲਚਸਪ ਹੈ। ਇਕ ਵਾਰੀ ਪੜ੍ਹਨਾ ਸ਼ੁਰੂ ਕਰ ਦਿਉ ਜਦ ਤਕ ਖ਼ਤਮ ਨਹੀਂ ਹੁੰਦਾ ਛੱਡਣ ਨੂੰ ਦਿਲ ਨਹੀਂ ਕਰਦਾ। ਇਹ ਇਸ ਨਾਵਲ ਦੀ ਕਾਮਯਾਬੀ ਹੈ। ਨਾਵਲ ਦਾ ਹਰ ਵਾਕ ਅਨਮੋਲ ਹੈ। ਹਰ ਵਾਕ ਵਿਚੋਂ ਗੁਲਾਬ ਦੇ ਫੁੱਲਾਂ ਵਰਗੀ ਖੁਸਬੂ ਆਉਂਦੀ ਹੈ, ਸੰਗੀਤ ਦੀਆਂ ਸੁਰਾਂ ਸੁਣਾਈ ਦਿੰਦੀਆਂ ਹਨ। ਮਿਸਾਲ ਦੇ ਤੌਰ 'ਤੇ ਸੁੰਦਰ ਵਾਕ-ਬਣਤਰ ਦੇ ਕੁਝ ਨਮੂਨੇ ਪੇਸ਼ ਹਨ :

ੳ) ਫੁੱਲ ਖਿੜਣ ਤੋਂ ਪਹਿਲੇ ਹੀ ਉਸ ਨੂੰ ਡੋਡੀ ਤੋਂ ਨਾ ਤੋੜ ਦੇਣਾ।

ਅ) ਉਹ ਚਮਨ ਮੇਰੇ ਲਈ ਵੀਰਾਨਾ ਹੋ ਗਿਆ ਜਿਸ ਵਿਚ ਮੇਰੇ ਨਸੀਬ ਦਾ ਇਕ ਫੁੱਲ ਸੀ।

ੲ) ਬਹਾਰ ਦਾ ਹਰ ਬੁੱਲਾ ਮੇਰੇ ਲਈ ਪਤਝੜ ਦਾ ਇਕ ਝੱਖੜ ਸਿੱਧ ਹੁੰਦਾ ਸੀ।

ਇਸ ਨਾਵਲ ਦਾ ਨਾਮ **'ਧੁਆਂਖੀ ਧੁੱਪ'** ਬਹੁਤ ਪ੍ਰਭਾਵਸ਼ਾਲੀ ਤੇ ਢੁਕਵਾਂ ਹੈ। ਨਾਵਲ ਦੀ ਨਾਇਕਾ ਕਵਿਤਾ ਨੂੰ ਉਸ ਦਾ ਪ੍ਰੇਮੀ-ਸਗੀਤ ਜੀਵਨ ਸਾਥੀ ਦੇ ਰੂਪ ਵਿਚ ਨਹੀਂ ਮਿਲਦਾ। ਪਹਿਲੀ ਪ੍ਰੇਮਿਕਾ ਦੀ ਮਕਾਰੀ ਕਾਰਨ ਇੰਝ ਹੁੰਦਾ ਹੈ। ਸੰਗੀਤ ਮਜ਼ਬੂਰੀ ਵਸ ਵੀਨਾ ਨਾਲ ਵਿਆਹ ਕਰਵਾ ਲੈਂਦਾ ਹੈ। ਕਵਿਤਾ ਨੂੰ ਨਿੱਘੀ ਧੁੱਪ ਵਿਚ ਬੈਠਣਾ ਨਸੀਬ ਨਹੀਂ ਹੁੰਦਾ। ਉਹ ਇਸ ਤਰ੍ਹਾਂ ਮਹਿਸੂਸ ਕਰਦੀ ਹੈ ਕਿ ਉਹ **'ਧੁਆਂਖੀ ਧੁੱਪ'** ਦੀ ਠੰਢੀ ਛਾਂ ਹੇਠ ਖ਼ਤਮ ਹੋ ਜਾਵੇਗੀ।

ਅਜਿਹਾ ਮੇਰਾ ਵਿਸ਼ਵਾਸ ਹੈ ਕਿ ਇਸ ਨਾਲ ਪੰਜਾਬੀ ਸਾਹਿਤ ਹੋਰ ਅਮੀਰ ਅਤੇ ਪ੍ਰਫੁੱਲਿਤ ਹੋਵੇਗਾ। ਇਹ ਨਾਵਲ ਪੜ੍ਹਨਯੋਗ ਅਤੇ ਸੰਭਾਲਣਯੋਗ ਹੈ। ਲੇਖਕ ਭੁਪਿੰਦਰ ਸਿੰਘ ਰੈਣਾ ਨੂੰ ਅਨੋਖੇ ਨਾਵਲ ਦੀ ਮੁਬਾਰਕਵਾਦ ਦਿੰਦੀ ਹਾਂ। ਸ਼ੁਭ ਇਛਾਵਾਂ ਸਹਿਤ।

ਡਾ. ਕੁਲਵਿੰਦਰ ਕੌਰ ਮਿਨਹਾਸ
ਪ੍ਰਧਾਨ
ਗਿਆਨ ਅੰਜਨ ਅਕਾਡਮੀ, ਲੁਧਿਆਣਾ।

ਲੇਖਕ ਬਾਰੇ

ਲੇਖਕ ਦੁਆਰਾ 25 ਸਾਲ ਦੀ ਉਮਰ ਵਿਚ ਲਿਖੇ ਇਸ ਪਹਿਲ-ਪਲੇਠੇ ਨਾਵਲ ਦਾ ਪਹਿਲਾ ਸੰਸਕਰਣ 1978, ਦੂਜਾ ਸੰਸਕਰਣ 2020 ਅਤੇ ਤੀਜਾ ਸੰਸਕਰਣ ਹੁਣ 2021 ਵਿਚ ਛਪ ਰਿਹਾ ਹੈ।ਨਾਵਲ-ਨਵੀਸ ਹੋਣ ਦੇ ਨਾਲ-ਨਾਲ ਉਹ ਇਕ ਕਵੀ ਵੀ ਹਨ। ਆਪਣੀ ਇਸ ਪਹਿਲੀ ਸਾਹਿਤਕ ਕਿਰਤ ਵਿੱਚੋਂ ਹੀ ਉਹਨਾਂ ਨੇ ਸੰਪੂਰਨਤਾ ਨੂੰ ਪ੍ਰਾਪਤ ਕਰ ਲਿਆ ਹੈ। ਕਵੀ ਅਤੇ ਨਾਵਲ-ਨਵੀਸ ਮਨਮੋਹਨ ਕਵਿਤਾ ਦੀ ਕੁਦਾਲ ਨਾਲ ਨਾਵਲ ਦੀ ਕੁਦਾਲ ਲੱਭਦਾ ਹੈ ਤਾਂ 'ਧੁਆਂਖੀ ਧੁੱਪ' ਨਾਵਲ ਦਾ ਲੇਖਕ ਨਾਵਲ ਦੀ ਕੁਦਾਲ ਨਾਲ ਕਵਿਤਾ ਲੱਭ ਲੈਂਦਾ ਹੈ ਤੇ ਜਿਹੜੇ ਟੋਏ ਉਹਦੇ ਅੰਦਰ ਨਾਵਲ ਦੀ ਇਕ ਲਿਖਤ ਨਾਲ ਪੈਂਦੇ ਹਨ ਉਹਨਾਂ ਨੂੰ ਕਈ-ਕਈ ਕਵਿਤਾਵਾਂ ਨਾਲ ਭਰਦੇ ਜਾਂਦੇ ਹਨ। ਨਾਵਲ ਵਿਚਲੀ ਉਹਨਾਂ ਦੀ ਕਵਿਤਾਮਈ ਸ਼ੈਲੀ ਉਨ੍ਹਾਂ ਦੇ ਕਵਿਤਾ ਦੇ ਬਹਾਵ ਨੂੰ ਵਹਾ ਲਿਜਾਣ ਲਈ ਪੂਰੀ ਤਰ੍ਹਾਂ ਸਹਾਈ ਨਹੀਂ ਹੁੰਦੀ ਜਿਸ ਕਾਰਨ ਉਨ੍ਹਾਂ ਦੇ ਮਨ ਦੇ ਉਦਗਾਰਾਂ ਨੂੰ ਕਵਿਤਾ ਦੇ ਵਹਿਣ ਵਿਚ ਵਹਿ ਕੇ ਹੀ ਸ਼ਾਂਤ ਹੋਣਾ ਪੈਂਦਾ ਹੈ।

ਇਸ ਨਾਵਲ ਦੀ ਆਦਿਕਾ ਵਿਚ ਮੈਨੂੰ ਨਾਚੀਜ਼ ਨੂੰ ਵੀ ਇਸ ਮਹਾਨ ਨਾਵਲਿਸਟ ਬਾਰੇ ਲਿਖਣ ਦਾ ਮੌਕਾ ਮਿਲ ਰਿਹਾ ਹੈ। ਮੈਂ ਭੁਪਿੰਦਰ ਸਿੰਘ ਰੈਨਾ ਜੀ ਦੀ ਇਸ ਗੱਲੋਂ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਉਹਨਾਂ ਨੇ ਮੇਰੀ ਬਿਮਾਰੀ ਦੀ ਹਾਲਤ ਵਿਚ ਮੇਰੀ ਦੇਹ ਅਰੋਗਤਾ ਲਈ ਅਰਦਾਸਾਂ ਕੀਤੀਆਂ। ਮੇਰੀ ਤੰਦਰੁਸਤੀ ਲਈ ਉਹਨਾਂ ਨੇ ਧੰਨ ਸ਼੍ਰੀ ਗੁਰੂ ਗ੍ਰੰਥ ਸਹਿਜ ਜੀ ਦਾ ਪਾਠ ਸੰਪੂਰਨ ਕਰਕੇ ਜਿਸ ਦਿਨ ਭੋਗ ਪਾਇਆ ਤਾਂ ਮੈਨੂੰ ਉਹਨਾਂ ਨੇ ਪੂਰਨ ਭਰੋਸਾ ਦਵਾਇਆ ਕਿ ਗੁਰੂ ਮਹਾਰਾਜ ਮੇਰੇ ਅੰਗ-ਸੰਗ ਹਨ ਤੇ ਮੇਰਾ ਵਾਲ ਵੀ ਵਿੰਗਾ ਨਹੀਂ ਹੋਵੇਗਾ। ਸ਼ਾਇਦ ਮੇਰੇ ਚਾਹੁਣ ਵਾਲਿਆਂ ਵੱਲੋਂ ਮੇਰੇ ਲਈ ਕੀਤੀਆਂ ਦੁਆਵਾਂ ਅਤੇ ਅਰਦਾਸਾਂ ਹੀ ਮੈਨੂੰ ਮੌਤ ਦੇ ਮੂੰਹ ਵਿੱਚੋਂ ਮੋੜ ਕੇ ਜ਼ਿੰਦਗੀ ਦੀ ਸੁਹਾਵਨੀ ਸਰਜ਼ਮੀਨ ੱਤੇ ਸ਼ਬਦਾਂ ਦੀਆਂ ਸਰਸਬਜ਼ ਮਹਿਕਾਂ ਬਿਖ਼ੇਰਨ ਲਈ ਲਿਆਈਆਂ ਹਨ। ਉਹਨਾਂ ਨੇ ਬੜੇ ਤਹੱਮਲ ਅਤੇ ਸਬਰ ਨਾਲ ਇਸ ਨਾਵਲ ਬਾਰੇ ਮੇਰੀ ਲਿਖਤ ਦੀ ਇੰਤਜ਼ਾਰ ਕੀਤੀ ਹੈ। ਉਹਨਾਂ ਬਾਰੇ ਅਤੇ ਉਹਨਾਂ ਦੇ ਇਸ ਨਾਵਲ ਜੁਗਤ ਬਾਰੇ ਲਿਖ ਕੇ ਮੇਰੇ ਅੰਦਰ ਦਾ ਵੀ ਉਹ ਟੋਇਆ ਭਰਿਆ ਜਾਵੇਗਾ ਜਿਹੜਾ ਮੇਰੀ ਬਿਮਾਰੀ ਦੇ ਦੌਰਾਨ ਸਰੀਰਕ ਪੀੜਾਂ ਨਾਲ ਬਣ ਗਿਆ ਹੋਵੇਗਾ। ਮੇਰੀ ਬਿਮਾਰੀ ਦੇ ਸਮੇਂ ਵਿਚਲੇ ਖ਼ੱਲਾਅ ਨੇ ਮੇਰੇ ਦਿਲ-ਦਿਮਾਗ਼, ਮੇਰੀ ਆਤਮਾ ਨੂੰ ਪਿਛਲੇ ਲੰਮੇ ਅਰਸੇ ਕੀਤੀ ਗਈ ਸਿਰਜਣਾ ਦੀ ਪੀੜਾ ਤੋਂ ਸਵੱਛ

ਕਰ ਦਿੱਤਾ ਹੈ ਜਿਵੇਂ ਕੋਈ ਬੋਝ ਅਤੇ ਥਕਾਵਟ ਉਤਰ ਗਈ ਹੋਵੇ। ਨਿਰਭਾਰ ਮਨ-ਆਤਮ ਨਾਲ ਲਿਖੀ ਰੈਨਾ ਜੀ ਬਾਰੇ ਮੇਰੀ ਇਹ ਪਹਿਲੀ ਲਿਖਤ ਹੈ ਨਿਸ਼ਕਾਮ ਚਾਹਤ ਜਿਹੀ।

ਉਮਰ ਦੇ ਕੱਚੇ-ਕੁਆਰੇ ਪੜਾਅ ਦਾ ਇਹ ਉਹਨਾਂ ਦਾ ਇਹ ਪਹਿਲਾ ਨਾਵਲ ਹੈ। ਪ੍ਰੰਤੂ ਇਸਦੀ ਬੋਲੀ-ਸ਼ੈਲੀ ਦੀ ਪ੍ਰੌੜਤਾ ਵੇਖ ਕੇ ਲੇਖਕ ਬਾਰੇ ਕਿਹਾ ਜਾ ਸਕਦਾ ਹੈ ਕਿ ''ਹੋਣਹਾਰ ਬਲਵਾਨ ਕੇ ਹੋਤ ਚੀਕਨੇ ਪਾਤ' ਜਾਂ ਇੰਜ ਵੀ ਕਿਹਾ ਜਾ ਸਕਦਾ ਹੈ ਕਿ, ਲਾਲ ਤਾਂ ਭੰਗੂੜਿਆਂ ਵਿਚ ਹੀ ਪਛਾਣੇ ਜਾਂਦੇ ਹਨ। ਇਹ ਨਾਵਲ ਇਸ ਹੋਣਹਾਰ ਨਾਵਲ-ਨਵੀਸ ਦੀ ਕਲਮ ਦਾ ਭੰਗੂੜਾ ਹੈ। ਜਿਸਤੋਂ ਉਹਨਾਂ ਦੇ ਜ਼ਿੰਦਗੀ ਦੇ ਬਾਅਦ ਵਿਚ ਆਉਣ ਵਾਲੇ ਨਾਵਲਾਂ ਬਾਰੇ ਸਹਿਜੇ ਹੀ ਲੱਖਣ ਲਾਇਆ ਜਾ ਸਕਦਾ ਹੈ ਕਿ ਉਹ ਪਾਠਕਾਂ ਲਈ ਕਿੰਨੇ ਰੌਚਕ ਅਤੇ ਚੰਗੀ ਜੀਵਨ-ਜਾਂਚ ਦੀ ਸੇਧ ਦੇਣ ਵਾਲੇ ਹੋਣਗੇ। ਇਸ ਨਾਵਲ ਤੋਂ ਇਲਾਵਾ ਹੁਣ ਤੱਕ ਉਹਨਾਂ ਦੇ ਛੇ ਨਾਵਲ ਹੋਰ ਅਤੇ ਇਕ ਨਾਟਕ ਦੀ ਪੁਸਤਕ ਵੀ ਛਪ ਚੁੱਕੇ ਹਨ। ਜਿੰਨ੍ਹਾਂ ਵਿਚ ਉਹ ਬਿਲਕੁੱਲ ਪਾਠਕਾਂ ਦੀ ਪਸੰਦ ਅਨੁਸਾਰ ਖ਼ਰੇ ਉੱਤਰੇ ਹਨ। ਇਕ ਵਾਰ ਉਹਨਾਂ ਦਾ ਨਾਵਲ ਪੜ੍ਹਣ ਲਈ ਫੜ੍ਹ ਲਵੋ ਤਾਂ ਫਿਰ ਨਾਵਲ ਪਾਠਕ ਨੂੰ ਫੜ੍ਹ ਲੈਂਦਾ ਹੈ। ਲੇਖਕ ਦੇ ਨਾਵਲ ਪ੍ਰੇਮੀ ਪਾਠਕ ਇਹ ਜਾਣ ਕੇ ਆਚੰਭਿਤ ਹੋਣਗੇ ਕਿ ਉਹਨਾਂ ਦੀ ਕਵਿਤਾਕਾਰੀ ਵੀ ਬਹੁਤ ਸੰਵੇਦਨਾਂ ਭਰਪੂਰ ਅਤੇ ਅਹਿਸਾਸਾਂ ਨਾਲ ਲਬਰੇਜ਼ ਹੈ।

ਇਸ ਨਾਵਲ ਨੂੰ ਪੜ੍ਹਣ ਤੋਂ ਪਹਿਲਾਂ ਮੈਂ ਉਹਨਾਂ ਦਾ ਨਾਵਲ ''ਇਕ ਹੋਰ ਲੂਣਾ'' ਪੜ੍ਹ ਚੁੱਕੀ ਹਾਂ। 'ਅੱਧੇ-ਅਧੂਰੇ' ਪੜ੍ਹ ਰਹੀ ਹਾਂ। ਜਦੋਂ ਮੈਂ ਉਹਨਾਂ ਦਾ ਹੱਥਲਾ ਨਾਵਲ ਪੜ੍ਹਿਆ ਤਾਂ ਮੈਨੂੰ ਉਹਨਾਂ ਵਿੱਚੋਂ ਪੰਜਾਬੀ ਦੇ ਮਹਾਨ ਨਾਵਲਿਸਟ ਨਾਨਕ ਸਿੰਘ ਦਾ ਝਾਉਲਾ ਵਾਰ-ਵਾਰ ਪੈਂਦਾ ਰਿਹਾ। ਕਿਉਂਕਿ ਨਾਵਲ ਪੜ੍ਹਣ ਦੇ ਚਸਕੇ ਕਾਰਨ ਜਿੰਨਾਂ ਮੈਂ ਨਾਨਕ ਸਿੰਘ ਨੂੰ ਪੜ੍ਹਿਆ ਹੈ ਓਨਾ ਸ਼ਾਇਦ ਹੀ ਹੋਰ ਕਿਸੇ ਨਾਵਲਿਸਟ ਨੂੰ ਪੜ੍ਹਿਆ ਹੋਵੇ। ਇਸ ਗੱਲ ਨੂੰ ਉਹਨਾਂ ਨੇ ''ਦੋ ਸ਼ਬਦ'' ਆਪਣੇ ਪ੍ਰੇਰਨਾ-ਸਰੋਤ ਨਾਨਕ ਸਿੰਘ ਦੇ ਨਾਵਲ ''ਸੁਮਨ ਕਾਂਤਾ'' ਨੂੰ ਕਿਹਾ ਹੈ। ਮੈਂ ਉਹਨਾਂ ਨੂੰ ਇਸ ਗੱਲੋਂ ਵਧਾਈ ਦਿੰਦੀ ਹਾਂ ਕਿ ਜਿਵੇਂ ਨਾਨਕ ਸਿੰਘ ਦੇ ਨਾਮ ਨੂੰ ਪੰਜਾਬੀ ਦੇ ਸਾਹਿਤ ਵਿਚ ਕਿਸੇ ਵਿਸ਼ੇਸ਼ਣ ਦੀ ਜ਼ਰੂਰਤ ਨਹੀਂ ਪਈ ਉਹਨਾਂ ਦੇ ਨਾਵਲ ਹੀ ਉਹਨਾਂ ਦੀ ਅਮਰਤਾ ਦਾ ਵਰ ਹਨ। ਉਸੇ ਤਰ੍ਹਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਅਤੇ ਪੰਜਾਬੀ ਸਾਹਿਤ ਵਿਚ ਭੁਪਿੰਦਰ ਸਿੰਘ ਰੈਨਾ ਦਾ ਨਾਮ ਨਾਵਲ-ਨਵੀਸੀ ਦੀ ਦੁਨੀਆਂ ਵਿਚ ਉਹਨਾਂ ਦੇ ਨਾਵਲਾਂ ਕਰਕੇ ਹੀ ਜਾਣਿਆਂ ਜਾਂਦਾ ਰਿਹਾ ਕਰੇਗਾ।

ਇਸ ਨਾਵਲ ਦਾ ਪਲਾਟ ਸੋਚਿਆ ਸਮਝਿਆ ਵਿਉਂਤਬੱਧ ਕੀਤਾ ਹੋਇਆ ਜਾਪਦਾ ਹੈ। ਜਿਵੇਂ ਕਿ ਕੋਈ ਤਜ਼ਰਬੇਕਾਰ ਨਾਵਲ-ਨਵੀਸ ਹੋਵੇ ਜਿਵੇਂ ਕਿ ਨਾਨਕ ਸਿੰਘ।ਇਸ ਨਾਵਲ ਦਾ ਕਥਾ-ਕਥਾਨਕ ਮੁਹੱਬਤ ਦੀ ਇਹ ਤ੍ਰਿਕੋਣ ਬੜੇ ਸਹਿਜ ਰੂਪ ਵਿਚ ਨਾਵਲ ਦੇ ਅੰਤ ਵੱਲ ਨੂੰ ਵੱਧਦੀ ਜਾਂਦੀ ਹੈ। ਪ੍ਰੇਮੀ ਪ੍ਰੇਮਿਕਾ ਵੱਲੋਂ ਲਿਖੀਆਂ ਗਈ ਚਿੱਠੀਆਂ ਨੂੰ ਸਿਲਸਿਲੇਵਾਰ ਤਰਤੀਬ ਦੇ ਕੇ ਇਸ ਵਿੱਚੋਂ ਪਾਠਕ ਲਈ ਕਹਾਣੀ ਰਸ ਪੈਦਾ ਕਰ ਦੇਣਾ ਲੇਖਕ ਨੂੰ ਛੋਟੀ ਉਮਰੇ ਹੀ ਪਾਠਕਾਂ ਦੇ ਮਨਾਂ ਵਿਚ ਇਕ ਚੰਗਾ

ਨਾਵਲ-ਨਵੀਸ ਹੋਣ ਦਾ ਸਨਮਾਨ ਦਿਵਾਉਂਦਾ ਹੈ।ਪੰਜਾਬੀ ਨਾਵਲ ਦੀ ਪ੍ਰੰਪਰਾ ਵਿਚ ਪ੍ਰੇਮ ਪੱਤਰ ਦੁਆਰਾ ਨਾਵਲ ਦੀ ਕਥਾ ਬਣਤਰ-ਬੁਣਤਰ ਦੀ ਇਹ ਨਵੀਂ ਜੁਗਤ ਹੈ ਜੋ ਕਿ ਆਪਣੀ ਮਿਸਾਲ ਆਪ ਹੋਣ ਦੇ ਨਾਲ ਹੀ ਇਹ ਨਾਵਲ ਸੱਚੇ-ਸੁੱਚੇ ਇਸ਼ਕ (ਪ੍ਰੇਮ) ਦੀ ਵੀ ਅਤਿ-ਉੱਤਮ ਮਿਸਾਲ ਹੈ। ਜੋ ਕਿ ਪਾਠਕ ਅੰਦਰ ਚੰਗੇ ਸੰਸਕਾਰਾਂ ਦਾ ਸੰਚਾਰ ਕਰਦੀ ਹੈ।ਇਹ ਨਾਵਲ ਨਾਨਕ ਸਿੰਘ ਦੇ ਨਾਵਲਾਂ ਦੀ ਤਰ੍ਹਾਂ ਪਾਠਕਾਂ ਲਈ ਚੰਗੇ ਸੰਸਕਾਰਾਂ ਦਾ ਧਾਰਨੀ ਬਣਨ ਲਈ ਪ੍ਰੇਰਨਾ-ਸਰੋਤ ਦਾ ਕੰਮ ਕਰਦਾ ਹੈ। ਜਿਵੇਂ ਨਾਨਕ ਸਿੰਘ ਨੂੰ ਸੁਧਾਰਵਾਦੀ ਨਾਵਲਕਾਰ ਕਿਹਾ ਗਿਆ ਹੈ। ਭੁਪਿੰਦਰ ਸਿੰਘ ਰੈਨਾ ਦਾ ਮਨਸ਼ਾ ਵੀ ਆਪਣੀਆਂ ਲਿਖਤਾਂ ਰਾਹੀਂ ਨੌਜਵਾਨੀ ਨੂੰ ਚੰਗਾ ਜੀਵਨ ਜਿਉਣ ਲਈ ਪ੍ਰੇਰਿਤ ਕਰਨਾ ਜਾਪਦਾ ਹੈ।ਕਿਉਂਕਿ ਚੰਗੇ ਜੀਵਨ ਦੀ ਨੀਂਹ ਵਿਸ਼ਵਾਸ ਅਤੇ ਦ੍ਰਿੜ ਨਿਸ਼ਚਾ ਹੈ ਅਤੇ ਇਹਨਾਂ ਦੋਂਹਾਂ ਦੀ ਬੁਨਿਆਦ ਪ੍ਰੇਮ ਹੈ ਅਤੇ ਪ੍ਰੇਮ ਦੀ ਬੁਨਿਆਦ ਵਫ਼ਾ ਹੈ। ਕਿਉਂਕਿ ਪਿਆਰ ਵਿਚ ਭਟਕਿਆ ਹੋਇਆ ਮਨ ਆਦਰਸ਼ਵਾਦੀ ਜੀਵਨ ਨਹੀਂ ਜਿਉਂ ਸਕਦਾ।

ਇਸ ਨਾਵਲ ਦਾ ਨਾਇਕ ਸੰਗੀਤ ਵੀ ਸੁਧਾਰਵਾਦੀ ਲੇਖਕ ਹੈ। ਆਮ ਇਨਸਾਨ ਹੋਣ ਦੇ ਨਾਤੇ ਵੀ ਲੇਖਕ ਹੋਣ ਦੇ ਨਾਤੇ ਉਹ ਆਪਣੇ ਗੁਣਾਂ-ਔਗੁਣਾਂ ਦੀ ਛਾਣ-ਬੀਣ ਆਪਣੇ ਗ਼ਿਰੇਬਾਨ ਵਿਚ ਝਾਤੀ ਮਾਰ ਕੇ ਇਸ ਤਰ੍ਹਾਂ ਕਰਦਾ ਹੈ ਜਿਵੇਂ ਕਿ ਫਰੀਦ ਜੀ ਦੇ ਸਲੋਕ ਵਿਚ ਕਿਹਾ ਗਿਆ ਹੈ ਕਿ ਜੇ ਤੂੰ ਅਕਲ ਲਤੀਫ਼ ਤਾਂ ਕਾਲੇ ਲਿਖ ਨਾ ਲੇਖ॥ ਆਪਨੜੇ ਗ਼ਿਰੇਬਾਨ ਮਹਿ ਸਿਰ ਨੀਵਾਂ ਕਰ ਦੇਖ॥

ਪ੍ਰੇਮੀ-ਪ੍ਰੇਮਿਕਾ ਦੇ ਸੱਚੇ ਪ੍ਰੇਮ, ਵਸਲ ਅਤੇ ਵਿਛੋੜੇ ਦੇ ਦਰਦ ਦੀ ਸ਼ਿੱਦਤ ਦਾ ਅਹਿਸਾਸ ਪਾਠਕ ਵੀ ਮਹਿਸੂਸ ਕਰਦਾ ਹੈ ਭਾਵ ਕਿ ਆਪਣੇ ਦਿਲ ਤੇ ਹੰਢਾਉਂਦਾ ਹੈ। ਇਸ ਨਾਵਲ ਦੀ ਨਾਇਕਾ ਕਵਿਤਾ ਉਸ ਸਮੇਂ ਦੀ ਸੱਚਮੁਚ ਦੀ ਦੇਵੀ ਪ੍ਰਤੀਤ ਹੁੰਦੀ ਹੈ। ਉਹਨਾਂ ਵੇਲਿਆਂ ਵਿਚ ਜਦੋਂ ਲੜਕੀਆਂ ਆਪਣੇ ਦਿਲ ਵਿਚ ਜਿਸਨੂੰ ਇਕ ਵਾਰੀ ਥਾਂ ਦੇ ਦਿੰਦੀਆਂ ਉਸ ਲਈ ਓਹੀ ਉਸਦਾ ਪਤੀ-ਪ੍ਰਮਾਤਮਾ, ਦੇਵਤਾ ਸਭ ਕੁਝ ਹੋ ਜਾਂਦਾ ਸੀ। ਉਸ ਲਈ ਹੀ ਆਪਣਾ ਜੀਵਨ ਨਿਸ਼ਾਵਰ ਕਰ ਦਿੰਦੀਆਂ ਸਨ। ਸਾਰੀ ਜ਼ਿੰਦਗੀ ਉਹਦੀ ਯਾਦ ਵਿਚ ਬਿਤਾ ਦਿੰਦੀਆਂ। ਇਸ ਨਾਵਲ ਵਿਚ ਵੀਵਫ਼ਾ ਦੀ ਮਿਸਾਲ ਹੈ ਅਤੇ ਨੈਤਿਕਤਾ ਦੀ ਨਾਇਕਾ ਕਵਿਤਾ ਦੀ ਚਰਿੱਤਰ ਉਸਾਰੀ।

ਉੱਤੋਂ ਕਮਾਲ ਇਹ ਹੈ ਕਿ ਉਹ ਸਮਾਂ ਜਦੋਂ ਅਜੇ ਜ਼ਿੰਦਗੀ ਸਿਰਫ਼ ਚਿੱਠੀ-ਪੱਤਰ ਦੇ ਸਹਾਰੇ ਹੀ ਚੱਲਦੀ ਸੀ। ਜਾਣਕਾਰੀਆਂ ਦੇ ਬਹੁਤੇ ਵਸੀਲੇ ਨਹੀਂ ਸਨ। ਲੇਖਕ ਨੇ ਬੜੇ ਹੀ ਸਹਿਜ ਕਲਾ ਰਾਹੀਂ ਸੁਤੇ-ਸਿੱਧ ਪਾਠਕ ਨੂੰ ਭਾਰਤ ਦੀਆਂ ਹੀ ਨਹੀਂ ਸਗੋਂ ਸਵਿਟਰਜਰਲੈਂਡ ਵਰਗੀਆਂ ਟੂਰਿਸਟ ਥਾਂਵਾਂ ਦੀ ਸੈਰ ਵੀ ਕਰਵਾ ਦਿੱਤੀ ਹੈ। ਪਾਠਕ ਪਾਤਰਾਂ ਦੇ ਨਾਲ ਉਹਨਾਂ ਮਨਮੋਹਕ ਕੁਦਰਤੀ ਨਜ਼ਾਰਿਆਂ ਦੀ ਖ਼ੂਬਸੂਰਤੀ ਦਾ ਅਨੰਦ ਮਾਣਦਾ ਪ੍ਰਤੀਤ ਹੁੰਦਾ ਹੈ।ਨਾਇਕ ਨਾਇਕਾ ਦੀ ਰੁਮਾਂਟਿਕ ਮਾਨਸਿਕ ਦਸ਼ਾ ਦੇ ਜ਼ਰੀਏ ਬਰਫ਼ਾਂ ਲੱਦੀਆਂ ਪਹਾੜਾਂ ਦੀਆਂ ਚੋਟੀਆਂ ਦੁਆਰਾ ਪਿਆਰ ਪਰੁੱਚੇ ਸੰਦੇਸ਼ ਪਾਠਕ ਦੇ ਦਿਲ ਦੀਆਂ ਤਹਿਆਂ ਵਿਚ ਸੰਸਕਾਰ ਬਣ ਕੇ ਵਿਲੀਨ ਹੁੰਦੇ ਜਾਂਦੇ

ਪ੍ਰਤੀਤ ਹੁੰਦੇ ਹਨ। ਹਰ ਵਾਕ ਹਰ ਪਹਿਰਾ ਜਿਵੇਂ ਮਨੁੱਖਤਾ ਲਈ ਉੱਤਮ ਵਿਚਾਰਾਂ ਦਾ ਸੰਚਾਰ ਕਰਦੇ ਹੋਣ। ਇਸ ਨਾਵਲ ਵਿੱਚੋਂ ਵਿਚਾਰਾਂ ਨੂੰ ਵੱਖਰੇ ਤੌਰ ’ਤੇ ਸੰਗ੍ਰਹਿਤ ਵੀ ਕੀਤਾ ਜਾ ਸਕਦਾ ਹੈ। ਇਸਦੀਆਂ ਕੁਝ ਕੁ ਮਿਸਾਲਾਂ ਜ਼ਰੂਰ ਦਿਆਂਗੀ। ਇਸਤੋਂ ਪਹਿਲਾਂ ਇਹ ਦੱਸਣਾ ਵੀ ਵਾਜ਼ਿਬ ਹੋਏਗਾ ਕਿਲੇਖਕ ਦੇ ਨਾਵਲਾਂ ਦੀ ਇਹ ਖ਼ਾਸ ਖੂਬੀ ਬਿਲਕੁੱਲ ਨਾਨਕ ਸਿੰਘ ਦੇ ਨਾਵਲਾਂ ਦੀ ਤਰ੍ਹਾਂ ਪਾਠਕ ਨੂੰ ਓਨੀ ਦੇਰ ਤੱਕ ਬੰਨ੍ਹੀ ਰੱਖਦੀ ਹੈ ਜਿੰਨੀ ਦੇਰ ਨਾਵਲ ਪੂਰਾ ਨਹੀਂ ਪੜ੍ਹਿਆ ਜਾਂਦਾ। ਲੇਖਕ ਦੀ ਬੋਲੀ-ਸ਼ੈਲੀ ਅਤੇ ਵਾਕ ਰਚਨਾ ਬੜੀ ਜੱਚਵੀਂ, ਢੁੱਕਵੀਂ ਅਤੇ ਫੱਬਵੀਂ ਹੈ। ਸੁੰਦਰ ਵਾਕ ਰਚਨਾ ਦੇ ਕੁਝ ਅਤਿਉੱਤਮ ਨਮੂਨੇ:-

1. ਤੁਸੀਂ ਝੀਲ ਦੇ ਨੀਲੇ ਪਾਣੀ ਦੀ ਡੂੰਘਿਆਈ ਵਿਚ ਕੁਦਰਤ ਦੀ ਕਲਾ ਨੂੰ ਪਰਖ਼ਦੇ ਰਹਿੰਦੇ ਸੀ।
2. ਇਸ ਸਮੇਂ ਮੈਂ ਭਾਵਨਾਵਾਂ ਦੇ ਬੱਦਲਾਂ ਵਿਚ ਹਾਂ। ਉਹ ਬੱਦਲ ਖਿਆਲਾਂ ਦੀਆਂ ਚੋਟੀਆਂ ਨਾਲ ਟਕਰਾ ਰਹੇ ਹਨ। ਇਕ ਹਲਚਲ ਪੈਦਾ ਹੋ ਰਹੀ ਹੈ ਅਤੇ ਇਨ੍ਹਾਂ ਉੱਤੇ ਸ਼ਬਦਾਂ ਦਾ ਮੀਂਹ ਵੱਸ ਰਿਹਾ ਹੈ।
3. ਉਸਦਾ ਦਿਮਾਗ਼ ਇਨਸਾਨੀ ਦਰਿੰਦਗੀ ਅਤੇ ਸਮਾਜ ਦੀਆਂ ਕੁਰੀਤੀਆਂ ਦੇ ਪੁੜਾਂ ਵਿਚ ਪੀਸਿਆ ਗਿਆ ਹੁੰਦਾ ਹੈ।
4. ਫ਼ਲਸਫੇ ਅਤੇ ਦੁੱਖ ਦੀਆਂ ਲਹਿਰਾਂ ਵਿਚ ਢਲੇ ਹੋਏ ਸੰਗੀਤ ਦੀਆਂ ਸੁਰਾਂ ਦੀ ਆਵਾਜ਼ ਨੂੰ ਮੇਰੀਆਂ ਅੱਖਾਂ ਤੁਹਾਡੇ ਸੁਹਣੇ ਅਤੇ ਸੁਚੱਜੇ ਪੱਤਰ ਵਿਚ ਵੇਖਿਆ, ਜ਼ਬਾਨ ਨੇ ਪੜ੍ਹਿਆ ਅਤੇ ਦਿਲ ਨੇ ਅਨੁਭਵ ਕੀਤਾ।
5. ਜਿਸ ਦਿਨ ਮੈਂ ਤੁਹਾਨੂੰ ਵੇਖਿਆ ਸੀ ਉਸ ਦਿਨ ਹੀ ਇਸ ਸ਼ਬਨਮ ਦਾ ਮੋਤੀ ਮੇਰੇ ਮਨ ਦੀ ਕੋਮਲਤਾ ’ਤੇ ਪਿਆ ਸੀ।
6. ਮੇਰੇ ਪਿਆਰ ਦੇ ਅੰਮ੍ਰਿਤ ਵਿਚ ਉਹਨਾਂ ਅੰਗਿਆਰਿਆਂ ਨੂੰ ਬੁਝਾਉਣ ਦੀ ਸ਼ਕਤੀ ਹੈ।
7. ਉਸ ਠੁਕਰਾਏ ਹੋਏ ਫ਼ੁੱਲ ਦੀ ਕੀ ਜ਼ਿੰਦਗੀ ਹੈ? ਜਿਸਦੀਆਂ ਪੱਤੀਆਂ ਸੁੱਕ ਚੁੱਕੀਆਂ ਹੋਣ ਅਤੇ ਖ਼ੁਸ਼ਬੂ ਖ਼ਤਮ ਹੋ ਗਈ ਹੋਵੇ।
8. ਮੈਂ ਹੁਣ ਉਸ ਮਹਿਲ ਦੀ ਰਾਣੀ ਹਾਂ ਜਿਸ ਦੀਆਂ ਇੱਟਾਂ ਪਿਆਰ ਦੀ ਮਿੱਟੀ ਦੀਆਂ ਬਣੀਆਂ ਹੋਈਆਂ ਹਨ। ਉਹ ਮਹਿਲ ਸਾਰੀ ਉਮਰ ਖੜ੍ਹਾ ਰਹੇਗਾ। ਪਿਆਰ ਦੀ ਰੰਗਤ ਦਾ ਰੰਗ ਉਸਨੂੰ ਸੁੰਦਰ ਬਣਾਉਂਦਾ ਰਹੇਗਾ। ਉਸ ਵਿਚ ਚਮਕ ਆਉਂਦੀ ਰਹੇਗੀ।

ਚੰਗੇ ਵਿਚਾਰ:-

1. ਚਿਹਰੇ ਦੀ ਸੁੰਦਰਤਾ, ਜੀਭ ਦੀ ਮਿਠਾਸ ਅਤੇ ਗੁਣਾਂ ਦੀ ਪ੍ਰਦਰਸ਼ਨੀ ਕਿਸੇ ਮਨੁੱਖ ਦਾ ਚਰਿੱਤਰ ਨਹੀਂ ਹੁੰਦਾ।
2. ਅੱਖਾਂ ਦੀ ਭਾਸ਼ਾ ਅਤੇ ਦਿਲ ਦੀ ਨਜ਼ਰ ਅਕਸਰ ਧੋਖਾ ਦੇ ਜਾਂਦੀ ਹੈ। ਦੋਨਾਂ ਵਿਚ ਸ਼ੋਖੀ ਸ਼ਰਾਰਤ ਹੁੰਦੀ ਹੈ ਤੇ ਇਹ ਸ਼ਰਾਰਤ ਸ਼ੈਤਾਨ ਦਾ ਗੁਣ ਹੈ।

3. ਜਿਹੜੀਆਂ ਇੱਛਾਵਾਂ ਘੁੱਟ ਕੇ ਸਾਹ ਲੈਂਦੀਆਂ ਹਨ ਉਹ ਅਜ਼ਾਦ ਹੋਣ ਲਈ ਤੜਪ ਉੱਠਦੀਆਂ ਹਨ।
4. ਕੱਚ ਦੇ ਭਾਂਡੇ ਜੇਕਰ ਆਪਸ ਵਿਚ ਜ਼ੋਰ ਨਾਲ ਟਕਰਾਉਂਦੇ ਰਹਿਣ ਤਾਂ ਇਕ ਨਾ ਇਕ ਦਾ ਟੁੱਟ ਜਾਣਾ ਜ਼ਰੂਰੀ ਹੈ।
5. ਮੁਸੀਬਤ ਦੇ ਮਾਰੇ ਹੋਏ ਦੀਆਂ ਰਾਤਾਂ ਦੀ ਤੜਪ ਨੂੰ ਉਹ ਹੀ ਸਮਝ ਸਕਦਾ ਹੈ ਜਿਸ ਨੇ ਮੁਸੀਬਤ ਵੇਖੀ ਹੋਵੇ।
6. ਪੈਸਾ ਨਫ਼ਰਤ ਅਤੇ ਦੁਸ਼ਮਣੀ ਦੀ ਜੜ੍ਹ ਹੈ।
7. ਜਿੱਥੇ ਕਲਾ ਇਕ ਵਪਾਰ ਬਣ ਜਾਏ ਉਹ ਕਲਾ ਕਲਾ ਨਹੀਂ ਰਹਿੰਦੀ। ਉਸ ਵਿਚ ਅਸਲੀਅਤ ਨਹੀਂ ਰਹਿੰਦੀ। ਇਕ ਢਾਂਚਾ ਰਹਿ ਜਾਂਦਾ ਹੈ। ਜਿਸ ਵਿਚ ਨਾ ਜਾਨ ਹੁੰਦੀ ਹੈ ਨਾ ਅਰਮਾਨ ਹੁੰਦੇ ਹਨ।
8. ਸਮਾਜ ਦੀ ਸਰਹੱਦ ਤੋਂ ਬਾਹਰ ਪੈਰ ਰੱਖਣਾ ਵੀ ਗੁਨਾਹ ਹੈ।

ਇਸ ਤਰ੍ਹਾਂ ਜਾਪਦਾ ਹੈ ਜਿਵੇਂ ਕਿ ਇਹ ਨਾਵਲ ਦਾ ਪਲਾਟ ਅਮੀਰ ਅਤੇ ਗ਼ਰੀਬ ਦੀ ਜ਼ਿੰਦਗੀ ਦਾ ਬਿਲਕੁੱਲ ਉਸੇ ਤਰ੍ਹਾਂ ਦਾ ਸੱਚ ਹੋਵੇ ਜਿਵੇਂ ਫ਼ਿਲਮਾਂ ਵਿਚ ਆਮ ਕਰਕੇ ਹੁੰਦਾ ਹੈ। ਇਸ ਵਿਚ ਅਧੂਰੀ ਮੁਹੱਬਤ ਦੀ ਪੀੜ ਖ਼ਤਾਂ ਦੀ ਜ਼ੁਬਾਨੀ ਪਾਠਕ ਦੇ ਰੂਬਰੂ ਹੁੰਦੀ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਇਹ ਸੱਚਮੁੱਚ ਹੀ ਕਿਸੇ ਦੀ ਜ਼ਿੰਦਗੀ ਵਿਚ ਵਾਪਰੇ ਇਸ਼ਕ ਦਾ ਸੱਚੋ-ਸੱਚ ਹੋਵੇ। ਜੋ ਕਿ ਜਿੰਨ੍ਹਾਂ ਖ਼ਤਾਂ ਨੂੰ ਇਸ ਨਾਵਲ ਦੇ ਕਥਾ ਵਿਚ ਨਿਭਾਇਆ ਗਿਆ ਹੈ ਜਿਵੇਂ ਇਹ ਸੱਚਮੁੱਚ ਦੇ ਹੀ ਖ਼ਤਾਂ ਦਾ ਆਦਾਨ-ਪ੍ਰਦਾਨ ਹੋਵੇ। ਇਸ ਨਾਵਲ ਦੇ ਪੰਜਾਬੀ ਪਾਠਕਾਂ ਵਿਚ ਮਕਬੂਲੀਅਤ ਹਾਸਿਲ ਕਰਦਿਆਂ ਹੋਇਆਂ ਇਸਦੇ ਵਾਰ-ਵਾਰ ਛਪਣ 'ਤੇ ਲੇਖਕ ਨੂੰ ਬਹੁਤ-ਬਹੁਤ ਮੁਬਾਰਕਾਂ ਅਤੇ ਵੱਡੇ ਪੰਜਾਬ ਦੇ ਓਡੇ ਵੱਡੇ ਨਾਵਲਕਾਰ ਹੋਣ ਦਾ ਮਾਣ ਮਿਲੇ ਜਿੱਡਾ ਵੱਡਾ ਨਾਵਲਕਾਰ ਉਹਨਾਂ ਦੇ ਨਾਵਲ-ਨਵੀਸ ਹੋਣ ਦਾ ਪ੍ਰੇਰਨਾ-ਸਰੋਤ ਹੈ।

ਅਮਰਜੀਤ ਕੌਰ ਹਿਰਦੇ
ਚੰਡੀਗੜ੍ਹ

ਭਾਗ ਪਹਿਲਾ

ਧੁਆਂਖੀ ਧੁੱਪ / 20

ਧੁਆਂਖੀ ਧੁੱਪ

ਕਲਕੱਤਾ ਇਕ

...ਸੰਗੀਤ ਜੀ!

ਕਿਨ੍ਹਾਂ ਸ਼ਬਦਾਂ ਨਾਲ ਤੁਹਾਨੂੰ ਸੰਬੋਧਨ ਕਰਾਂ? ਸਮਝ ਨਹੀਂ ਆਉਂਦੀ ਇਕ ਸਮੱਸਿਆ ਹੈ। ਕਾਫੀ ਸੋਚ-ਵਿਚਾਰ ਕਰਨ ਤੋਂ ਬਾਦ ਮੈਂ ਉਹ ਥਾਂ ਉਪਰ ਖਾਲੀ ਛੱਡ ਰਹੀ ਹਾਂ। ਤੁਹਾਡੇ ਪੱਤਰ ਦੇ ਉੱਤਰ ਤੋਂ ਬਾਦ ਹੀ ਉਸ ਥਾਂ ਦੀ ਪੂਰਤੀ ਹੋਵੇਗੀ। ਅੱਜ ਤੋਂ ਦਸ ਦਿਨ ਪਹਿਲੇ ਤੁਹਾਡੇ ਨਾਲ ਪਹਿਲੀ ਮੁਲਾਕਾਤ ਹੋਈ ਸੀ। ਅੱਗੇ ਕੋਈ ਮੁਲਾਕਾਤ ਹੋਵੇਗੀ ਜਾਂ ਨਹੀਂ ਪ੍ਰਮਾਤਮਾ ਹੀ ਜਾਣਦਾ ਹੈ। ਇਸ ਲਈ ਜੇਕਰ ਮੈਂ ਪਹਿਲੀ ਮੁਲਾਕਾਤ ਨੂੰ ਹੀ ਅਖ਼ੀਰਲੀ ਸਮਝ ਲਵਾਂ ਤਾਂ ਮੈਂ ਗਲਤ ਨਹੀਂ ਹੋਵਾਂਗੀ।

ਸੰਗੀਤ ਜੀ! ਜਿਹੋ ਜਿਹਾ ਤੁਹਾਡਾ ਨਾਂ ਹੈ ਉਹੋ ਜਿਹੇ ਹੀ ਤੁਹਾਡੇ ਗੁਣ ਹਨ। ਤੁਸੀਂ ਸੱਚਮੁੱਚ ਹੀ ਸੰਗੀਤ ਹੋ, ਇਕ ਰਚਨਾ ਹੈ ਜਿਸ ਨੂੰ ਪ੍ਰਮਾਤਮਾ ਨੇ ਆਪ ਹੀ ਸਿਰਜਿਆ ਹੈ। ਕੁਝ ਘੰਟਿਆਂ ਦੀ ਮੁਲਾਕਾਤ ਨੇ ਤੁਹਾਡੇ ਸਾਰਿਆਂ ਗੁਣਾਂ ਦੀ ਪ੍ਰਦਰਸ਼ਨੀ ਕਰ ਦਿੱਤੀ ਸੀ। ਵੈਸੇ ਤਾਂ ਮੈਂ ਤੁਹਾਨੂੰ ਕਿੰਨੇ ਹੀ ਦਿਨਾਂ ਤੋਂ ਵੇਖਦੀ ਸਾਂ ਪਰ ਕਦੀ ਮੌਕਾ ਨਹੀਂ ਸੀ ਮਿਲਿਆ ਤੁਹਾਡੇ ਨਾਲ ਗੱਲ-ਬਾਤ ਕਰਨ ਦਾ, ਤੁਹਾਡੇ ਨਜ਼ਦੀਕ ਆਉਣ ਦਾ। ਉਸ ਦਿਨ ਵੀ ਤਾਂ ਮੈਂ ਹੀ ਕੋਸ਼ਿਸ਼ ਕੀਤੀ ਸੀ ਤੁਹਾਡੇ ਨਾਲ ਬੋਲਣ ਦੀ, ਤੁਹਾਡੀ ਤਾਂ ਕੋਈ ਮਰਜ਼ੀ ਨਹੀਂ ਸੀ। ਸ਼ੁਕਰ ਹੈ ਕਿ ਤੁਸੀਂ ਗੱਲ-ਬਾਤ ਕਰਨ ਵਿਚ ਸਹਿਯੋਗ ਤਾਂ ਦਿੱਤਾ, ਨਹੀਂ ਤਾਂ ਦਿਲ ਵਿਚ ਇਕ ਤਮੰਨਾ ਹੀ ਰਹਿ ਜਾਣੀ ਸੀ - ਇਕ ਇਹੋ ਜਿਹੀ ਤਮੰਨਾ ਜਿਸ ਦੀ ਪਿਆਸ ਘਟਦੀ ਨਹੀਂ ਵਧਦੀ ਹੀ ਚਲੀ ਜਾਂਦੀ ਹੈ। ਤੁਹਾਡੀ ਉਸ ਮੁਲਾਕਾਤ ਤੋਂ ਬਾਦ ਮਨ ਵਿਚ ਪਤਾ ਨਹੀਂ ਕਿਹੋ ਜਿਹੇ ਵਿਚਾਰ ਪੈਦਾ ਹੁੰਦੇ ਰਹਿੰਦੇ ਹਨ। ਤੁਹਾਡੀ ਯਾਦ ਜਿਹੜੀ ਕਿ ਮੇਰੇ ਮਨ 'ਤੇ ਇਕ ਅਮਿਟ ਛਾਪ ਵਾਂਗੂ ਲਗ ਗਈ ਹੈ ਕਦੀ ਮਿਟ ਨਹੀਂ ਸਕਦੀ।

ਸੰਗੀਤ ਜੀ! ਇਹ ਚਿੱਠੀ ਪੜ੍ਹ ਕੇ ਪਤਾ ਨਹੀਂ ਤੁਸੀਂ ਕੀ ਸੋਚੋਗੇ ਕਿ ਮੈਂ ਕਿਹੋ ਜਿਹੀ ਪਾਗਲ ਲੜਕੀ ਹਾਂ, ਜਿਹੜੀ ਇਕ ਮੁਲਾਕਾਤ ਵਿਚ ਹੀ ਐਨੀ ਖੁੱਲ੍ਹ ਗਈ ਹੈ। ਮੈਂ ਸ਼ਾਇਦ ਪਾਗਲ ਹਾਂ! ਕਿਸ ਚੀਜ਼ ਨੇ ਮੈਨੂੰ ਪਾਗਲ ਕਰ ਦਿੱਤਾ ਹੈ? ਮੈਂ ਆਪ ਨਹੀਂ ਜਾਣਦੀ। ਇਹ ਪੱਤਰਾਂ ਦਾ ਤਾਂਤਾ ਕਿਥੇ ਜਾ ਕੇ ਟੁੱਟੇਗਾ? ਕਿਸੇ ਨੂੰ ਕੋਈ ਪਤਾ ਨਹੀਂ। ਵਿਛੜਨ ਵੇਲੇ ਯਾਦ ਹੈ ਤੁਸੀਂ ਇਕ ਵਚਨ ਦਿੱਤਾ ਸੀ ਕਿ ਤੁਸੀਂ ਮੇਰੀ ਹਰ

ਪੱਤਰ ਦਾ ਉੱਤਰ ਦਿਓਗੇ। ਉਸ ਵਚਨ ਦੇ ਆਸਰੇ ਮੈਂ ਇਕ ਬਹੁਤ ਵੱਡਾ ਮਹਿਲ ਖੜਾ ਕੀਤਾ ਹੈ। ਕੀ ਪਤਾ ਉਹ ਮਹਿਲ ਤੁਹਾਨੂੰ ਚੰਗਾ ਲਗੇ ਜਾਂ ਨਹੀਂ ਪਰ ਉਸ ਮਹਿਲ ਦੀ ਸਜਾਵਟ ਮੈਂ ਨਹੀਂ ਕਰ ਸਕਦੀ। ਉਸ ਦੀਆਂ ਕੰਧਾਂ ਜ਼ਰੂਰ ਖੜੀਆਂ ਕਰ ਸਕਦੀ ਹਾਂ। ਸਜਾਵਟ ਦਾ ਕੰਮ ਤਾਂ ਸਿਰਫ ਇਕ ਕਲਾਕਾਰ ਹੀ ਕਰ ਸਕਦਾ ਹੈ ਅਤੇ ਤੁਸੀਂ ਇਕ ਕਲਾਕਾਰ ਹੋ। ਜਦ ਤਕ ਤੁਸੀਂ ਉਸ ਮਹਿਲ ਨੂੰ ਨਹੀਂ ਸਜਾਉਂਦੇ ਮੈਂ ਉਸ ਦੀ ਰਾਣੀ ਨਹੀਂ ਬਣ ਸਕਦੀ, ਉਸ ਮਹਿਲ ਵਿਚ ਮੇਰੇ ਲਈ ਥਾਂ ਨਹੀਂ ਬਣ ਸਕਦੀ। ਤੁਸੀਂ ਸੋਚੋਗੇ ਕਿ ਮੈਂ ਇਹ ਕੀ ਲਿਖ ਰਹੀ ਹਾਂ? ਮੈਨੂੰ ਰੋਕਣਾ ਨਹੀਂ, ਲਿਖ ਲੈਣ ਦਿਉ। ਇਸ ਵਕਤ ਮੈਂ ਭਾਵਨਾਵਾਂ ਦੇ ਬੱਦਲਾਂ ਵਿਚ ਹਾਂ। ਉਹ ਬੱਦਲ ਖਿਆਲਾਂ ਦੀਆਂ ਚੋਟੀਆਂ ਨਾਲ ਟਕਰਾਅ ਰਹੇ ਹਨ। ਇਕ ਹਲਚਲ ਪੈਦਾ ਹੋ ਰਹੀ ਹੈ ਅਤੇ ਇਨ੍ਹਾਂ ਉਤੇ ਸ਼ਬਦਾਂ ਦਾ ਮੀਂਹ ਵਸ ਰਿਹਾ ਹੈ। ਕਦੋਂ ਰੁਕੇਗਾ? ਕੋਈ ਨਹੀਂ ਜਾਣਦਾ। ਮੈਂ ਵੀ ਨਹੀਂ ਜਾਣਦੀ। ਇਸ ਪਾਗਲਪਨ ਦਾ ਕੀ ਨਾਂ ਹੈ? ਤੁਸੀਂ ਜਾਣਦੇ ਹੋ? ਹਾਂ! ਜ਼ਰੂਰ ਜਾਣਦੇ ਹੋਵੋਗੇ, ਜਵਾਬ ਵਿਚ ਲਿਖਣਾ।

ਤੁਸੀਂ ਕਿਹਾ ਸੀ ਇਕ ਮਿੱਤਰ ਦੇ ਰੂਪ ਵਿਚ ਤੁਸੀਂ ਮੇਰੇ ਪੱਤਰਾਂ ਦਾ ਉੱਤਰ ਦਿੰਦੇ ਰਹੋਗੇ। ਸੰਗੀਤ ਜੀ! ਤੁਸੀਂ ਮਿੱਤਰ ਬਣੇ ਹੋ ਪਰ ਇਹ ਦੱਸੋ ਮਿੱਤਰਤਾ ਦੀ ਬੁਨਿਆਦ ਕੀ ਹੁੰਦੀ ਹੈ? ਇਕ ਦੂਸਰੇ ਦੇ ਮਨ ਵਿਚ ਤੜਪ ਕਿਉਂ ਪੈਦਾ ਹੁੰਦੀ ਹੈ? ਕੀ ਕੁਦਰਤ ਦਾ ਇਹ ਕੋਈ ਵਿਸ਼ੇਸ਼ ਦਸਤੂਰ ਹੈ?

ਸੰਗੀਤ ਜੀ! 10 ਮਈ ਨੂੰ ਜਦੋਂ ਤੁਸੀਂ ਸ੍ਰੀ ਨਗਰ ਸਾਡੇ ਨਾਲ ਦੇ ਹਾਊਸਬੋਟ ਵਿਚ ਰਹਿਣ ਆਏ ਸੀ ਅਤੇ ਵੇਖਦਿਆਂ ਹੀ ਇਸ ਤਰ੍ਹਾਂ ਜਾਪਿਆ ਕਿ ਮੈਂ ਜਿਵੇਂ ਪਹਿਲੇ ਵੀ ਤੁਹਾਨੂੰ ਵੇਖਿਆ ਹੈ। ਕਈ ਵਾਰ ਵੇਖਿਆ ਸੀ ਪਰ ਉਦੋਂ ਤੁਸੀਂ ਬੜੇ ਹਸਮੁੱਖ ਸੀ, ਇਤਨੇ ਗੰਭੀਰ ਨਹੀਂ ਸੀ। ਤੁਹਾਡਾ ਚਿਹਰਾ ਹੱਸਦਾ ਰਹਿੰਦਾ ਸੀ ਪਰ ਕਿਥੇ ਵੇਖਿਆ ਹੈ? ਯਾਦ ਨਹੀਂ ਆਉਂਦਾ। ਤੁਸੀਂ ਵੀ ਮੇਰੇ ਵੱਲ ਬੜੇ ਧਿਆਨ ਨਾਲ ਵੇਖਿਆ ਸੀ। ਵੇਖਿਆ ਸੀ ਨਾ? ਸ਼ਾਇਦ ਤੁਸੀਂ ਵੀ ਮੈਨੂੰ ਪਹਿਲੇ ਵੇਖਿਆ ਹੋਏਗਾ ਪਰ ਕਿਥੇ? ਮੈਂ ਤਾਂ ਪੁੱਛਣਾ ਹੀ ਭੁੱਲ ਗਈ। ਖੈਰ! ਹੁਣ ਉੱਤਰ ਵਿਚ ਸਭ ਕੁਝ ਲਿਖ ਦੇਣਾ। ਤੁਸੀਂ ਇਕ ਹਫਤਾ ਉੱਥੇ ਰਹੇ। ਮੈਂ ਤੁਹਾਨੂੰ ਅਕਸਰ ਵੇਖਦੀ ਸਾਂ। ਤੁਸੀਂ ਹਮੇਸ਼ਾ ਲਿਖਦੇ ਰਹਿੰਦੇ ਸੀ। ਮੈਂ ਵੀ ਇਹੋ ਹੀ ਸੋਚਿਆ ਸੀ ਕਿ ਕੋਈ ਕਲਾਕਾਰ ਹੋਵੋਗੇ, ਲਿਖਾਰੀ ਹੋਵੋਗੇ ਬਿਲਕੁਲ ਤੁਸੀਂ ਕਲਾਕਾਰ ਹੀ ਨਿਕਲੇ, ਇਕ ਬਹੁਤ ਪ੍ਰਸਿੱਧ ਕਲਾਕਾਰ। ਕਸ਼ਮੀਰ ਤਾਂ ਲੋਕ ਘੁੰਮਣ ਫਿਰਨ ਜਾਂਦੇ ਹਨ ਪਰ ਤੁਸੀਂ ਉਥੇ ਆਪਣੀ ਕਲਾ ਦੀ ਰਚਨਾ ਕਰਨ ਗਏ ਸੀ। ਹਰ ਇਕ ਕਲਾਕਾਰ ਦਰਸ਼ਕਾਂ ਲਈ ਇਕ ਬੁਝਾਰਤ ਹੁੰਦਾ ਹੈ। ਕੋਈ ਉਸ ਨੂੰ ਬੁੱਝ ਨਹੀਂ ਸਕਦਾ। ਉਸ ਦੇ ਚਿਹਰੇ ਦੇ ਭਾਵ ਉਸ ਦੇ ਚਰਿੱਤਰ ਜਾਂ ਉਸ ਦੇ ਗੁਣਾਂ ਦਾ ਪ੍ਰਤੀਕ ਨਹੀਂ ਹੋ ਸਕਦੇ। ਉਸ ਦੀ ਕਲਾ ਦਾ ਅੰਦਾਜ਼ਾ ਉਸ ਦੀ ਕਲਮ ਤੋਂ ਲਗਾਇਆ ਜਾ ਸਕਦਾ ਹੈ। ਕੌਣ ਜਾਣ ਸਕਦਾ ਹੈ ਕਿ ਤੁਹਾਡੇ ਭੋਲੇ-ਭਾਲੇ ਚਿਹਰੇ ਪਿੱਛੇ ਇਕ ਬਹੁਤ ਵੱਡਾ ਕਲਾਕਾਰ ਛੁਪਿਆ ਹੋਇਆ ਹੈ। ਤੁਸੀਂ ਝੀਲ ਦੇ ਨੀਲੇ ਪਾਣੀ ਦੀ ਡੂੰਘਿਆਈ ਵਿਚ ਕੁਦਰਤ

ਦੀ ਕਲਾ ਨੂੰ ਪਰਖਦੇ ਰਹਿੰਦੇ ਸੀ। ਉਸ ਪਰਖ ਨੂੰ ਸ਼ਬਦਾਂ ਦੇ ਰੂਪ ਵਿਚ ਢਾਲ ਕੇ ਕੁਦਰਤ ਦਾ ਰਾਜ਼ ਦੱਸਣਾ ਇਕ ਕਲਾਕਾਰ ਦਾ ਹੀ ਕੰਮ ਹੈ।

ਸੰਗੀਤ ਜੀ! ਪ੍ਰਮਾਤਮਾ ਨੇ ਜਦੋਂ ਕੁਝ ਦੇਣਾ ਹੁੰਦਾ ਹੈ ਤਾਂ ਆਪੇ ਹੀ ਸਬੱਬ ਬਣ ਜਾਂਦਾ ਹੈ। 18 ਮਈ ਨੂੰ ਸਵੇਰੇ ਜਦੋਂ ਮੈਂ ਹਾਊਸਬੋਟ ਛੱਡ ਕੇ ਬੱਸ ਸਟੈਂਡ 'ਤੇ ਆਈ ਤਾਂ ਇਹੋ ਹੀ ਸੋਚਿਆ ਸੀ ਕਿ ਤੁਹਾਨੂੰ ਕਦੀ ਨਹੀਂ ਵੇਖ ਸਕਾਂਗੀ ਪਰ ਜਦੋਂ ਤੁਸੀਂ ਕੁਝ ਦੇਰ ਬਾਦ ਬੱਸ ਵਿਚ ਹੀ ਆ ਗਏ ਤਾਂ ਮੇਰੀ ਖੁਸ਼ੀ ਦੀ ਕੋਈ ਸੀਮਾ ਨਾ ਰਹੀ। ਮੈਂ ਤਾਂ ਖੁਸ਼ੀਂ ਵਿਚ ਪਾਗਲ ਹੀ ਹੋ ਗਈ ਸਾਂ। ਸੰਗੀਤ ਜੀ! ਜਦੋਂ ਤੁਸੀਂ ਮੇਰੇ ਨਾਲ ਵਾਲੀ ਸੀਟ 'ਤੇ ਆ ਕੇ ਬੈਠ ਗਏ, ਉਸ ਵਕਤ ਮੇਰਾ ਦਿਲ ਕਿਸ ਤਰ੍ਹਾਂ ਧੜਕ ਰਿਹਾ ਸੀ? ਮੈਂ ਦੱਸ ਨਹੀਂ ਸਕਦੀ ਪਰ ਤੁਸੀਂ ਚੁੱਪ-ਚਾਪ ਬੈਠੇ ਰਹੇ, ਜਿਸ ਤਰ੍ਹਾਂ ਇਕ ਬੁੱਤ ਹੁੰਦਾ ਹੈ, ਜਿਸ ਵਿਚ ਨਾ ਗਰਮੀ ਹੁੰਦੀ ਹੈ, ਨਾ ਜਾਨ ਹੁੰਦੀ ਹੈ, ਨਾ ਦਿਲ ਹੁੰਦਾ ਹੈ, ਨਾ ਇੱਛਾ ਹੁੰਦੀ ਹੈ, ਬਰਫ਼ ਦੇ ਟੁਕੜੇ ਦੀ ਤਰ੍ਹਾਂ ਜਿਸ ਵਿਚੋਂ ਸਿਰਫ਼ ਭਾਫ਼ ਨਿਕਲਦੀ ਹੈ, ਉਸੇ ਤਰ੍ਹਾਂ ਹੀ ਤੁਸੀਂ ਸਾਹ ਲੈਂਦੇ ਸੀ। ਤੁਹਾਡੇ ਕੋਲ ਇਕ ਅੰਗ੍ਰੇਜ਼ੀ ਦਾ ਨਾਵਲ ਸੀ ਜਿਸ ਨੂੰ ਤੁਸੀਂ ਪੜ੍ਹ ਰਹੇ ਸੀ। ਇੰਨਾ ਵੱਡਾ ਨਾਵਲ ਤਾਂ ਮੈਂ ਪਹਿਲੇ ਕਦੀ ਨਹੀਂ ਵੇਖਿਆ ਸੀ। ਬੱਸ ਸੜਕ ਦੇ ਸੀਨੇ 'ਤੇ ਚਲਦੀ ਰਹੀ ਅਤੇ ਤੁਹਾਡੀਆਂ ਅੱਖਾਂ ਨਾਵਲ ਦੇ ਸਫਿਆਂ 'ਤੇ। ਇਕ ਨਜ਼ਰ ਵੀ ਤੁਸੀਂ ਕਿਸੇ ਵੱਲ ਨਹੀਂ ਸੀ ਵੇਖਿਆ। ਉਸ ਵਕਤ ਕੁਦਰਤ ਦੇ ਨਜ਼ਾਰੇ ਵੀ ਤੁਹਾਡੇ ਲਈ ਬੇ-ਕੀਮਤ ਸਨ। ਸਭ ਕੁਝ ਹੀ ਉਹ ਨਾਵਲ ਸੀ ਤੁਹਾਡੇ ਲਈ। ਤੁਹਾਡੀ ਸਾਰੀ ਦੌਲਤ, ਜਾਇਦਾਦ ਜਿਵੇਂ ਉਹ ਨਾਵਲ ਹੀ ਸੀ। ਕਲਾਕਾਰ ਕਿਸ ਤਰ੍ਹਾਂ ਗੁੰਮ-ਸੁੰਮ ਹੋ ਜਾਂਦੇ ਹਨ? ਇਸ ਦੁਨੀਆ ਵਿਚ ਹੁੰਦੇ ਹੋਏ ਵੀ ਦੁਨੀਆ ਤੋਂ ਅਲੱਗ ਹੋ ਜਾਂਦੇ ਹਨ। ਕਲਾ ਦੇ ਸਾਗਰ ਵਿਚ ਕਿਸ ਤਰ੍ਹਾਂ ਗਵਾਚ ਜਾਂਦੇ ਹਨ? ਪਹਿਲੀ ਵਾਰੀ ਇਹ ਅਨੁਭਵ ਕੀਤਾ ਸੀ।

ਸ਼ਾਮ ਤਕ ਤੁਸੀਂ ਇਸ ਤਰ੍ਹਾਂ ਹੀ ਗਵਾਚੇ ਰਹੇ। ਉਧਮਪੁਰ ਦੇ ਨਜ਼ਦੀਕ ਆ ਕੇ ਮੈਂ ਤੁਹਾਨੂੰ ਕਿੰਨੀ ਵਾਰੀ ਬੁਲਾਇਆ ਸੀ ਪਰ ਤੁਸੀਂ ਤੇ ਸੁਣਦੇ ਹੀ ਨਹੀਂ ਸੀ। ਅੰਤ ਵਿਚ ਤੁਸੀਂ ਕਿਹਾ ਸੀ, "ਜੀ! ਮੈਨੂੰ ਕੁਝ ਕਹਿ ਰਹੇ ਹੋ?" ਇਹ ਸ਼ਬਦ ਤਾਂ ਇਕ ਨੀਂਦ ਤੋਂ ਜਾਗੇ ਹੋਏ ਮਨੁੱਖ ਦੇ ਲਗ ਰਹੇ ਸਨ ਜਿਵੇਂ ਤੁਹਾਨੂੰ ਕਿਸੇ ਨੇ ਬੋਲਣ ਲਈ ਮਜਬੂਰ ਕਰ ਦਿਤਾ ਹੋਵੇ ਪਰ ਉਨ੍ਹਾਂ ਸ਼ਬਦਾਂ ਵਿਚ ਵੀ ਜਾਦੂ ਸੀ, ਕਿਸੇ ਨੂੰ ਮਦਹੋਸ਼ ਕਰਨ ਵਾਲਾ ਸੰਗੀਤ ਸੀ। ਫਿਰ ਇਹ ਜਾਣ ਕੇ ਤਾਂ ਹੋਰ ਵੀ ਅਚੰਭਾ ਹੋਇਆ ਕਿ ਤੁਹਾਡਾ ਨਾਂ ਸੰਗੀਤ ਹੈ। ਕਿੰਨਾ ਪਿਆਰਾ ਨਾਂ ਹੈ। ਤੁਸੀਂ ਗੱਲ ਤਾਂ ਜ਼ਰੂਰ ਕਰਦੇ ਰਹੇ ਪਰ ਖੁਸ਼ੀ ਨਾਲ ਨਹੀਂ। ਕੇਵਲ ਮੇਰੀਆਂ ਗੱਲਾਂ ਦਾ ਉੱਤਰ ਦਿੰਦੇ ਰਹੇ। ਇੰਨਾ ਗੰਭੀਰ ਸੁਭਾਅ ਮੈਂ ਅੱਜ ਤਕ ਕਿਸੇ ਵੀ ਮਰਦ ਦਾ ਨਹੀਂ ਵੇਖਿਆ। ਜ਼ਰੂਰ ਕੋਈ ਕਾਰਨ ਹੈ ਜਿਸ ਕਰ ਕੇ ਤੁਸੀਂ ਗੁੰਮ-ਸੁੰਮ ਰਹਿੰਦੇ ਹੋ। ਮੈਂ ਤੁਹਾਡੇ ਬਾਰੇ ਸਭ ਕੁਝ ਜਾਣਨਾ ਚਾਹੁੰਦੀ ਹਾਂ। ਕੀ ਤੁਸੀਂ ਚਿੱਠੀਆਂ ਰਾਹੀਂ ਆਪਣੀ ਜੀਵਨ ਕਹਾਣੀ ਦਾ ਪਿਛੋਕੜ ਮੇਰੇ ਤਕ ਪਹੁੰਚਾਅ ਸਕੋਗੇ? ਇਸ ਪੱਤਰ ਵਿਚ ਭਾਵਨਾਵਾਂ ਦੇ ਤੂਫ਼ਾਨ ਨੇ

ਮੈਨੂੰ ਇਕ ਕਿਨਾਰੇ ਤੋਂ ਦੂਸਰੇ ਕਿਨਾਰੇ ਲਿਆ ਸੁੱਟਿਆ ਹੈ। ਜੇਕਰ ਕਿਤੇ ਕੋਈ ਗਲਤੀ ਹੋਈ ਤਾਂ ਇਹੋ ਸਮਝ ਲੈਣਾ ਕਿ ਮੈਂ ਕੋਈ ਕਲਾਕਾਰ ਨਹੀਂ ਤੇ ਇਹ ਮੇਰੀ ਕਮੀ ਹੈ।

ਤੁਹਾਡੇ ਪੱਤਰ ਦੀ ਉਡੀਕ ਵਿਚ!

ਆਪ ਜੀ ਦੀ ਸ਼ੁਭਚਿੰਤਕਾ

◆ **–ਕਵਿਤਾ**

ਡਰਾਇਣੀ ਦੋ

ਕੁਮਾਰੀ ਕਵਿਤਾ ਜੀ!

ਮਿੱਠੀ ਯਾਦ! ਤੁਹਾਡਾ ਪਹਿਲਾ ਪੱਤਰ ਮਿਲਿਆ ਹੈ ਜਿਸ ਵਿਚ ਤੁਸੀਂ ਆਪਣੀ ਯੋਗਤਾ ਦਾ ਸਬੂਤ ਦਿਤਾ ਹੈ। ਸੱਚਮੁੱਚ ਹੀ ਤੁਸੀਂ ਇਕ ਯੋਗ ਅਧਿਆਪਕਾ ਹੋ। ਤੁਹਾਡੇ ਪੱਤਰ ਵਿਚ ਭਾਵਨਾਵਾਂ ਦੀ ਗਹਿਰਾਈ ਹੈ। ਤੁਹਾਡੇ ਦਿਲ ਦੇ ਭਾਵਾਂ ਦੀ ਇਕ ਤਸਵੀਰ ਹੈ ਪਰ ਉਸ ਤਸਵੀਰ ਦਾ ਕਲਾਕਾਰ ਮੈਂ ਕਿਵੇਂ ਹਾਂ? ਮੈਂ ਸਮਝਿਆ ਨਹੀਂ।

ਕਵਿਤਾ ਜੀ! ਤੁਸੀਂ ਇਕ ਭਵਨ ਦਾ ਨਿਰਮਾਣ ਕੀਤਾ ਹੈ ਮੇਰੇ ਵਚਨ ਦੇ ਆਸਰੇ 'ਤੇ। ਖਿਆਲਾਂ ਦੇ ਮਹਿਲ ਬਣਾਉਣੇ ਕਿੰਨੇ ਸਰਲ ਹੁੰਦੇ ਹਨ? ਪਰ ਇਨ੍ਹਾਂ ਦਾ ਢਾਹ-ਢੇਰੀ ਹੋਣਾ ਬਣਾਉਣ ਨਾਲੋਂ ਕਈ ਗੁਣਾਂ ਸਰਲ ਹੁੰਦਾ ਹੈ। ਇਕ ਐਸੇ ਆਦਮੀ ਦਾ ਵਚਨ ਜਿਸ ਦੀ ਕੋਈ ਮੰਜ਼ਿਲ ਨਾ ਹੋਵੇ, ਕੋਈ ਰਸਤਾ ਨਾ ਹੋਵੇ, ਕੋਈ ਮਕਾਮ ਨਾ ਹੋਵੇ, ਉਹ ਕਿਸੇ ਦੇ ਮਹਿਲ ਬਣਾਉਣ ਦੀ ਨੀਂਹ ਨਹੀਂ ਰਖ ਸਕਦਾ। ਅੱਜ-ਕਲ੍ਹ ਦੇ ਯੁੱਗ ਵਿਚ ਵਚਨਾਂ ਦੀ ਕੋਈ ਕੀਮਤ ਨਹੀਂ ਹੈ। ਅਗਰ ਵਚਨਾਂ ਦੇ ਆਸਰੇ ਮਹਿਲ ਖੜੇ ਹੁੰਦੇ ਤਾਂ ਕੋਈ ਵੀ ਦੁੱਖ ਦੀ ਅੱਗ ਵਿਚ ਖ਼ਾਨਾ-ਬਦੋਸ਼ ਨਾ ਹੁੰਦਾ। ਕਵਿਤਾ ਜੀ! ਇਕ ਮਮੂਲੀ ਲੇਖਕ ਕਿਸੇ ਦੇ ਖਿਆਲੀ ਮਹਿਲਾਂ ਨੂੰ ਸਜਾ ਨਹੀਂ ਸਕਦਾ। ਇਕ ਲੇਖਕ ਕੋਲ ਕੁਝ ਨਹੀਂ ਹੁੰਦਾ। ਉਸ ਦਾ ਦਿਲ ਵੀ ਆਪਣਾ ਨਹੀਂ ਹੁੰਦਾ, ਉਸ ਦੇ ਦਿਲ 'ਤੇ ਉਸ ਦੀ ਕਲਮ ਦਾ ਹੱਕ ਹੁੰਦਾ ਹੈ, ਕਲਮ ਦਾ ਰਾਜ ਹੁੰਦਾ ਹੈ। ਉਸ ਕੋਲ ਵਿਚਾਰਾਂ ਦੀ ਇਕ ਪੂੰਜੀ ਹੁੰਦੀ ਹੈ ਜਿਸ ਦੀ ਕੋਈ ਕੀਮਤ ਨਹੀਂ ਹੁੰਦੀ। ਉਸ ਦਾ ਦਿਮਾਗ ਇਨਸਾਨੀ ਦਰਿੰਦਗੀ ਅਤੇ ਸਮਾਜ ਦੀਆਂ ਕੁਰੀਤੀਆਂ ਦੇ ਪੁੜਾਂ ਵਿਚ ਪੀਸਿਆ ਗਿਆ ਹੁੰਦਾ ਹੈ। ਜਿਸ ਦੀ ਆਪਣੀ ਝੌਂਪੜੀ ਹੀ ਵੀਰਾਨ ਅਤੇ ਬੀਆਬਾਨ ਹੋਵੇ ਉਹ ਮਨੁੱਖ ਕਿਸੇ ਦੇ ਮਹਿਲਾਂ ਦੀ ਕੀ ਸਜਾਵਟ ਕਰ ਸਕਦਾ ਹੈ? ਮਨੁੱਖ ਦੇ ਹਰ ਇਕ ਪਹਿਲੂ ਦਾ ਪੁਲ ਉਮੀਦ ਹੁੰਦੀ ਹੈ ਜਿਸ ਦੇ ਜੀਵਨ ਦਾ ਕੋਈ ਪਹਿਲੂ ਹੀ ਨਾ ਹੋਵੇ ਉਹ ਉਮੀਦ ਕੀ ਕਰੇਗਾ?

ਕਵਿਤਾ ਜੀ! ਤੁਸੀਂ ਆਪਣੇ ਭਾਵਨਾਵਾਂ ਦੇ ਪਾਗਲਪਨ ਦਾ ਨਾਂ ਪੁੱਛਿਆ ਹੈ।

ਆਮ ਭਾਸ਼ਾ ਵਿਚ ਤੁਸੀਂ ਵੀ ਜਾਣਦੇ ਹੋ ਕਿ ਇਸ ਨੂੰ ਪਿਆਰ ਕਹਿੰਦੇ ਹਨ ਪਰ ਇਸ ਨੂੰ ਪਾਗਲਪਨ ਹੀ ਕਿਹਾ ਜਾਏ ਤਾਂ ਠੀਕ ਹੈ। ਪਿਆਰ ਸੱਚਮੁੱਚ ਹੀ ਇਕ ਪਾਗਲਪਨ ਹੈ। ਪਿਆਰ ਕਰਨ ਵਾਲਿਆਂ ਦਾ ਦਿਲ ਅਤੇ ਦਿਮਾਗ ਦੋਨੋਂ ਹੀ ਕੰਮ ਨਹੀਂ ਕਰਦੇ। ਦੋਨਾਂ 'ਤੇ ਹੀ ਪਰਦਾ ਪੈ ਜਾਂਦਾ ਹੈ। ਪਰਦਾ ਉਸ ਵਕਤ ਹਟਦਾ ਹੈ ਜਦੋਂ ਸਭ ਕੁਝ ਸਮਾਪਤ ਹੋ ਜਾਂਦਾ ਹੈ। ਪਾਗਲਪਨ ਦੂਰ ਹੋ ਜਾਂਦਾ। ਹਰ ਕੋਈ ਜੀਵਨ ਵਿਚ ਇਕ ਵਾਰੀ ਇਸ ਪਾਗਲਪਨ ਦਾ ਸ਼ਿਕਾਰ ਹੁੰਦਾ ਹੈ। ਇਕ ਹਾਰਿਆ ਹੋਇਆ ਪ੍ਰੇਮੀ ਚਲਦੀ ਫਿਰਦੀ ਲਾਸ਼ ਰਹਿ ਜਾਂਦਾ ਹੈ। ਜੀਵਨ ਦੀ ਹਰ ਖੁਸ਼ੀ ਉਸ ਲਈ ਮੌਤ ਵਰਗਾ ਗਮ ਹੁੰਦੀ ਹੈ। ਇਹੋ ਜਿਹੀ ਹਾਲਤ ਹੋਣ ਤੋਂ ਪਹਿਲੇ ਕੀ ਇਹ ਠੀਕ ਨਹੀਂ ਕਿ ਕਦਮ ਸੋਚ ਕੇ ਰੱਖਿਆ ਜਾਏ? ਪ੍ਰੇਮੀ ਲਈ ਪ੍ਰੇਮਿਕਾ ਰੱਬ ਦਾ ਰੂਪ ਹੁੰਦੀ ਹੈ ਅਤੇ ਉਸ ਰੂਪ ਦੇ ਪਿਛੇ ਪ੍ਰੇਮਿਕਾ ਦਾ ਹਰ ਇਕ ਔਗੁਣ ਛੁਪਿਆ ਰਹਿੰਦਾ ਹੈ। ਉਸ ਰੂਪ ਦੀ ਝਲਕ ਵਿਚ ਅੰਨ੍ਹਾ ਹੋ ਜਾਣਾ ਸਿਆਣਪ ਨਹੀਂ। ਜੀਵਨ ਨੂੰ ਜੀਵਨ ਸਮਝਣਾ ਚਾਹੀਦਾ ਹੈ, ਜੂਆ ਨਹੀਂ, ਬੁਰੇ ਭਲੇ ਦੀ ਪਛਾਣ ਕਰ ਕੇ ਹੀ ਦਾਅ ਲਗਾਉਣਾ ਸਿਆਣਪ ਹੈ। ਫਿਰ ਤੁਸੀਂ ਕਦੀ ਨਹੀਂ ਹਾਰੋਗੇ। ਪ੍ਰੇਮੀ ਦੇ ਔਗੁਣਾਂ ਨੂੰ ਦਿਮਾਗ ਦੀ ਤੱਕੜੀ ਵਿਚ ਤੋਲੋ, ਦਿਲ ਦੀ ਤੱਕੜੀ ਵਿਚ ਨਹੀਂ ਕਿਉਂਕਿ ਦਿਲ ਦੀ ਤੱਕੜੀ ਵਿਚ ਗੁਣਾਂ ਦਾ ਪਲਟਾ ਭਾਰੀ ਰਹਿੰਦਾ ਹੈ, ਦਿਲ ਦੀਆਂ ਅੱਖਾਂ ਕਮੀਆਂ ਨਹੀਂ ਵੇਖ ਸਕਦੀਆਂ।

ਤੁਹਾਡਾ ਦੂਸਰਾ ਪ੍ਰਸ਼ਨ ਹੈ ਮਿੱਤਰਤਾ ਦੀ ਬੁਨਿਆਦ ਕੀ ਹੈ? ਕਵਿਤਾ ਜੀ! ਮਿੱਤਰਤਾ ਦੀ ਨੀਂਹ ਤਾਂ ਚਾਹਤ ਹੈ ਅਤੇ ਚਾਹਤ ਇਕ ਦੂਸਰੇ ਦੇ ਗੁਣਾਂ ਤੋਂ ਅਤੇ ਇਕ ਦੂਸਰੇ ਦੀਆਂ ਆਦਤਾਂ ਤੋਂ ਪੈਦਾ ਹੁੰਦੀ ਹੈ। ਉਸ ਚਾਹਤ ਦਾ ਨਾਂ ਵੀ ਪਿਆਰ ਹੈ। ਇਸ ਲਈ ਪਿਆਰ ਹੀ ਮਿੱਤਰਤਾ ਹੈ ਪਰ ਕਿਹੋ ਜਿਹਾ ਪਿਆਰ? ਪਿਆਰ ਵੀ ਤਾਂ ਕਈ ਪ੍ਰਕਾਰ ਦਾ ਹੁੰਦਾ ਹੈ। ਭੈਣ-ਭਰਾ ਦਾ ਪਿਆਰ, ਮਾਂ-ਪਿਉ ਦਾ ਪਿਆਰ, ਪਤੀ-ਪਤਨੀ ਦਾ ਪਿਆਰ, ਪ੍ਰੇਮੀ-ਪ੍ਰੇਮਿਕਾ ਦਾ ਪਿਆਰ। ਹਰ ਇਕ ਪਿਆਰ ਦਾ ਇਕ ਅਲੱਗ ਰਾਹ ਹੁੰਦਾ ਹੈ ਅਤੇ ਵੱਖਰਾ ਮਤਲਬ ਹੁੰਦਾ ਹੈ। ਪਿਆਰ ਕੋਈ ਵੀ ਹੋਵੇ ਅਗਰ ਸੱਚਾ ਹੈ ਤਾਂ ਬੇ-ਸਵਾਰਥ ਹੁੰਦਾ ਹੈ। ਛਲ ਕਪਟ ਤੋਂ ਦੂਰ ਹੁੰਦਾ ਹੈ। ਅਸਮਾਨ ਦੀ ਤਰ੍ਹਾਂ ਵਿਸ਼ਾਲ ਅਤੇ ਸਮੁੰਦਰ ਦੀ ਤਰ੍ਹਾਂ ਡੂੰਘਾ ਹੁੰਦਾ ਹੈ। ਪਿਆਰ ਦੀ ਦੁਨੀਆ ਵਿਸ਼ਵਾਸ਼ ਦੀਆਂ ਨੀਹਾਂ ਤੇ ਖੜੀ ਹੁੰਦੀ ਹੈ ਜਿਸ ਵਿਚ ਹਮਦਰਦੀ ਦੀਆਂ ਇੱਟਾਂ ਲੱਗੀਆਂ ਹੁੰਦੀਆਂ ਹਨ, ਇਕ ਦੂਸਰੇ ਦੇ ਸੁਭਾਅ ਦਾ ਗਾਰਾ ਲੱਗਾ ਹੁੰਦਾ ਹੈ ਅਤੇ ਦਿਲ ਦੀਆਂ ਆਸਾਂ ਦੇ ਚੂਨੇ ਨਾਲ ਉਸ ਦੁਨੀਆ ਨੂੰ ਸਜਾਇਆ ਹੁੰਦਾ ਹੈ। ਮਿੱਤਰਤਾ ਇਕ ਇਹੋ ਜਿਹੀ ਪੌੜੀ ਹੈ ਜਿਸ ਉਤੇ ਚੜ੍ਹਨਾ ਬਹੁਤ ਕਠਿਨ ਹੈ। ਕੋਸ਼ਿਸ਼ ਕਰਨ ਨਾਲ ਤਾਂ ਹਰ ਇਕ ਮੁਸ਼ਕਲ ਹੱਲ ਹੋ ਜਾਂਦੀ ਹੈ। ਤੁਸੀਂ ਬੜੇ ਸ਼ੌਕ ਨਾਲ ਮੇਰੇ ਮਿੱਤਰ ਬਣ ਸਕਦੇ ਹੋ ਪਰ ਮਿੱਤਰਤਾ ਦੀ ਹੱਦ ਕਿਥੇ ਤਕ ਰਹੇਗੀ? ਸਾਡੇ ਦੇਸ਼ ਵਿਚ ਲੜਕੇ ਲੜਕੀ ਦੀ ਮਿੱਤਰਤਾ ਨੂੰ ਗੰਦੀ ਸੋਚ ਨਾਲ ਸਮਝਿਆ ਜਾਂਦਾ ਹੈ। ਸਾਡੇ ਸਮਾਜ ਦੀਆਂ ਅੱਖਾਂ ਵਿਚ ਇਹ ਪਾਪ ਗਿਣਿਆ ਜਾਂਦਾ ਹੈ। ਇਹ ਮਿੱਤਰਤਾ ਸਫਲ ਨਹੀਂ ਰਹਿੰਦੀ। ਇਹ ਜਾਂ ਤਾਂ ਵਾਸ਼ਨਾ ਦੇ ਸਾਗਰ ਵਿਚ ਡੁੱਬ ਜਾਂਦੀ ਹੈ ਜਾਂ ਫਿਰ ਸਮਾਜ ਦੇ ਭਾਰੀ

ਪੈਰਾਂ ਹੇਠ ਲਤਾੜ ਦਿੱਤੀ ਜਾਂਦੀ ਹੈ।

ਚਾਹਤ ਅਤੇ ਦੋਸਤੀ ਦਾ ਆਪਸ ਵਿਚ ਬਹੁਤ ਗੂੜ੍ਹਾ ਸਬੰਧ ਹੈ। ਇਸ ਦਾ ਸਬੰਧ ਸਾਡੇ ਪਿਛਲੇ ਜਨਮਾਂ ਨਾਲ ਹੁੰਦਾ ਹੈ। ਇਕ ਇਹੋ ਜਿਹਾ ਰਿਸ਼ਤਾ ਜਿਹੜਾ ਪਿਛਲੇ ਜਨਮ ਵਿਚ ਅਧੂਰਾ ਰਹਿ ਗਿਆ ਹੋਵੇ, ਇਸ ਜਨਮ ਵਿਚ ਸਫਲਤਾ ਦੀ ਸਿਖਰ ਹਾਸਲ ਕਰਨ ਲਈ ਮੁੜ ਜਨਮ ਲੈਣਾ ਪੈਂਦਾ ਹੈ। ਪਿਛਲੇ ਜਨਮ ਤੋਂ ਅਸੀਂ ਇਕ ਦੂਸਰੇ ਨੂੰ ਜਾਣਦੇ ਹੁੰਦੇ ਹਾਂ ਅਤੇ ਉਸ ਸੂਰਤ ਨੂੰ ਇਸ ਜਨਮ ਵਿਚ ਵੇਖ ਕੇ ਪਛਾਨਣ ਦੀ ਕੋਸ਼ਿਸ਼ ਕਰਦੇ ਹਾਂ। ਸ਼ਾਇਦ ਇਹੋ ਹੀ ਕਾਰਨ ਸੀ ਕਿ ਅਸੀਂ ਪਹਿਲੀ ਵਾਰ ਇਕ ਦੂਸਰੇ ਨੂੰ ਗੌਰ ਨਾਲ ਵੇਖਿਆ ਸੀ।

ਕਵਿਤਾ ਜੀ! ਮੇਰਾ ਜੀਵਨ ਇਕ ਗੰਭੀਰ ਲੇਖਕ ਦੀ ਲਿਖੀ ਹੋਈ ਕਿਤਾਬ ਹੈ ਜਿਸ ਦੇ ਹਰ ਪੰਨੇ 'ਤੇ ਇਕ ਨਵਾਂ ਦੁੱਖ ਹੈ, ਇਕ ਨਵੀਂ ਸਮੱਸਿਆ ਹੈ। ਉਸ ਕਿਤਾਬ ਦੇ ਹਰ ਕਾਂਡ ਦਾ ਆਰੰਭ ਅਸਫ਼ਤਾ ਹੈ, ਹਰ ਪਾਤਰ ਮਾਯੂਸ ਤੇ ਮਨਹੂਸ ਲਗਦਾ ਹੈ। ਪਤਾ ਨਹੀਂ ਲਿਖਣ ਵਾਲੇ ਨੇ ਕੀ ਸੋਚ ਕੇ ਉਹ ਕਿਤਾਬ ਲਿਖੀ ਸੀ? ਕੀ ਲਿਖਣ ਵੇਲੇ ਉਹ ਬਹੁਤ ਦੁਖੀ ਸੀ? ਹੋ ਸਕਦਾ ਹੈ ਕਿ ਉਸ ਵਕਤ ਉਹ ਵੀ ਜ਼ਿੰਦਗੀ ਦੇ ਇਕ ਜ਼ਰੂਰੀ ਖੇਲ ਵਿਚੋਂ ਹਾਰਿਆ ਹੋਇਆ ਮਨੁੱਖ ਹੋਵੇ। ਆਪਣੀ ਮੰਜ਼ਿਲ ਤੋਂ ਭਟਕ ਗਿਆ ਹੋਵੇ ਅਤੇ ਉਸ ਨੇ ਭਟਕਦੀ ਮੇਰੇ ਜੀਵਨ ਦੀ ਕਿਤਾਬ ਨੂੰ ਨਿਬੰਧ ਕੀਤਾ ਹੋਏ। ਫਿਰ ਮੈਂ ਸੋਚਦਾ ਹਾਂ ਕੀ ਰੱਬ ਵੀ ਭਟਕ ਸਕਦਾ ਹੈ? ਜੀਵਨ ਦੇ ਸੰਘਰਸ਼ ਵਿਚ ਹਾਰ ਸਕਦਾ ਹੈ? ਦੁੱਖ ਦਿਆਂ ਬੱਦਲਾਂ ਦੀ ਛਾਂ ਹੇਠਾਂ ਗਮਗੀਨ ਹੋ ਸਕਦਾ ਹੈ? ਅਗਰ ਨਹੀਂ ਤਾਂ ਉਹ ਦੁੱਖ ਦੀ ਸਥਾਪਨਾ ਹੀ ਕਿਉਂ ਕਰਦਾ ਹੈ? ਉਸ ਨੂੰ ਸੰਸਾਰ ਵਿਚ ਤਾਂ ਕੇਵਲ ਖੁਸ਼ੀ ਹੀ ਵੰਡਣੀ ਚਾਹੀਦੀ ਹੈ ਕਿਉਂਕਿ ਉਹ ਤਾਂ ਖੁਸ਼ੀ ਦਾ ਸੋਮਾ ਹੈ। ਹਰ ਜੀਵ ਅਗਰ ਉਸ ਲਈ ਇਕ ਸਮਾਨ ਹੈ ਤਾਂ ਸਾਰਿਆਂ ਨੂੰ ਸੁੱਖ ਹੀ ਕਿਉਂ ਨਹੀਂ ਵੰਡਦਾ? ਉਹ ਸ੍ਰਿਸ਼ਟੀ ਦਾ ਰਚੈਤਾ ਹੈ, ਸਾਰੀਆਂ ਕਲਾ ਦਾ ਗਿਆਤਾ ਹੈ, ਸਰਬ ਸ੍ਰੇਸ਼ਟ ਕਰਤਾ ਹੈ ਤਾਂ ਫਿਰ ਵੀ ਸਭ ਦੀ ਇਕੋ ਜਿਹੀ ਰਚਨਾ ਕਿਉਂ ਨਹੀਂ ਕਰਦਾ? ਦੁੱਖ ਅਤੇ ਸੁੱਖ ਅਗਰ ਕਰਮਾਂ ਦੇ ਫਲ ਹਨ ਤਾਂ ਸਾਰਿਆਂ ਕੋਲੋਂ ਉਹ ਨੇਕ ਕਰਮ ਕਿਉਂ ਨਹੀਂ ਕਰਵਾਉਂਦਾ? ਕਵਿਤਾ ਜੀ! ਉਹ ਮਨੁੱਖ ਨੂੰ ਮਨੁੱਖ ਨਾਲ ਕਿਉਂ ਲੜਾਉਂਦਾ ਹੈ? ਕੋਈ ਪਿਤਾ ਨਹੀਂ ਚਾਹੁੰਦਾ ਕਿ ਉਸ ਦੇ ਬੇਟੇ ਆਪਸ ਵਿਚ ਲੜ ਕੇ ਮਰ ਜਾਣ ਪਰ ਇਹ ਸਭ ਕੁਝ ਪ੍ਰਮਾਤਮਾ ਕਰਵਾਉਂਦਾ ਹੈ, ਜਾਣ ਬੁੱਝ ਕੇ ਕਰਵਾਉਂਦਾ ਹੈ। ਉਸ ਵਿਚ ਵੀ ਖਾਮੀ ਹੈ। ਇਨ੍ਹਾਂ ਘਾਟਾਂ ਦੇ ਹੁੰਦੇ ਹੋਏ ਵੀ ਅਸੀਂ ਉਸ ਨੂੰ ਪ੍ਰਮਾਤਮਾ ਕਹਿੰਦੇ ਹਾਂ, ਪੂਜਦੇ ਹਾਂ ਉਸ ਤੇ ਵਿਸ਼ਵਾਸ ਕਰਦੇ ਹਾਂ, ਕਿਉਂ? ਕਿਉਂਕਿ ਅਸੀਂ ਅੰਧ-ਵਿਸ਼ਵਾਸੀ ਹਾਂ ਅਤੇ ਉਸ ਰੱਬ ਨੂੰ ਮੰਨਦੇ ਹਾਂ ਜਿਹੜਾ ਪਿਆਰ ਦਾ ਸੋਮਾ ਹੁੰਦਿਆਂ ਵੀ ਸੰਸਾਰ ਵਿਚ ਦੁੱਖ ਵੰਡਦਾ ਹੈ।

ਕਵਿਤਾ ਜੀ! ਕਈ ਪੌਦੇ ਦਰੱਖਤ ਬਣਨ ਤੋਂ ਪਹਿਲੇ ਹੀ ਸੁੱਕ ਜਾਂਦੇ ਹਨ। ਕਈ ਫੁੱਲ ਖਿੜਣ ਤੋਂ ਪਹਿਲੇ ਹੀ ਮੁਰਝਾ ਜਾਂਦੇ ਹਨ। ਮੈਂ ਵੀ ਇਕ ਰੁੱਖ ਦੀ ਨਿਮਾਣੀ ਜਿਹੀ ਟਾਹਣੀ ਸਾਂ। ਕਿਸਮਤ ਦੇ ਤੂਫ਼ਾਨ ਨੇ ਉਸ ਰੁੱਖ ਨੂੰ ਜੜੋਂ ਪੁੱਟ ਦਿੱਤਾ। ਟਾਹਣੀ

ਵਿਚਾਰੀ ਕੀ ਕਰਦੀ? ਪੰਘੂੜੇ ਦੀ ਠੰਡੀ ਗੋਦ ਨੇ ਮਮਤਾ ਦੀਆ ਲੋਰੀਆਂ ਦਿੱਤੀਆਂ। ਮਾਂ ਦੀ ਝੋਲੀ ਦੁੱਧ ਪੀਂਦਿਆਂ ਹੀ ਛੁੱਟ ਗਈ। ਇਕ ਬਨਾਵਟੀ ਦੁਨੀਆ ਦੇ ਪਿਆਰ ਦਾ ਮੈਂ ਪਾਤਰ ਬਣ ਗਿਆ। ਮਾਲੀ ਨੇ ਉਸ ਰੁੱਖ ਦੀ ਥਾਂ ਇਕ ਨਵਾਂ ਰੁੱਖ ਲਗਾਇਆ, ਉਸ ਨੂੰ ਤਾਂ ਫਲ ਚਾਹੀਦੇ ਸਨ, ਉਸ ਰੁੱਖ ਦੀ ਠੰਡੀ ਛਾਂ ਚਾਹੀਦੀ ਸੀ, ਉਸ ਨੂੰ ਟੁੱਟੀ ਹੋਈ ਟਾਹਣੀ ਦਾ ਕੀ ਫਿਕਰ ਸੀ? ਜਿਹੜੀ ਦਿਨੋਂ-ਦਿਨ ਮਮਤਾ ਦੇ ਵੈਰਾਗ ਦੀ ਧੁੱਪ ਵਿਚ ਸੁੱਕਦੀ ਜਾ ਰਹੀ ਸੀ। ਹਾਂ, ਕਵਿਤਾ ਜੀ! ਮੇਰੇ ਪਿਤਾ ਜੀ ਨੇ ਆਪਣੇ ਸੁੱਖ ਲਈ ਇਕ ਹੋਰ ਵਿਆਹ ਕਰਾ ਲਿਆ। ਆਇਆ ਦੀਆਂ ਬਾਹਾਂ ਵਿਚ ਮੈਂ ਪਲਦਾ ਰਿਹਾ। ਮਤਰੇਈ ਮਾਂ ਦੇ ਸੁਖੀ ਜੀਵਨ ਉਤੇ ਮੇਰੀ ਮਨਹੂਸ ਛਾਂ ਇਕ ਕਾਲਖ ਸੀ, ਜਿਸ ਨੂੰ ਸਦਾ ਉਨ੍ਹਾਂ ਨੇ ਮਿਟਾਉਣ ਦੀ ਕੋਸ਼ਿਸ਼ ਕੀਤੀ। ਇਹ ਮੇਰੇ ਜੀਵਨ ਦਾ ਆਰੰਭ ਹੈ। ਆਰੰਭ ਹੀ ਇਹੋ ਜਿਹਾ ਹੋਵੇ ਤਾਂ ਅੰਤ ਕਿਹੋ ਜਿਹਾ ਹੋਵੇਗਾ? ਕਵਿਤਾ ਜੀ! ਅੱਜ ਕਲਮ ਨੂੰ ਦੁਖੀ ਦਿਲ ਦੀ ਭਾਵਨਾ ਹੋਰ ਲਿਖਣ ਤੋਂ ਰੋਕ ਰਹੀ ਹੈ। ਮਾਫ ਕਰਨਾ। ਬਾਕੀ ਦੂਸਰੇ ਪੱਤਰ ਵਿਚ ਲਿਖਾਂਗਾ।

ਮੈਂ ਹਾਂ

◆

-ਸੰਗੀਤ

ਕਲਕੱਤਾ ਤਿੰਨ

ਪਿਆਰੇ ਸੰਗੀਤ ਜੀ!

ਫ਼ਲਸਫੇ ਅਤੇ ਦੁੱਖ ਦੀਆਂ ਲਹਿਰਾਂ ਵਿਚ ਢਲੇ ਹੋਏ ਸੰਗੀਤ ਦੀਆਂ ਸੁਰਾਂ ਦੀ ਅਵਾਜ਼ ਨੂੰ ਮੇਰੀਆਂ ਅੱਖਾਂ ਨੇ ਤੁਹਾਡੇ ਸੁਹਣੇ ਅਤੇ ਸੁਚੱਜੇ ਪੱਤਰ ਵਿਚ ਵੇਖਿਆ, ਜ਼ਬਾਨ ਨੇ ਪੜ੍ਹਿਆ ਅਤੇ ਦਿਲ ਨੇ ਅਨੁਭਵ ਕੀਤਾ। ਕਲਾ ਦੀ ਸਿਖਰ ਦਾ ਨਮੂਨਾ ਹੈ ਆਪ ਦਾ ਇਹ ਪੱਤਰ। ਮੈਂ ਹੈਰਾਨ ਹਾਂ ਇੰਨੇ ਵੱਡੇ ਕਲਾਕਾਰ ਹੁੰਦੇ ਹੋਏ ਵੀ ਤੁਹਾਨੂੰ ਬਹੁਤ ਥੋੜੇ ਲੋਕ ਜਾਣਦੇ ਹਨ, ਕੀ ਕਾਰਨ ਹੈ?

ਸੰਗੀਤ ਜੀ! ਤੁਹਾਡੇ ਜੀਵਨ ਦਾ ਆਰੰਭ ਬਹੁਤ ਦੁਖੀ ਹੈ। ਮਾਂ ਦੀ ਮਮਤਾ ਅਤੇ ਪਿਆਰ ਦੀ ਠੰਡੀ ਛਾਂ ਤੁਹਾਡੇ ਸਿਰ ਤੋਂ ਬਚਪਨ ਵਿਚ ਹੀ ਉਠ ਗਈ ਅਤੇ ਉਸ ਦੇ ਬਦਲੇ ਤੁਹਾਨੂੰ ਮਤਰੇਈ ਮਾਂ ਦੀ ਈਰਖਾ ਦੀ ਕੜਕਦੀ ਧੁੱਪ ਨੂੰ ਸਹਾਰਨਾ ਪਿਆ। ਮੇਰੀ ਵੀ ਮਾਂ ਨਹੀਂ ਪਰ ਮਤਰੇਈ ਮਾਂ ਇਕ ਦੇਵੀ ਹੈ, ਮਮਤਾ ਦੀ ਭਰੀ ਹੋਈ ਹੈ, ਪਿਆਰ ਦਾ ਖਜ਼ਾਨਾ ਹੈ, ਕਦੀ ਮਿਲੋਗੇ ਤਾਂ ਹੈਰਾਨ ਹੋ ਜਾਵੋਗੇ।

ਤੁਹਾਡੇ ਪੱਤਰ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਜੀਵਨ ਦੀ ਹਰ ਖੁਸ਼ੀ ਨੂੰ ਤੁਸੀਂ ਗਵਾ ਬੈਠੇ ਹੋ। ਇੰਨੇ ਸਮਝਦਾਰ ਹੋ ਕੇ ਵੀ ਤੁਸੀਂ ਜੀਵਨ ਦੀ ਕਿਸ਼ਤੀ ਨੂੰ ਭੰਵਰਾਂ ਦੇ ਹਵਾਲੇ ਕਰ ਬੈਠੇ ਹੋ। ਤੁਸੀਂ ਇਹੋ ਹੀ ਸੋਚਦੇ ਹੋ ਕਿ ਤੁਹਾਨੂੰ ਖੁਸ਼ੀ ਨਹੀਂ ਮਿਲ ਸਕਦੀ। ਸੰਗੀਤ ਜੀ! ਖੁਸ਼ੀ ਮਨ ਵਿਚ ਹੈ ਬਾਹਰੋਂ ਨਹੀਂ ਪ੍ਰਾਪਤ ਹੁੰਦੀ। ਤੁਸੀਂ

ਕੋਸ਼ਿਸ਼ ਨਹੀਂ ਕੀਤੀ ਇਸ ਨੂੰ ਪਾਣ ਦੀ। ਅਸਫਲਤਾ ਦੇ ਵਹਿਮ ਨੇ ਤੁਹਾਡੀ ਆਤਮ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ ਹੈ। ਆਤਮਾ ਕਦੋਂ ਨਿਰਬਲ ਹੋ ਜਾਂਦੀ ਹੈ? ਜਦੋਂ ਉਸ ਦੀ ਪਿਆਸ ਨਹੀਂ ਬੁਝਦੀ ਤੇ ਆਤਮਾ ਦੀ ਪਿਆਸ ਪਿਆਰ ਹੈ। ਤੁਹਾਨੂੰ ਜੀਵਨ ਵਿਚ ਪਿਆਰ ਨਹੀਂ ਮਿਲਿਆ, ਇਸ ਲਈ ਤੁਸੀਂ ਹਰ ਖੁਸ਼ੀ ਨੂੰ ਗ਼ਮ ਸਮਝਦੇ ਹੋ ਅਤੇ ਪ੍ਰਕਾਸ਼ ਨੂੰ ਛੱਡ ਕੇ ਜੀਵਨ ਦੇ ਹਨੇਰੇ ਵੱਲ ਭੱਜਦੇ ਹੋ। ਸੰਗੀਤ ਜੀ! ਪਿਆਰ ਪ੍ਰਮਾਤਮਾ ਵੱਲੋਂ ਇਕ ਇਹੋ ਜਿਹੀ ਦਾਤ ਮਨੁਖਤਾ ਨੂੰ ਮਿਲੀ ਹੈ ਜਿਸ ਬਿਨਾਂ ਹਰ ਇਕ ਦਾ ਜੀਵਨ ਅਧੂਰਾ ਰਹਿ ਜਾਂਦਾ ਹੈ। ਸੰਗੀਤ ਜੀ! ਪਿਆਰ ਕਰੋ। ਕਿਸੇ ਦੇ ਨਖਰਿਆਂ ਨੂੰ ਉਮੀਦਾਂ ਦੇ ਗਹਿਣੇ ਪਾਉ। ਇਸ ਹਾਰੇ ਹੋਏ ਜੀਵਨ ਵਿਚੋਂ ਤੁਹਾਨੂੰ ਜਿੱਤ ਦੀ ਕਿਰਨ ਨਜ਼ਰ ਆਏਗੀ।

ਸੰਗੀਤ ਜੀ! ਸ਼ਾਇਦ ਤੁਸੀਂ ਨਹੀਂ ਜਾਣਦੇ ਕਿ ਕਿੰਨੇ ਹੀ ਲੋਕ ਤੁਹਾਨੂੰ ਚਾਹੁੰਦੇ ਹੋਣਗੇ? ਕਿੰਨਿਆਂ ਦੇ ਮਨ-ਮੰਦਰ ਦੇ ਤੁਸੀਂ ਦੇਵਤਾ ਹੋਵੋਗੇ? ਕਦੀ ਕਿਸੇ ਦੇ ਦਿਲ ਦੀ ਧੜਕਣ ਨੂੰ ਸੁਣਿਆ ਜੇ? ਨਹੀਂ? ਕਿਉਂ ਨਹੀਂ? ਕਿਉਂਕਿ ਪਿਆਰ ਨੂੰ ਤੁਸੀਂ ਇਕ ਪਾਪ ਸਮਝਦੇ ਹੋ।

ਸੰਗੀਤ ਜੀ! ਪਿਆਰ ਪਾਪ ਨਹੀਂ, ਇਕ ਪਵਿੱਤਰ ਭਾਵਨਾ ਹੈ ਅਤੇ ਉਸ ਭਾਵਨਾ ਦੀ ਸ਼ਿਕਾਰ ਮੈਂ ਵੀ ਹੋ ਗਈ ਹਾਂ। ਜਿਸ ਦਿਨ ਮੈਂ ਤੁਹਾਨੂੰ ਵੇਖਿਆ ਸੀ ਉਸ ਦਿਨ ਹੀ ਇਸ ਸ਼ਬਨਮ ਦਾ ਮੋਤੀ ਮੇਰੇ ਮਨ ਦੀ ਕੋਮਲਤਾ 'ਤੇ ਪਿਆ ਸੀ। ਇਕ ਚਾਹਤ ਨੇ ਜਨਮ ਲਿਆ ਸੀ ਅਤੇ ਉਸ ਚਾਹਤ ਨੂੰ ਤੁਸੀਂ ਵੀ ਪਿਆਰ ਕਹਿੰਦੇ ਹੋ। ਮੈਂ ਤੁਹਾਡੇ ਨਾਲ ਪਿਆਰ ਕਰਦੀ ਹਾਂ ਜੇ ਕਰ ਇਸ ਨਾਤੇ ਮੈਂ ਕਲਪਨਾ ਦੇ ਮਹਿਲਾਂ ਦਾ ਨਿਰਮਾਣ ਕੀਤਾ ਹੈ ਇਹ ਸੋਚ ਕੇ ਤੁਸੀਂ ਇਨ੍ਹਾਂ ਨੂੰ ਸਜਾਵੋਗੇ ਤਾਂ ਕੋਈ ਪਾਪ ਨਹੀਂ ਕੀਤਾ। ਹੁਣ ਮੰਜ਼ਿਲ ਤਕ ਤੁਸੀਂ ਪਹੁੰਚਣਾ ਹੈ। ਰਸਤਾ ਮੈਂ ਤਿਆਰ ਕਰ ਦਿੱਤਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਹਾਡੇ ਯੋਗ ਨਹੀਂ ਹਾਂ। ਮੈਂ ਇਕ ਮਮੂਲੀ ਜਿਹੀ ਅਧਿਆਪਕਾ ਹਾਂ ਪਰ ਸੰਗੀਤ ਜੀ! ਜਿਸ ਤਰ੍ਹਾਂ ਤੁਸੀਂ ਲਿਖਿਆ ਹੈ ਕਿ ਪਿਛਲੇ ਜਨਮ ਦੇ ਅਧੂਰੇ ਰਿਸ਼ਤੇ ਇਸ ਜਨਮ ਵਿਚ ਸਫਲਤਾ ਦੀ ਸਿਖਰ ਨੂੰ ਛੂਹਣਾ ਚਾਹੁੰਦੇ ਹਨ। ਸ਼ਾਇਦ ਇਹ ਸਾਡਾ ਰਿਸ਼ਤਾ ਵੀ ਪਿਛਲੇ ਜਨਮ ਦੇ ਅਧੂਰੇ ਰਿਸ਼ਤਿਆਂ ਵਿਚੋਂ ਇਕ ਹੋਵੇ। ਸੰਗੀਤ ਜੀ! ਪਛਾਣਨ ਦੀ ਕੋਸ਼ਿਸ਼ ਕਰੋ। ਪਿਛਲੇ ਜਨਮ ਦਾ ਸਬੰਧ ਤੁਹਾਨੂੰ ਮੰਜ਼ਿਲ ਤਕ ਪਹੁੰਚਾ ਦੇਵੇਗਾ ਤੇ ਇਕ ਮਮੂਲੀ ਜਿਹੀ ਅਧਿਆਪਕਾ ਦੇ ਮਹਿਲ ਜਗਮਗਾ ਉਠਣਗੇ। ਇਸ ਪੱਤਰ ਵਿਚ ਜੋ ਕੁਝ ਮੈ ਲਿਖ ਰਹੀ ਹਾਂ, ਮੇਰਾ ਮਨ ਕਹਿੰਦਾ ਹੈ ਕਿ ਇਹ ਕਦਮ ਗਲਤ ਨਹੀਂ ਹੈ। ਸੰਗੀਤ ਜੀ! ਆਤਮਾ ਨੂੰ ਬਹੁਤ ਦੇਰ ਤੋਂ ਤੁਹਾਡੀ ਤਲਾਸ਼ ਸੀ। ਇਸੇ ਲਈ ਤਾਂ ਮੈਂ ਕੋਈ ਸਾਥੀ ਨਹੀਂ ਚੁਣ ਸਕੀ। ਜੀਵਨ ਦੇ ਇਸ ਮੋੜ 'ਤੇ ਤੁਹਾਨੂੰ ਮਿਲਣਾ ਸੀ ਇਸ ਮਿਲਨ ਨੂੰ ਮੈਂ ਸੰਜੋਗ ਕਹਿੰਦੀ ਹਾਂ। ਮੇਰੀ ਰੂਹ ਦੇ ਇਨ੍ਹਾਂ ਵਿਚਾਰਾਂ ਨੂੰ ਠੁਕਰਾਉਣ ਤੋਂ ਪਹਿਲੇ ਸੰਗੀਤ ਜੀ! ਇਹ ਸੋਚ ਲੈਣਾ ਕਿ ਕੋਮਲਤਾ ਅਤੇ ਪਵਿੱਤ੍ਰਤਾ ਨੂੰ ਤਰਾਸ਼ਣ ਵਾਲਾ ਇਕ ਕਲਾਕਾਰ ਹੁੰਦਾ

ਹੈ ਅਤੇ ਕਲਾਕਾਰ ਕਦੀ ਪੱਥਰ ਦਿਲ ਨਹੀਂ ਹੋ ਸਕਦਾ। ਕਲਾਕਾਰ ਦਾ ਦਿਲ ਮੋਮ ਹੁੰਦਾ ਹੈ ਜਿਹੜਾ ਵੇਦਨਾ ਦੀ ਗਰਮੀ ਨਾਲ ਪੰਘਰ ਜਾਂਦਾ ਹੈ।

ਸੰਗੀਤ ਜੀ! ਫੁੱਲ ਖਿੜਣ ਤੋਂ ਪਹਿਲੇ ਹੀ ਉਸ ਨੂੰ ਡੋਡੀ ਤੋਂ ਨਾ ਤੋੜ ਦੇਣਾ। ਉਸ ਦੀ ਇਕ ਆਸ ਅਧੂਰੀ ਰਹਿ ਜਾਏਗੀ। ਸਮਾਜ ਦੇ ਝੱਖੜ ਉਸ ਨੂੰ ਮਿੱਟੀ ਅਤੇ ਘੱਟੇ ਵਿਚ ਰੋਲ ਦੇਣਗੇ। ਜ਼ਮਾਨੇ ਦੀ ਕਠੋਰਤਾ ਉਸ ਦੀ ਕੋਮਲਤਾ ਨੂੰ ਲੁੱਟ ਲਵੇਗੀ। ਉਸ ਦੀ ਪਵਿਤ੍ਰਤਾ ਨੂੰ ਸਵਾਰਥੀ ਵਹਿਸ਼ੀ ਨਸ਼ਟ ਕਰ ਦੇਣਗੇ ਅਤੇ ਅੰਤ ਵਿਚ ਉਹ ਫੁੱਲ ਬਰਬਾਦੀ ਦੇ ਖੰਡਰਾਂ ਵਿਚ ਡਿੱਗ ਕੇ ਆਪਣੀ ਸੁੰਦਰਤਾ ਬਰਬਾਦ ਕਰ ਬੈਠੇਗਾ। ਇਸ ਪੱਤਰ ਦੇ ਉੱਤਰ ਵਿਚ ਕਿਸੇ ਅਧਖਿੜੇ ਫੁੱਲ ਦੀ ਤਕਦੀਰ ਲੁਕੀ ਹੋਵੇਗੀ।

ਆਪ ਜੀ ਦੀ

◆

–ਕਵਿਤਾ

ਡਗਮ਼ਣੀ ਚਾਰ

ਕਵਿਤਾ ਜੀ!

ਤੁਹਾਡਾ ਪੱਤਰ 12 ਜੂਨ ਨੂੰ ਮਿਲ ਗਿਆ ਸੀ। ਉਤਰ ਦੇਣ ਵਿਚ ਦੇਰ ਜ਼ਰੂਰ ਹੋਈ ਹੈ। ਕਾਰਨ ਤੁਹਾਡੇ ਪੱਤਰ ਦੀ ਪੇਚੀਦਗੀ ਜਿਸ ਬਾਰੇ ਮੈਂ ਬਹੁਤ ਦਿਨਾਂ ਤਕ ਸੋਚਦਾ ਰਿਹਾ ਹਾਂ। ਕੀ ਉਤਰ ਦਿਆਂ? ਇਕ ਸਮੱਸਿਆ ਸੀ। ਇਕ ਅਧਖਿੜੇ ਫੁੱਲ ਦੀ ਤਕਦੀਰ ਦਾ ਫੈਸਲਾ ਕਰਨਾ ਬਹੁਤ ਕਠਿਨ ਹੈ। ਜੇਕਰ ਇਹ ਫੁੱਲ ਮਿੱਠੇ ਫਲ ਵਾਲੇ ਰੁੱਖ ਦੀ ਟਾਹਣੀ ਦਾ ਹੈ ਤਾਂ ਇਸ ਦੀ ਹਿਫਾਜ਼ਤ ਅਤੇ ਰਖਵਾਲੀ ਕਰਨੀ ਮਨੁੱਖਤਾ ਦਾ ਫਰਜ਼ ਹੈ। ਇਸ ਦਾ ਖਿੜਨਾ ਹੀ ਇਸ ਦੇ ਗੁਣਾਂ ਦਾ ਪ੍ਰਤੀਕ ਹੈ। ਕਵਿਤਾ ਜੀ ਫੈਸਲਾ ਗਲਤ ਕਰ ਦਿਤਾ ਤਾਂ ਵੀ ਉਸ ਫੁੱਲ ਦੀ ਬਰਬਾਦੀ ਦਾ ਡਰ ਹੈ। ਜਿਸ ਦੇ ਖਿੜਨ ਦੀ ਇਛਾ ਉਸ ਦੇ ਮਨ ਵਿਚ ਅੰਗੜਾਈ ਲੈ ਰਹੀ ਹੈ। ਜੇਕਰ ਫੈਸਲਾ ਉਸ ਦੇ ਹੱਕ ਵਿਚ ਹੋ ਗਿਆ ਤਾਂ ਵੀ ਡਰ ਲਗਦਾ ਹੈ ਕਿ ਉਹ ਫੁੱਲ ਕਿਤੇ ਖਿੜ ਕੇ ਮੁਰਝਾ ਨਾ ਜਾਏ।

ਤੁਸੀਂ ਦ੍ਰਿੜ੍ਹ ਵਿਸ਼ਵਾਸ ਨਾਲ ਫੈਸਲਾ ਕਰ ਕੇ ਆਪਣੇ ਪਿਆਰ ਦਾ ਵਰਨਣ ਕੀਤਾ ਹੈ। ਪਿਆਰ ਨੂੰ ਸੰਸਾਰ ਦੀ ਸਭ ਤੋਂ ਉਚੀ ਪਦਵੀ ਦਿਤੀ ਹੈ। ਮੈਨੂੰ ਇਕ ਨਵਾਂ ਜੀਵਨ ਆਰੰਭ ਕਰਨ ਦੀ ਪ੍ਰੇਰਨਾ ਦਿਤੀ ਹੈ। ਆਪਣੇ ਜੀਵਨ ਨੂੰ ਪਿਆਰ ਦੇ ਹੱਥੋਂ ਮਜਬੂਰ ਹੋ ਕੇ ਇਕ ਇਹੋ ਜਿਹੇ ਮਨੁੱਖ ਦੇ ਕਦਮਾਂ 'ਤੇ ਰੱਖ ਦਿੱਤਾ ਹੈ ਜਿਸ ਦੀ ਮੰਜ਼ਿਲ ਕਈ ਕੋਹ ਪਿੱਛੇ ਰਹਿ ਗਈ ਹੈ। ਉਪਰੋਂ ਸ਼ਾਮ ਢਲਣ ਵਾਲੀ ਹੈ। ਉਹ ਵਾਪਸ ਪਰਤ ਨਹੀਂ ਸਕਦਾ। ਉਸ ਨੂੰ ਹਨੇਰੇ ਵੱਲ ਹੀ ਵਧਣ ਦਿੱਤਾ ਜਾਏ ਤਾਂ ਠੀਕ ਹੈ। ਰਾਤ ਤਾਂ ਪੈਣੀ ਹੀ ਹੈ। ਉਹ ਹੁਣ ਮੰਜ਼ਿਲ ਨੂੰ ਹਾਸਲ ਕਰ ਕੇ ਕਰੇਗਾ ਵੀ ਕੀ?

ਕਵਿਤਾ ਜੀ! ਮੈਂ ਇਨਕਾਰ ਕਰ ਕੇ ਤੁਹਾਡਾ ਦਿਲ ਤੋੜਨਾ ਨਹੀਂ ਚਾਹੁੰਦਾ।

ਪਰ ਮੈਂ ਹਰ ਇਕ ਚੀਜ਼ ਤੁਹਾਡੇ 'ਤੇ ਸੁੱਟਦਾ ਹਾਂ। ਮੇਰੇ ਜੀਵਨ ਨੂੰ ਪੂਰੀ ਤਰਾਂ ਸਮਝ ਲਵੋ ਉਸ ਤੋਂ ਬਾਅਦ ਜੋ ਕੁਝ ਵੀ ਕਹੋਗੇ, ਮੈਂ ਉਸ ਨਾਲ ਸਹਿਮਤ ਹੋਵਾਂਗਾ। ਆਪਣੇ ਜੀਵਨ ਦਾ ਇੰਨਾ ਵੱਡਾ ਫੈਸਲਾ ਕੁਝ ਮਿੰਟਾਂ ਦੀ ਮੁਲਾਕਾਤ 'ਤੇ ਨਾ ਸੁੱਟੋ। ਚਿਹਰੇ ਦੀ ਸੁੰਦਰਤਾ, ਜੀਭ ਦੀ ਮਿਠਾਸ ਅਤੇ ਗੁਣਾਂ ਦੀ ਪ੍ਰਦਰਸ਼ਨੀ ਕਿਸੇ ਮਨੁੱਖ ਦਾ ਚਰਿੱਤਰ ਨਹੀਂ ਹੁੰਦਾ।

ਅੱਖਾਂ ਦੀ ਭਾਸ਼ਾ ਅਤੇ ਦਿਲ ਦੀ ਨਜ਼ਰ ਅਕਸਰ ਧੋਖਾ ਖਾ ਜਾਂਦੀ ਹੈ। ਦੋਨਾਂ ਵਿਚ ਸ਼ੋਖੀ ਸ਼ਰਾਰਤ ਹੁੰਦੀ ਹੈ ਤੇ ਇਹ ਸ਼ਰਾਰਤ ਸ਼ੈਤਾਨ ਦਾ ਗੁਣ ਹੈ। ਪਿਆਰ ਦੇ ਬੰਧਨ ਵਿਚ ਬੱਝਣਾ ਜਾਂ ਵਿਆਹ ਦੇ ਹਾਰ ਵਿਚ ਪਰੋਏ ਜਾਣਾ, ਗੁੱਡੇ ਗੁੱਡੀਆਂ ਦਾ ਖੇਲ ਨਹੀਂ ਹੁੰਦਾ। ਹਰ ਇਕ ਪਹਿਲੂ ਨੂੰ ਸੋਚ ਅਤੇ ਸਮਝ ਦੇ ਤਰਾਜ਼ੂ ਵਿਚ ਤੋਲਣਾ ਪੈਂਦਾ ਹੈ। ਮੇਰੇ ਬਾਰੇ ਤੁਸੀਂ ਇਹੋ ਹੀ ਜਾਣਦੇ ਹੋ ਕਿ ਮੈਂ ਇਕ ਅਸਫਲ ਲੇਖਕ ਹਾਂ ਜਿਸ ਨੂੰ ਬਹੁਤ ਥੋੜੇ ਲੋਕ ਜਾਣਦੇ ਹਨ। ਮੇਰੀ ਕਲਮ ਵਿਚ ਸਮਾਜੀ ਤਰੁੱਟੀਆਂ ਤੋਂ ਪਰਦਾ ਹਟਾਉਣ ਦੀ ਤਾਕਤ ਹੈ ਜਿਸ ਨੂੰ ਸਮਾਜ ਦੇ ਠੇਕੇਦਾਰ ਪਸੰਦ ਨਹੀਂ ਕਰਦੇ। ਇਕ ਨਵੇਂ ਕਲਾਕਾਰ ਨੂੰ ਪੁਰਾਣੇ ਸਿਰ ਨਹੀਂ ਕੱਢਣ ਦੇਂਦੇ। ਮੈਂ ਆਪਣੇ ਨਾਵਲਾਂ ਵਿਚ ਦਿਲ ਭਰ ਦਿੰਦਾ ਹਾਂ ਉਸ ਨੂੰ ਪ੍ਰਕਾਸ਼ਕ ਛਾਪਦੇ ਨਹੀਂ ਕਿਉਂਕਿ ਮੇਰੇ ਕੋਲ ਛਪਾਉਣ ਲਈ ਪੈਸਾ ਨਹੀਂ। ਮੈਂ ਪ੍ਰਸਿੱਧ ਨਹੀਂ ਹਾਂ। ਮੇਰੇ ਲੇਖ ਦੁਖੀ ਹੁੰਦੇ ਹਨ ਜਿਸ ਨੂੰ ਜਨਤਾ ਨਹੀਂ ਚਾਹੁੰਦੀ ਤੇ ਇਹੋ ਹੀ ਕਾਰਨ ਹੈ ਕਿ ਮੇਰੀ ਅਸਫਲਤਾ ਦਾ। ਮੇਰੇ ਬਾਰੇ ਇੰਨਾ ਹੀ ਜਾਣ ਕੇ ਮੈਨੂੰ ਪਿਆਰ ਦਾ ਨਿਮੰਤ੍ਰਣ ਦੇਣਾ ਤੁਹਾਡੀ ਭੁੱਲ ਹੈ।

ਕਵਿਤਾ ਜੀ! ਮੈਂ ਦਿਲ ਦੀ ਖੇਡ ਖੇਡ ਚੁੱਕਾ ਹਾਂ। ਇਹੋ ਕਾਰਨ ਹੈ ਕਿ ਮੈਨੂੰ ਪਿਆਰ ਦੇ ਨਾਂ ਤੋਂ ਨਫਰਤ ਹੋ ਗਈ ਹੈ। ਤੁਹਾਡੇ ਲਈ ਇਹ ਸਭ ਕੁਝ ਜਾਣਨਾ ਜ਼ਰੂਰੀ ਹੈ ਕਿਉਂਕਿ ਤੁਸੀਂ ਸੰਜੋਗ ਨੂੰ ਵਿਚ ਰੱਖ ਕੇ ਮੇਰੇ ਜੀਵਨ ਦੀ ਕਿਤਾਬ ਦੇ ਪਾਤਰ ਬਣਨਾ ਚਾਹੁੰਦੇ ਹੋ। ਮੇਰਾ ਬਚਪਨ ਜਵਾਲਾਮੁਖੀ ਦੇ ਲਾਵੇ ਵਾਂਗ ਗੁਜ਼ਰਿਆ ਹੈ। ਦਿਲ ਵਿਚ ਸੱਧਰਾਂ ਨੂੰ ਕੈਦ ਕਰ ਕੇ ਮੈਂ ਜਵਾਨੀ ਵੱਲ ਵਧਿਆ। ਬਚਪਨ ਦੇ ਖੇਡ ਅਤੇ ਕਲੋਲ ਮੈਨੂੰ ਨਸੀਬ ਨਹੀਂ ਹੋਏ। ਤੋਤਲੀਆਂ ਗੱਲਾਂ ਕਰ ਕੇ ਮੈਂ ਕਦੀ ਜ਼ਿਦ ਨਹੀਂ ਕੀਤੀ; ਕਰਦਾ ਵੀ ਕਿਸ ਨਾਲ? ਛੋਟੀਆਂ ਬਾਲ ਬਾਹਾਂ ਮਾਂ ਦੇ ਗਲੇ ਵਿਚ ਪਾ ਕੇ ਉਸ ਨੂੰ ਚੁੰਮਣ ਦਾ ਕੋਈ ਮੌਕਾ ਨਹੀਂ ਮਿਲਿਆ। ਹੋਰ ਬੱਚਿਆਂ ਨੂੰ ਜਦੋਂ ਮੈਂ ਖੁਸ਼ੀ ਦੇ ਰੰਗ ਵਿਚ ਰੰਗਿਆ ਵੇਖਦਾ ਤਾਂ ਮੇਰੇ ਮਨ ਅੰਦਰ ਇਕ ਕਸਕ ਉਠਦੀ। ਮੇਰੀਆਂ ਅੱਖਾਂ ਗਿੱਲੀਆਂ ਹੋ ਜਾਂਦੀਆਂ, ਦਿਲ ਢਾਹਾਂ ਮਾਰਦਾ ਪਰ ਮੈਂ ਸਭ ਕੁਝ ਦਿਲ ਦੀ ਚਾਰ ਦੀਵਾਰੀ ਵਿਚ ਕੈਦ ਕਰ ਕੇ ਰਖਦਾ ਰਿਹਾ। ਭਾਵਨਾਵਾਂ ਵੀ ਕੀ ਸੋਚਦੀਆਂ ਹੋਣਗੀਆਂ ਕਿ ਕਿੰਨਾ ਸਖ਼ਤ ਜੇਲ੍ਹਰ ਹੈ। ਜਦੋਂ ਜਵਾਨ ਹੋਇਆ ਤਾਂ ਸੱਧਰਾਂ ਨੇ ਬਗਾਵਤ ਕਰਨ ਦਾ ਯਤਨ ਕੀਤਾ। ਜਿਹੜੀਆਂ ਇਛਾਵਾਂ ਘੁੱਟ ਕੇ ਸਾਹ ਲੈਂਦੀਆਂ ਸਨ ਆਜ਼ਾਦ ਹੋਣ ਲਈ ਤੜਪ ਉੱਠੀਆਂ। ਇਸ ਅੰਦੋਲਨ ਨੇ ਮੈਨੂੰ ਆਪੇ ਤੋਂ ਬਾਹਰ ਕਰ ਦਿੱਤਾ। ਮੈਂ ਜਵਾਲਾਮੁਖੀ ਦੀ ਤਰ੍ਹਾਂ ਫੱਟ ਗਿਆ। ਲਾਵਾ ਉਬਲ ਕੇ ਵਹਿ ਤੁਰਿਆ। ਮੈਂ ਆਪਣੇ ਪਿਤਾ ਜੀ ਅੱਗੇ ਇਕ ਚਟਾਨ ਦੀ ਤਰ੍ਹਾਂ ਖੜਾ ਹੋ ਗਿਆ।

ਮੇਰੀ ਮਾਂ ਦੀਆਂ ਅੱਖਾਂ ਖੁੱਲ੍ਹ ਗਈਆਂ, ਕੰਨ ਖੜੇ ਹੋ ਗਏ ਇਹ ਵੇਖ ਕੇ ਕਿ ਚੰਦਨ ਵਿਚੋਂ ਵੀ ਅੱਗ ਨਿਕਲ ਸਕਦੀ ਹੈ। ਮੈਂ ਘਰ ਵਿਚੋਂ ਨਹੀਂ ਨਿਕਲਿਆ। ਆਪਣੇ ਹੱਕ ਦੀ ਮੰਗ ਕੀਤੀ। ਉਸ ਸਮੇਂ ਮੈਂ ਬੀ.ਏ. ਪਾਸ ਕਰ ਲਈ ਸੀ।

ਮੇਰੇ ਪਿਤਾ ਜੀ ਇਸ ਤੂਫ਼ਾਨ ਦਾ ਝੋਕਾ ਨਾ ਸਹਿ ਸਕੇ ਤੇ ਕੁਝ ਹੀ ਦਿਨਾਂ ਪਿਛੋਂ ਉਸ ਦੇਸ਼ ਚਲੇ ਗਏ ਜਿਤੋਂ ਕਦੇ ਕੋਈ ਮੁੜ ਕੇ ਵਾਪਸ ਨਹੀਂ ਆਉਂਦਾ। ਮਾਲੀ ਹੀ ਚਲਾ ਗਿਆ ਤਾਂ ਰੁੱਖ ਦੀ ਦੇਖ-ਭਾਲ ਕੌਣ ਕਰਦਾ? ਮੈਂ ਘਰ ਵਿਚ ਸਭ ਤੋਂ ਵੱਡਾ ਸਾਂ। ਵੈਸੇ ਮੇਰੀ ਦੂਸਰੀ ਮਾਂ ਵਿਚੋਂ ਦੋ ਭਰਾ ਅਤੇ ਇਕ ਭੈਣ ਸੀ। ਮੈਂ ਸਭ ਕੁਝ ਭੁਲਾ ਕੇ ਉਹਨਾਂ ਦੀਆਂ ਜ਼ਿੰਮੇਵਾਰੀਆਂ ਦਾ ਭਾਰ ਆਪਣੇ ਮੋਢਿਆਂ 'ਤੇ ਚੁੱਕਣਾ ਚਾਹੁੰਦਾ ਸਾਂ ਪਰ ਮੇਰੀ ਮਾਂ ਨੂੰ ਇਹ ਵੀ ਚੰਗਾ ਨਾ ਲੱਗਿਆ। ਮੈਂ ਉਹਨਾਂ ਦੀਆਂ ਨਜ਼ਰਾਂ ਵਿਚ ਨਿਕੰਮਾ ਅਤੇ ਅਵਾਰਾ ਸਾਂ। ਮੈਂ ਆਪਣੀ ਯੋਗਤਾ ਉਨ੍ਹਾਂ ਨੂੰ ਦੱਸ ਨਾ ਸਕਿਆ। ਕੱਚ ਦੇ ਭਾਂਡੇ ਜੇਕਰ ਆਪਸ ਵਿਚ ਜ਼ੋਰ ਨਾਲ ਟਕਰਾਉਂਦੇ ਰਹਿਣ ਤਾਂ ਕਿਸੇ ਇਕ ਦਾ ਟੁੱਟ ਜਾਣਾ ਜ਼ਰੂਰੀ ਹੈ। ਇਸੇ ਤਰ੍ਹਾਂ ਮੇਰੀ ਮਾਂ ਮੇਰੇ ਨਾਲ ਟਕਰਾਉਂਦੀ ਰਹੀ। ਮੇਰਾ ਉਸ ਘਰ ਵਿਚ ਰਹਿਣਾ ਉਸ ਦੇ ਦੁੱਖ ਦਾ ਕਾਰਨ ਸੀ। ਮੈਂ ਆਪਣੇ ਪਿਤਾ ਜੀ ਦੇ ਗੁੱਸੇ ਦਾ ਮੁਕਾਬਲਾ ਕਰ ਲਿਆ ਸੀ ਪਰ ਮਾਂ ਦੀ ਨਫਰਤ ਅੱਗੇ ਮੈਨੂੰ ਹਥਿਆਰ ਸੁੱਟਣੇ ਪਏ। ਮੈਂ ਘਰ ਛੱਡ ਦਿੱਤਾ। ਉਸ ਘਰ ਵਿਚ ਮੇਰਾ ਰਹਿ ਵੀ ਕੀ ਗਿਆ ਸੀ? ਪਿਤਾ ਜੀ ਸਨ, ਭਾਵੇਂ ਉਹ ਮੈਨੂੰ ਦੂਰ ਹੀ ਰਖਦੇ ਸਨ ਪਰ ਖੂਨ ਦੀ ਕਸ਼ਿਸ਼ ਤਾਂ ਸੀ ਪਰ ਹੁਣ ਤਾਂ ਉਹ ਵੀ ਨਹੀਂ ਰਹੇ ਸਨ। ਮੇਰੇ ਘਰੋਂ ਜਾਣ ਸਮੇਂ ਅਗਰ ਕਿਸੇ ਨੂੰ ਦੁੱਖ ਹੋਇਆ ਤਾਂ ਉਹ ਸੀ ਗਾਇਤਰੀ ਮੇਰੀ ਛੋਟੀ ਭੈਣ ਜਿਸ ਦੀਆਂ ਰਗਾਂ ਵਿਚ ਖੂਨ ਗਾੜ੍ਹਾ ਸੀ। ਉਹ ਆਪਣੇ ਸਕੇ ਭਰਾਵਾਂ ਨਾਲੋਂ ਵੀ ਮੈਨੂੰ ਜ਼ਿਆਦਾ ਪਿਆਰ ਕਰਦੀ ਸੀ।

ਖੈਰ! ਕਵਿਤਾ ਜੀ ਮੈਂ ਇਕ ਅਜੀਬ ਅਤੇ ਨਵੀਂ ਦੁਨੀਆ ਵਿਚ ਕਦਮ ਰਖ ਚੁੱਕਾ ਸਾਂ। ਪਿਛੇ ਮੁੜ ਕੇ ਕੀ ਵੇਖਣਾ ਸੀ? ਮੈਂ ਅੰਮਿਤਸਰ ਛੱਡ ਕੇ ਦਿੱਲੀ ਆ ਗਿਆ। ਸਾਰਾ ਦਿਨ ਦਿੱਲੀ ਦੀਆਂ ਗਲੀਆਂ ਵਿਚ ਸਰਟੀਫਿਕੇਟ ਲੈ ਕੇ ਫਿਰਦਾ ਰਹਿੰਦਾ ਜਿਨ੍ਹਾਂ ਕਾਗਜ਼ਾਂ ਦੀ ਕੋਈ ਕੀਮਤ ਨਹੀਂ ਸੀ। ਹਰ ਦਿਨ ਇਕ ਆਸ ਲੈ ਕੇ ਜਾਂਦਾ ਅਤੇ ਨਿਰਾਸ਼ਾ ਲੈ ਕੇ ਮੁੜ ਆਉਂਦਾ। ਜਿਥੇ ਜਾਂਦਾ ਇਕ ਸਿਫਾਰਸ਼ ਦੇ ਨਾ ਹੋਣ ਕਾਰਨ ਅਸਫਲਤਾ ਦਾ ਮੂੰਹ ਵੇਖਣਾ ਪੈਂਦਾ। ਜੋ ਕੁਝ ਮੇਰੇ ਕੋਲ ਸੀ ਖਤਮ ਹੋ ਗਿਆ। ਕੱਪੜਿਆਂ ਤਕ ਵਿਕ ਗਏ। ਭੁੱਖ ਅਤੇ ਤ੍ਰੇਹ ਨੇ ਸਰੀਰ ਨੂੰ ਤਾਂ ਨਿਢਾਲ ਕੀਤਾ ਸੀ ਫਿਰ ਆਤਮਾ ਵੀ ਨਿਢਾਲ ਹੋ ਗਈ। ਹਾਰ ਥੱਕ ਕੇ ਮੈਂ ਮਜ਼ਦੂਰੀ ਕਰਨ ਲਗ ਪਿਆ। ਜੀਣ ਲਈ ਤਾਂ ਕੁਝ ਕਰਨਾ ਹੀ ਸੀ। ਜਿਸ ਪਿੱਠ 'ਤੇ ਬਚਪਨ ਵਿਚ ਮਤਰੇਈ ਮਾਂ ਦੀ ਸੋਟੀ ਦੀਆਂ ਲਾਸਾਂ ਪੈਂਦੀਆਂ ਸਨ ਉਨ੍ਹਾਂ ਲਾਸਾਂ ਦੀ ਪੀੜ ਨੂੰ ਬੋਰੀਆਂ ਦੇ ਭਾਰ ਦੀ ਟਕੋਰ ਹੁੰਦੀ। ਥੱਕ ਟੁੱਟ ਕੇ ਜਦੋਂ ਰਾਤ ਨੂੰ ਸਰਾਂ ਵਿਚ ਆਉਂਦਾ ਤਾਂ ਮੇਰੀਆਂ ਲੱਤਾਂ ਜਵਾਬ ਦੇ ਦਿੰਦੀਆਂ। ਇਸ ਤਰ੍ਹਾਂ ਲਗਦਾ ਜਿਵੇਂ ਹੁਣ ਮੈਂ ਕਦੀ ਖੜਾ ਨਹੀਂ ਹੋ ਸਕਾਂਗਾ। ਮੈਂ ਇਹੋ ਹੀ ਸੋਚਦਾ ਕਿ ਦੁੱਖ ਅਤੇ ਮੁਸੀਬਤਾਂ

ਸਹਿਣ ਲਈ ਹੀ ਮੇਰਾ ਜਨਮ ਹੋਇਆ ਹੈ। ਮੈਂ ਹੋਰ ਲਿਖ ਨਹੀਂ ਸਕਦਾ। ਕਿਉਂਕਿ ਇਕ ਮੁਸੀਬਤ ਦੇ ਮਾਰੇ ਹੋਏ ਦੀਆਂ ਰਾਤਾਂ ਦੀ ਤੜਫ ਨੂੰ ਉਹ ਹੀ ਸਮਝ ਸਕਦਾ ਹੈ ਜਿਸ ਨੇ ਮੁਸੀਬਤ ਵੇਖੀ ਹੋਵੇ।

ਇਸ ਤਰ੍ਹਾਂ ਕਿੰਨੇ ਹੀ ਮਹੀਨੇ ਨਿਕਲ ਗਏ। ਅਖੀਰ ਇਕ ਸਵੇਰ ਇਕ ਆਸ ਦੀ ਕਿਰਨ ਸੂਰਜ ਨੇ ਮੇਰੇ ਲਈ ਵੀ ਲਿਆਂਦੀ। ਮੈਂ ਮਜ਼ਦੂਰੀ ਕਰਨ ਲਈ ਜਾ ਰਿਹਾ ਸਾਂ ਕਿ ਅਚਾਨਕ ਉਸ ਦਿਨ ਮੇਰੀ ਮੁਲਾਕਾਤ ਇਕ ਲੜਕੀ ਨਾਲ ਹੋ ਗਈ ਉਹ ਸੀ **ਵੀਨਾ**। ਬਹੁਤ ਸੁੰਦਰ ਉਸ ਦੀ ਆਵਾਜ਼ ਵੀ ਸਚਮੁੱਚ ਵੀਨਾ ਦੀ ਧੁੰਨ ਦੀ ਤਰ੍ਹਾਂ ਸੀ। ਕਵਿਤਾ ਜੀ! ਉਸ ਧੁੰਨ ਦੀ ਮਦਹੋਸ਼ੀ ਭਰੀ ਸੁਰ ਨੇ ਇਕ ਸੰਗੀਤ ਪੈਦਾ ਕਰ ਦਿਤਾ ਜਿਹੜਾ ਸੰਗੀਤ ਮੇਰੇ ਵਿਚ ਮਰ ਚੁੱਕਿਆ ਸੀ। ਮੇਰੀ ਇੱਛਾ ਹੋਈ ਕਿ ਮੈਂ ਉਸ ਨੂੰ ਬੁਲਾਵਾਂ ਪਰ ਉਹ ਹਿੰਮਤ ਕਿਥੋਂ ਲਿਆਉਂਦਾ। ਮੈਂ ਇਕ ਸੁਪਰਵਾਈਜ਼ਰ ਸਾਂ, ਸੜਕ 'ਤੇ ਪੱਥਰ ਕੁੱਟਣ ਵਾਲੇ ਮਜ਼ਦੂਰਾਂ ਦਾ। ਪਰ ਵੀਨਾ ਦੀਆਂ ਤਾਰਾਂ ਤੋਂ ਇਕ ਆਵਾਜ਼ ਨਿਕਲੀ ਜਿਹੜੀ ਮੈਨੂੰ ਸੰਬੋਧਨ ਕਰ ਰਹੀ ਸੀ। ਵੀਨਾ ਮੈਨੂੰ ਹਰ ਰੋਜ਼ ਕੰਮ 'ਤੇ ਜਾਣ ਵਕਤ ਵੇਖਦੀ ਹੁੰਦੀ ਸੀ। ਇਹ ਉਸ ਨੇ ਦੱਸਿਆ ਸੀ। ਉਸ ਦੇ ਮਨ ਵਿਚ ਇਕ ਚਿੰਗਾਰੀ ਪੈ ਚੁੱਕੀ ਸੀ ਜਿਹੜੀ ਉਸ ਦਿਨ ਭਾਂਬੜ ਬਣ ਕੇ ਸਾਹਮਣੇ ਆ ਗਈ। ਕਵਿਤਾ ਜੀ! ਵੀਨਾ ਨੇ ਸੰਗੀਤ ਨੂੰ ਸੜਕਾਂ ਤੇ ਪੱਥਰਾਂ ਤੋਂ ਚੁੱਕ ਕੇ ਪਿਆਰ ਦੇ ਮਹਿਲਾਂ ਵਿਚ ਬਿਠਾ ਦਿੱਤਾ। ਉਹਨਾਂ ਦੀ ਫੈਕਟਰੀ ਵਿਚ ਮੈਨੂੰ ਤਿੰਨ ਸੌ ਰੁਪਏ (300 ਰੁਪਏ) ਦੀ ਨੌਕਰੀ ਮਿਲ ਗਈ। ਬਸ ਫਿਰ ਕੀ ਸੀ? ਜੀਵਨ ਮਹਿਕ ਉਠਿਆ। ਮਨ ਮਚਲ ਪਿਆ ਅਤੇ ਪਿਆਰ ਦਾ ਪੌਦਾ ਵਧਣ ਫੁਲਣ ਲਗ ਪਿਆ। ਮੈਨੂੰ ਪੜ੍ਹਾਈ ਕਰਨ ਦਾ ਬਹੁਤ ਸ਼ੌਕ ਸੀ। ਮੈਂ ਐਮ.ਏ. ਪਾਸ ਕਰ ਲਈ। ਵੀਨਾ ਦੇ ਪਿਆਰ ਨੇ ਮੈਨੂੰ ਜੀਵਨ ਦਿਤਾ ਸੀ ਤੇ ਉਸ ਜੀਵਨ ਨੂੰ ਮੈਂ ਉਸ ਦੇ ਯੋਗ ਬਨਾਉਣਾ ਚਾਹੁੰਦਾ ਸਾਂ। ਉਹ ਮੇਰੀ ਪ੍ਰੇਰਣਾ ਸੀ। ਮੈਂ ਆਪਣੀ ਯੋਗਤਾ ਦਾ ਸਬੂਤ ਫੈਕਟਰੀ ਵਿਚ ਵੀ ਇਹੋ ਜਿਹਾ ਦਿਤਾ ਕਿ ਵੀਨਾ ਦੇ ਪਿਤਾ ਜੀ ਨੇ ਖੁਸ਼ ਹੋ ਕੇ ਮੈਨੂੰ ਪੀ-ਐਚ.ਡੀ. ਕਰਨ ਲਈ ਮੌਕਾ ਦਿਤਾ। ਵੀਨਾ ਨੂੰ ਆਪਣੇ ਸੰਗੀਤ ਵਿਚ ਜਕੜਨ ਦੀ ਆਸ ਹੋ ਗਈ। ਇਸ ਆਸ ਨੂੰ ਲੈ ਕੇ ਜੀਵਨ ਦੀਆਂ ਔਖੀਆਂ ਅਤੇ ਸੌਖੀਆਂ ਪਗਡੰਡੀਆਂ 'ਤੇ ਤੁਰਦਾ ਰਿਹਾ। ਕਵਿਤਾ ਜੀ! ਬਾਕੀ ਦੂਸਰੀ ਚਿੱਠੀ ਵਿਚ ਲਿਖਾਂਗਾ। ਹੁਣ ਆਗਿਆ ਮੰਗਦਾ ਹਾਂ।

◆

-ਸੰਗੀਤ

ਕਲਕੱਤਾ **ਪੰਜ**

ਪਿਆਰੇ ਸੰਗੀਤ ਜੀ!

ਪਿਆਰ ਭਰੀ ਮਿਠੀ ਯਾਦ। ਆਪ ਜੀ ਦਾ 20 ਜੂਨ ਵਾਲਾ ਪੱਤਰ ਮਿਲਿਆ। ਪੱਤਰ ਕੀ ਸੀ ਦੁੱਖ ਦਾ ਅਧਿਆਇ ਸੀ। ਇਸ ਤੋਂ ਇਸ ਤਰ੍ਹਾਂ ਲਗਦਾ

ਹੈ ਕਿ ਪ੍ਰਮਾਤਮਾ ਸਾਰਿਆਂ ਮਨੁੱਖਾਂ ਨੂੰ ਇਕ ਨਜ਼ਰ ਨਾਲ ਨਹੀਂ ਵੇਖਦਾ। ਹਰ ਇਕ ਦੇ ਕਰਮਾਂ ਨੂੰ ਜਾਣ-ਬੁੱਝ ਕੇ ਵੰਡਦਾ ਹੈ। ਜਿਸ ਮਨੁੱਖ ਦੇ ਜੀਵਨ ਵਿਚ ਖੁਸ਼ੀ ਦੀ ਇਕ ਝਲਕ ਵੀ ਨਾ ਹੋਵੇ ਉਹ ਜ਼ਿੰਦਾ ਕੀ ਰਹੇਗਾ? ਪ੍ਰਮਾਤਮਾ ਨੇ ਤੁਹਾਡੇ ਪੈਦਾ ਹੋਣ ਵੇਲੇ ਤੋਂ ਹੀ ਤੁਹਾਡੇ ਨਾਲ ਦੁਸ਼ਮਨੀ ਕੀਤੀ। ਅਗਰ ਰੱਬ ਸੱਚ-ਮੁੱਚ ਹੀ ਕਰਮਾਂ ਦੀ ਸਜ਼ਾ ਦਿੰਦਾ ਹੈ ਤਾਂ ਉਸ ਸਮੇਂ ਇਕ ਮਾਸੂਮ ਬੱਚੇ ਨੇ ਕੀ ਬੁਰੇ ਕਰਮ ਕੀਤੇ ਸਨ ਕਿ ਉਸ ਤੋਂ ਉਸ ਦੀ ਮਾਂ ਖੋਹ ਲਈ? ਦੇਰ ਨਾਲ ਪੱਤਰ ਦਾ ਉਤਰ ਦੇਣ ਦਾ ਕਾਰਨ ਮੈਂ ਸਮਝਦੀ ਹਾਂ।

ਸੰਗੀਤ ਜੀ! ਤੁਸੀਂ ਕੋਈ ਫੈਸਲਾ ਨਹੀਂ ਕੀਤਾ। ਠੀਕ ਹੈ! ਪਰ ਮੇਰਾ ਫੈਸਲਾ ਬਦਲ ਨਹੀਂ ਸਕਦਾ। ਪਿਆਰ ਦੀ ਖੇਡ ਤੁਸੀਂ ਖੇਡ ਚੁੱਕੇ ਹੋ ਪਰ ਤੁਸੀਂ ਇਹ ਨਹੀਂ ਲਿਖਿਆ ਕਿ ਉਸ ਖੇਡ ਦਾ ਅੰਤ ਕਿਵੇਂ ਹੋਇਆ ਸੀ? ਵੀਨਾ ਅਤੇ ਸੰਗੀਤ ਦਾ ਗੂੜ੍ਹਾ ਸਬੰਧ ਕਿਵੇਂ ਟੁੱਟ ਗਿਆ? ਵੀਨਾ ਬਿਨਾਂ ਸੰਗੀਤ ਕਿਵੇਂ ਰਹਿ ਸਕਦਾ ਹੈ? ਕੀ ਇਹੋ ਕੁਝ ਸੋਚ ਕੇ ਤੁਸੀਂ ਗੰਭੀਰ ਰਹਿੰਦੇ ਹੋ? ਸੰਗੀਤ ਜੀ! ਸੰਗੀਤ ਦੀ ਰਚਨਾ ਕਰਨ ਲਈ ਕੇਵਲ ਇਕ ਵੀਨਾ ਦੀ ਹੀ ਲੋੜ ਨਹੀਂ ਹੁੰਦੀ। ਸੰਗੀਤ ਤਾਂ ਕਿਸੇ ਵੀ ਸਾਜ਼ ਤੋਂ ਪੈਦਾ ਹੋ ਜਾਂਦਾ ਹੈ। ਦੁਨੀਆ ਵਿਚ ਕਿੰਨੇ ਹੀ ਸਾਜ਼ ਹਨ। ਸੰਗੀਤਕਾਰ ਦੀਆਂ ਉਂਗਲਾਂ ਜਿਸ ਸਾਜ਼ ਦੀਆਂ ਸੁਰਾਂ 'ਤੇ ਚਲ ਪੈਣ ਉਹੋ ਹੀ ਸੰਗੀਤ ਦਾ ਸਾਗਰ ਬਣ ਜਾਂਦਾ ਹੈ। ਪੱਥਰ ਦੇ ਦੋ ਟੁਕੜਿਆਂ ਤੋਂ ਸੰਗੀਤ ਪੈਦਾ ਹੋ ਸਕਦਾ ਹੈ ਜਿਹੜਾ ਸਰਸਵਤੀ ਦੀ ਸਿਤਾਰ ਦੇ ਸੰਗੀਤ ਨੂੰ ਵੀ ਮਾਤ ਕਰ ਸਕਦਾ ਹੈ। ਸਿਰਫ ਉਹ ਕਲਾ ਅਤੇ ਹੁਨਰ ਸੰਗੀਤਕਾਰ ਦੀ ਕਲਪਨਾ ਵਿਚ ਹੋਣੀ ਚਾਹੀਦੀ ਹੈ। ਹਰ ਸੰਗੀਤ ਦੀ ਨੀਂਹ ਕਵਿਤਾ ਹੈ। ਕਵੀ ਦੀ ਕਵਿਤਾ ਸੰਗੀਤਕਾਰ ਦੇ ਸੰਗੀਤ ਦੀ ਆਤਮਾ ਹੁੰਦੀ ਹੈ। ਕਵਿਤਾ ਦੇ ਭਾਵਾਂ ਵਿਚ ਸੰਗੀਤ ਦੀ ਮਸਤੀ ਹੁੰਦੀ ਹੈ। ਕੀ ਤੁਸੀਂ ਇਹ ਨਹੀਂ ਮੰਨਦੇ ਕਿ ਸੰਗੀਤ ਅਤੇ ਕਵਿਤਾ ਦਾ ਬਹੁਤ ਗੂੜ੍ਹਾ ਰਿਸ਼ਤਾ ਹੈ। ਹਰ ਸਾਜ਼ ਦੀ ਆਵਾਜ਼ ਕਵਿਤਾ ਹੁੰਦੀ ਹੈ। ਉਹੋ ਹੀ ਕਵਿਤਾ ਸੰਗੀਤ ਦੀ ਕਲਾ ਵਿਚ ਸਮਾਉਣਾ ਚਾਹੁੰਦੀ ਹੈ।

ਵੇਖੋ ਸੰਗੀਤ ਜੀ! ਕਿਹੋ ਜਿਹੇ ਨਾਂ ਹਨ ਸਾਡੇ? ਨਾਂ ਰੱਖਣ ਵਾਲਿਆਂ ਨੇ ਇਹ ਤਾਂ ਨਹੀਂ ਸੋਚਿਆ ਸੀ ਕਿ ਸੰਗੀਤ ਅਤੇ ਕਵਿਤਾ ਦਾ ਮਿਲਣ ਹੋਵੇਗਾ। ਇਹ ਸਭ ਪ੍ਰਮਾਤਮਾ ਨੇ ਕਰਵਾਉਣਾ ਸੀ। ਇਹ ਪਿਛਲੇ ਜਨਮਾਂ ਦਾ ਬੰਧਨ ਹੈ, ਨਹੀਂ ਤੇ ਤੁਸੀਂ ਕਿਥੇ, ਮੈਂ ਕਿਥੇ? ਹਜ਼ਾਰਾਂ ਮੀਲਾਂ ਦੀ ਦੂਰੀ ਕਿਸ ਤਰ੍ਹਾਂ ਰੱਬ ਨੇ ਇਕ ਮੁਲਾਕਾਤ ਵਿਚ ਹੀ ਦੂਰ ਕਰ ਦਿੱਤੀ। ਮੈਂ ਸਦਾ ਤੁਹਾਨੂੰ ਆਪਣੇ ਕੋਲ ਸਮਝਦੀ ਹਾਂ। ਤੁਹਾਡੇ ਪੱਤਰ ਤੋਂ ਇਹੋ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਵੀਨਾ ਨੇ ਤੁਹਾਨੂੰ ਛੱਡ ਦਿੱਤਾ ਹੈ ਪਰ ਕਿਉਂ? ਸੰਗੀਤ ਜੀ! ਇਸ ਦਾ ਉਤਰ ਹੈ ਸੰਜੋਗ। ਛੱਡਣ ਦੀ ਬੁਨਿਆਦ ਹੈ ਦੌਲਤ। ਕੀ ਇਹ ਸੱਚ ਹੈ? ਜਿਸ ਪਿਆਰ ਦੀ ਬੁਨਿਆਦ ਦੌਲਤ ਹੋਵੇ ਕੀ ਉਹ ਕਦੀ ਸਫਲ ਹੋ ਸਕਦਾ ਹੈ? ਅੱਜ ਕਲ੍ਹ ਦੇ ਸਮਾਜ ਵਿਚ ਭਾਵੇਂ ਰਿਸ਼ਤੇ-ਨਾਤੇ ਦੌਲਤ ਦੀ ਤੱਕੜੀ ਵਿਚ ਤੁਲਦੇ ਹਨ ਪਰ ਪਿਆਰ ਦੌਲਤ ਦੀ ਸ਼ਰਣ ਨਹੀਂ ਲੈਂਦਾ ਜੇਕਰ ਸੱਚਾ ਹੋਵੇ। ਇਕ ਕਲਾਕਾਰ ਸਚਾਈ ਦਾ ਕਾਇਲ ਹੁੰਦਾ ਹੈ, ਧੰਨ ਦੌਲਤ ਦਾ ਨਹੀਂ।

ਸੰਗੀਤ ਜੀ! ਹਰ ਦੁੱਖ ਦਾ ਅੰਤ ਹੋ ਜਾਂਦਾ ਹੈ। ਖੁਸ਼ੀ ਦੀ ਤਰੰਗ ਜ਼ਰੂਰ ਆਉਂਦੀ ਹੈ। ਪਤਝੜ ਦਾ ਅੰਤ ਬਹਾਰ ਹੀ ਹੈ। ਭੁੱਲ ਜਾਣਾ ਜੀਵਨ ਦੀ ਖੁਸ਼ੀ ਹੈ। ਪਿਛਲੀਆਂ ਯਾਦਾਂ ਨੂੰ ਭੁੱਲ ਜਾਣ ਨਾਲ ਜੀਵਨ ਨੂੰ ਖੁਸ਼ੀ ਮਿਲਦੀ ਹੈ। ਯਾਦਾਂ ਦੀ ਪੰਡ ਸਿਰ 'ਤੇ ਚੁੱਕੀ ਰੱਖਣ ਦੇ ਨਾਲ ਮਨੁੱਖ ਕਦੀ ਖੁਸ਼ ਨਹੀਂ ਰਹਿ ਸਕਦਾ। ਬੀਤ ਗਈ ਸੋ ਬੀਤ ਗਈ। ਸੰਗੀਤ ਜੀ! ਮੈਂ ਜੀਵਨ ਦਾ ਫੈਸਲਾ ਬਹੁਤ ਪਹਿਲਾਂ ਕਰ ਚੁੱਕੀ ਹਾਂ। ਅਗਰ ਮੈ ਚਾਹਵਾਂ ਵੀ ਤਾਂ ਵੀ ਇਸ ਫੈਸਲੇ ਨੂੰ ਬਦਲ ਨਹੀਂ ਸਕਦੀ, ਨਾ ਹੀ ਤੁਸੀਂ ਬਦਲਣ ਲਈ ਕਹਿਣਾ। ਮੈਂ ਤੁਹਾਡੇ ਕੋਲੋਂ ਕੁਝ ਨਹੀਂ ਮੰਗਦੀ। ਸਿਰਫ ਇਹਨਾਂ ਪੱਤਰਾਂ ਦਾ ਉਤਰ ਮੰਗਦੀ ਹਾਂ। ਇਨ੍ਹਾਂ ਪੱਤਰਾਂ ਵਿਚ ਮੈਨੂੰ ਆਪਣੇ ਪਿਆਰ ਦੀਆਂ ਭਾਵਨਾਵਾਂ ਪ੍ਰਗਟ ਕਰਨ ਤੋਂ ਕਦੀ ਨਹੀਂ ਰੋਕਣਾ। ਮੈਂ ਇਹੋ ਹੀ ਸੋਚਾਂਗੀ ਕਿ ਮੇਰਾ ਵਿਆਹ ਹੀ ਪੱਤਰਾਂ ਦੀ ਬੇਦੀ 'ਤੇ ਹੋਇਆ ਹੈ। ਉਨ੍ਹਾਂ ਪੱਤਰਾਂ ਦੇ ਜਵਾਬ ਵਿਚ ਭਾਵੇਂ ਤੁਸੀਂ ਨਫ਼ਰਤ ਦੇ ਅੰਗਿਆਰੇ ਹੀ ਕਿਉਂ ਨਾ ਭੇਜੋ, ਮੈਂ ਬੁਰਾ ਨਹੀਂ ਮਨਾਵਾਂਗੀ। ਮੇਰੇ ਪਿਆਰ ਦੇ ਅਮ੍ਰਿਤ ਵਿਚ ਉਹਨਾਂ ਅੰਗਾਰਿਆਂ ਨੂੰ ਬੁਝਾਉਣ ਦੀ ਸ਼ਕਤੀ ਹੈ।

ਸੰਗੀਤ ਜੀ! ਔਰਤ ਦਾ ਤੁਸੀਂ ਕੋਈ ਚੰਗਾ ਰੂਪ ਨਹੀਂ ਵੇਖਿਆ। ਮਾਂ ਦੀ ਮਤਰੇਈ ਕਠੋਰਤਾ ਵੇਖੀ ਹੈ, ਪ੍ਰੇਮਿਕਾ ਦੀ ਨਿਰਦਈ ਬੇਵਫਾਈ ਵੇਖੀ ਹੈ। ਭੈਣ ਦਾ ਪਿਆਰ ਨਹੀਂ ਵੇਖਿਆ। ਜੇਕਰ ਵੇਖਿਆ ਵੀ ਹੋਵੇਗਾ ਤਾਂ ਡਰ ਅਤੇ ਭੈ ਵਿਚ ਸਹਿਮਿਆ ਹੋਇਆ। ਇਕ ਇਸਤਰੀ ਹੀ ਮਨੁੱਖ ਦੀ ਉਪਾਸਨਾ ਹੈ, ਇਕ ਪ੍ਰੇਰਨਾ ਹੈ, ਪਿਆਰ ਦਾ ਮੰਦਰ ਹੈ ਜਿਸ ਦੀ ਪੂਜਾ ਮਨੁੱਖ ਹਰ ਰੂਪ ਵਿਚ ਕਰਦਾ ਹੈ। ਇਸਤ੍ਰੀ ਹਰ ਰੂਪ ਵਿਚ ਮਰਦ ਦੀ ਖੁਸ਼ੀ ਚਾਹੁੰਦੀ ਹੈ। ਮਾਂ, ਭੈਣ, ਬੇਟੀ ਅਤੇ ਪਤਨੀ ਬਣ ਕੇ। ਜਿਸ ਮਰਦ ਨੂੰ ਕਿਸੇ ਵੀ ਰੂਪ ਵਿਚ ਇਸਤਰੀ ਦਾ ਪਿਆਰ ਨਾ ਮਿਲੇ ਉਸ ਮਰਦ ਦਾ ਜੀਵਨ ਹੀ ਕੀ ਹੈ? ਤੁਹਾਡੀ ਆਤਮਾ ਵੀ ਇਸ ਪਿਆਰ ਦੀ ਪਿਆਸੀ ਹੈ। ਉਸ ਪਿਆਸ ਨੂੰ ਬੁਝਾਉਣ ਲਈ ਮੈਂ ਜਨਮ ਲਿਆ ਹੈ। ਸੰਗੀਤ ਜੀ! ਮੇਰਾ ਪਿਆਰ ਬੇ-ਮਤਲਬ ਹੈ। ਇਸ ਵਿਚ ਸੱਚਾਈ ਦਾ ਰੰਗ ਹੈ ਅਤੇ ਵਫਾਈ ਦੀ ਉਮੰਗ ਹੈ।

ਤੁਸੀਂ ਡਾਕਟਰੇਟ ਕੀਤੀ ਹੋਈ ਹੈ? ਮੈਨੂੰ ਪਤਾ ਨਹੀਂ ਸੀ। ਤੁਹਾਨੂੰ ਵੇਖ ਕੇ ਤੁਹਾਡੀ ਯੋਗਤਾ ਦਾ ਕੋਈ ਅਨੁਮਾਨ ਨਹੀਂ ਲਗਾ ਸਕਦਾ। ਤੁਸੀਂ ਕਿਸੇ ਕਾਲਜ ਵਿਚ ਪ੍ਰੋਫ਼ੈਸਰ ਕਿਉਂ ਨਹੀਂ ਲਗ ਜਾਂਦੇ? ਅੱਜ ਕਲ੍ਹ ਤੁਸੀਂ ਕੀ ਕਰਦੇ ਹੋ? ਕੀ ਤੁਹਾਡਾ ਕੋਈ ਨਵਾਂ ਨਾਵਲ ਪ੍ਰਕਾਸ਼ਿਤ ਹੋਇਆ ਹੈ? ਤੁਹਾਨੂੰ ਕਦੀ ਵੀ ਕਿਸੇ ਚੀਜ਼ ਦੀ ਲੋੜ ਪਵੇ ਤਾਂ ਬਿਨਾਂ ਝਿਜਕ ਲਿਖ ਦੇਣਾ ਕੋਈ ਫ਼ਰਕ ਨਹੀਂ ਸਮਝਣਾ। ਮੇਰਾ ਸਭ ਕੁਝ ਹੀ ਤੁਹਾਡਾ ਹੈ। ਪੱਤਰ ਦਾ ਉਤਰ ਛੇਤੀ ਦੇ ਦਿਆ ਕਰੋ। ਹਾਂ! ਇਕ ਗੱਲ ਯਾਦ ਆ ਗਈ ਕਿ ਤੁਹਾਡੀ ਭੈਣ ਗਾਇਤਰੀ ਕਿਥੇ ਹੈ? ਜ਼ਰੂਰ ਲਿਖਣਾ। ਪਿਛਲੇ ਪੱਤਰ ਵਿਚ ਜਿਥੋਂ ਆਪਣੀ ਕਹਾਣੀ ਲਿਖਣੀ ਛੱਡੀ ਸੀ ਉਥੋਂ ਹੀ ਸ਼ੁਰੂ ਕਰਨੀ। ਮੈਂ ਤੁਹਾਡੇ ਬਾਰੇ ਸਭ ਕੁਝ ਜਾਣਨਾ ਚਾਹੁੰਦੀ ਹਾਂ। ਪੱਤਰ ਦੀ ਉਡੀਕ ਵਿਚ।

ਆਪ ਜੀ ਦੀ

◆

-ਕਵਿਤਾ

ਕਵਿਤਾ ਜੀ!

ਮਿਠੀ ਯਾਦ! ਲਗਦਾ ਹੈ ਕਿ ਤੁਹਾਡਾ ਦ੍ਰਿੜ੍ਹ ਵਿਸ਼ਵਾਸ ਮੇਰੇ ਜੀਵਨ ਦੀਆਂ ਖੋਖਲੀਆਂ ਨੀਹਾਂ ਨੂੰ ਪੱਕਾ ਕਰਨ ਵਿਚ ਸਫਲ ਹੋ ਜਾਏਗਾ। ਤੁਹਾਡੇ ਪੱਤਰ ਦੀ ਸਾਦਗੀ ਵਿਚ ਸੱਚ-ਮੁੱਚ ਹੀ ਬਹੁਤ ਪਿਆਰ ਅਤੇ ਹਮਦਰਦੀ ਹੈ। ਮਨੁੱਖ ਨੂੰ ਹਰ ਮੋੜ 'ਤੇ ਇਸਤਰੀ ਦੀ ਲੋੜ ਪੈਂਦੀ ਹੈ। ਇਸਤਰੀ ਮਨੁੱਖ ਦੇ ਜੀਵਨ ਦਾ ਅੰਗ ਹੈ ਜਿਸ ਤੋਂ ਬਿਨਾਂ ਮਨੁੱਖ ਦਾ ਜੀਵਨ ਅਧੂਰਾ ਹੈ। ਕਵਿਤਾ ਜੀ! ਤੁਹਾਡਾ ਨਾਂ ਸੱਚਮੁੱਚ ਹੀ ਕਿਸੇ ਕਵੀ ਦੀ ਰਚਨਾ ਹੈ ਅਤੇ ਸੰਗੀਤ ਦੀ ਆਤਮਾ ਹੈ। ਕੁਦਰਤ ਨੇ ਬਹੁਤ ਸੋਚ ਸਮਝ ਕੇ ਤੁਹਾਡੀ ਰਚਨਾ ਕੀਤੀ ਹੈ। ਤੁਹਾਡੀ ਕਲਮ ਵਿਚ ਬਹੁਤ ਸ਼ਕਤੀ ਹੈ। ਸੰਗੀਤ ਅਤੇ ਕਵਿਤਾ ਦਾ ਜੀਵਨ ਭਰ ਦਾ ਸਾਥ ਜ਼ਰੂਰ ਹੋ ਸਕਦਾ ਹੈ ਜੇਕਰ ਸੰਗੀਤਕਾਰ ਆਪਣੇ ਸੰਗੀਤ ਵਿਚ ਉਸ ਕਵਿਤਾ ਨੂੰ ਢਾਲੇ। ਕਵਿਤਾਵਾਂ ਵੀ ਤਾਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ। ਕਿਹੜੀ ਕਵਿਤਾ ਨੂੰ ਸੰਗੀਤਬਧ ਕੀਤਾ ਜਾਏ ਇਹ ਤਾਂ ਸੰਗੀਤਕਾਰ ਦੇ ਹੱਥ ਹੈ। ਕਿਹੜੀ ਕਵਿਤਾ ਦੇ ਭਾਵ ਉਸ ਦੇ ਦਿਲ ਦੀਆਂ ਤਾਰਾਂ ਨੂੰ ਛੂੰਹਦੇ ਹਨ? ਕੋਈ ਨਹੀਂ ਜਾਣਦਾ। ਇਹ ਤਾਂ ਸਭ ਕਵਿਤਾ ਦੇ ਹੱਥ ਹੈ ਕਿ ਉਹ ਸੰਗੀਤ ਦੇ ਯੋਗ ਭਾਵ ਰੱਖੇ।

ਕਵਿਤਾ ਜੀ! ਮੈਂ ਖੁਸ਼ ਹਾਂ ਕਿ ਤੁਸੀਂ ਕਾਫੀ ਪੜ੍ਹੇ ਲਿਖੇ ਹੋ ਅਤੇ ਵਿਚਾਰਾਂ ਨੂੰ ਬੜੇ ਸੁਝਾਅ ਨਾਲ ਪ੍ਰਗਟ ਕਰਦੇ ਹੋ। ਤੁਹਾਡੇ ਵਿਚਾਰਾਂ ਵਿਚ ਸਚਾਈ ਦੀ ਝਲਕ ਹੈ। ਪਰ ਮੈਂ ਕਦੀ-ਕਦੀ ਸੋਚਦਾ ਹਾਂ ਕਿ ਇਹ ਕਿਸ ਤਰ੍ਹਾਂ ਹੋਇਆ ਇਕ ਮੁਲਾਕਾਤ ਵਿਚ ਅਸੀਂ ਇਕ ਦੂਜੇ ਦੇ ਇੰਨੇ ਨਜ਼ਦੀਕ ਆ ਗਏ। ਇਹ ਨਜ਼ਦੀਕੀ ਕਦ ਤਕ ਇਸ ਤਰ੍ਹਾਂ ਬਣੀ ਰਹੇਗੀ ਪ੍ਰਮਾਤਮਾ ਹੀ ਜਾਣਦਾ ਹੈ। ਡਰ ਲਗਦਾ ਹੈ ਕਦੀ ਸਿਖਰ 'ਤੇ ਪਹੁੰਚ ਕੇ ਆਸ ਦੀ ਉਮੀਦ ਨਾ ਟੁੱਟ ਜਾਏ। ਪਿਆਰ ਵੰਡਣ ਤੋਂ ਪਹਿਲੇ ਹੀ ਨਾ ਮੁੱਕ ਜਾਏ। ਤੁਸੀਂ ਤਾਂ ਸਿਰਫ਼ ਪੱਤਰਾਂ ਦੇ ਉਤਰ ਦੀ ਆਸ ਤੇ ਜੀਵਨ ਕੱਟਣਾ ਚਾਹੁੰਦੇ ਹੋ। ਕਵਿਤਾ ਜੀ! ਇਕ ਇਸਤਰੀ ਦ੍ਰਿੜ੍ਹ ਵਿਸ਼ਵਾਸੀ ਕਿਉਂ ਹੁੰਦੀ ਹੈ? ਕਿਉਂਕਿ ਉਹ ਪਿਆਰ ਦੀ ਦੇਵੀ ਹੋਣ ਕਾਰਨ ਅੰਨ੍ਹੀ ਹੁੰਦੀ ਹੈ। ਪ੍ਰੇਮੀ ਦੀ ਹਰ ਬੁਰਾਈ ਨੂੰ ਗੁਣ ਸਮਝਦੀ ਹੈ।

ਤੁਸੀਂ ਮੇਰੀ ਗਰੀਬੀ ਅਤੇ ਆਰਥਿਕ ਦਸ਼ਾ ਨੂੰ ਸਮਝਦੇ ਹੋਏ, ਸਹਾਇਤਾ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ, ਉਸ ਲਈ ਮੈਂ ਤੁਹਾਡਾ ਧੰਨਵਾਦੀ ਹਾਂ, ਮੇਰੀ ਆਰਥਿਕ ਦਸ਼ਾ ਜ਼ਰੂਰ ਨਾਜ਼ੁਕ ਹੈ ਪਰ ਮੇਰੇ ਜਜ਼ਬਾਤ ਅਮੀਰੀ ਦੀਆਂ ਬੁਲੰਦੀਆਂ ਤਕ ਪਹੁੰਚੇ ਹੋਏ ਹਨ। ਮੈਂ ਇਕ ਲੇਖਕ ਹਾਂ ਅਤੇ ਲੇਖਕ ਕਿਸੇ ਦੇ ਰਹਿਮੋ-ਕਰਮ ਤੇ ਰਹਿਣਾ ਪਸੰਦ ਨਹੀਂ ਕਰਦਾ। ਉਹ ਜਿਗਰ ਦੇ ਖੂਨ ਨਾਲ ਕਲਾ ਨੂੰ ਭਾਵਨਾਵਾਂ ਦੀ ਕਲਮ ਦੇ ਨਾਲ ਲਿਖ ਕੇ ਰੋਜ਼ੀ ਕਮਾਉਣੀ ਚਾਹੁੰਦਾ ਹੈ। ਉਸ ਵਿਚ ਭਾਵੇਂ ਉਹ

ਅਸਫਲ ਰਹੇ, ਕਈ ਦਿਨ ਭੁੱਖਾ ਅਤੇ ਪਿਆਸਾ ਰਹੇ, ਫਿਰ ਵੀ ਉਹ ਉਸ ਜੀਵਨ ਨੂੰ ਚੰਗਾ ਸਮਝਦਾ ਹੈ। ਕਵਿਤਾ ਜੀ! ਮੈਂ ਜੀਵਨ ਵਿਚ ਪੈਸੇ ਨੂੰ ਜ਼ਿਆਦਾ ਮਹੱਤਵ ਨਹੀਂ ਦਿੰਦਾ। ਪੈਸਾ ਨਫਰਤ ਅਤੇ ਦੁਸ਼ਮਣੀ ਦੀ ਜੜ੍ਹ ਹੈ। ਮੈਂ ਸਿਰਫ ਜੀਣ ਲਈ ਲਿਖਦਾ ਹਾਂ ਧੰਨ ਦੌਲਤ ਕਮਾਉਣ ਲਈ ਨਹੀਂ। ਜਿਥੇ ਕਲਾ ਇਕ ਵਪਾਰ ਬਣ ਜਾਏ ਉਹ ਕਲਾ ਕਲਾ ਨਹੀਂ ਰਹਿੰਦੀ। ਉਸ ਵਿਚ ਅਸਲੀਅਤ ਨਹੀਂ ਰਹਿੰਦੀ। ਇਕ ਢਾਂਚਾ ਰਹਿ ਜਾਂਦਾ ਹੈ। ਜਿਸ ਵਿਚ ਨਾ ਜਾਨ ਹੁੰਦੀ ਹੈ ਅਤੇ ਨਾ ਅਰਮਾਨ ਹੁੰਦੇ ਹਨ।

ਕਵਿਤਾ ਜੀ! ਤੁਸੀਂ ਗਾਇਤਰੀ ਬਾਰੇ ਲਿਖ ਕੇ ਪੁਰਾਣੀ ਯਾਦ ਦੇ ਸਾਗਰ ਵਿਚ ਖਲਬਲੀ ਮਚਾ ਦਿਤੀ ਹੈ। ਗਾਇਤਰੀ ਇਕ ਦੇਵੀ ਸੀ ਭੈਣ ਦੇ ਰੂਪ ਵਿਚ। ਉਸ ਦੇ ਪਿਆਰ ਵਿਚ ਇਕ ਵਲਵਲਾ ਸੀ। ਉਸ ਦਾ ਪਿਆਰ ਮਾਂ ਦੀ ਕਠੋਰਤਾ ਹੇਠ ਦੱਬਿਆ ਪਿਆ ਸੀ। ਜਦੋਂ ਵੀ ਉਸ ਨੂੰ ਮੌਕਾ ਮਿਲਦਾ ਮਾਂ ਤੋਂ ਚੋਰੀ ਆ ਕੇ ਮੇਰੇ ਗਲੇ ਲਗ ਜਾਂਦੀ। ਮੇਰੇ ਜਵਾਲਾਮੁਖੀ ਦਿਲ ਨੂੰ ਸ਼ਾਂਤੀ ਮਿਲਦੀ, ਮੇਰੇ ਵਿਚਾਰਾਂ ਨੂੰ ਸ਼ਕਤੀ ਮਿਲਦੀ, ਮੇਰੇ ਅਰਮਾਨਾਂ ਦੇ ਜ਼ਖ਼ਮਾਂ ਨੂੰ ਮਲ੍ਹਮ ਲਗਦੀ, ਕਲੇਜੇ ਵਿਚ ਠੰਡ ਪੈ ਜਾਂਦੀ। ਉਸ ਦੀਆਂ ਅੱਖਾਂ ਵਿਚੋਂ ਮਮਤਾ ਛਲਕ ਕੇ ਡੁਲ੍ਹ ਜਾਂਦੀ। ਉਸ ਦੀ ਝੋਲੀ ਗਿੱਲੀ ਹੋ ਜਾਂਦੀ ਅਤੇ ਮੇਰਾ ਸਾਰਾ ਦੁੱਖ ਹਲਕਾ ਹੋ ਜਾਂਦਾ। ਉਹ ਸਦਾ ਕਹਿੰਦੀ, "ਵੀਰ ਜੀ! ਮਾਂ ਤੁਹਾਡੇ ਨਾਲ ਪਿਆਰ ਕਿਉਂ ਨਹੀਂ ਕਰਦੀ?" ਮੈਂ ਉਤਰ ਦਿੰਦਾ, "ਮਾਂ ਮੇਰੇ ਨਾਲ ਉਸ ਵਕਤ ਪਿਆਰ ਕਰਦੀ ਹੈ ਜਦੋਂ ਤੁਸੀਂ ਸੌਂ ਜਾਂਦੇ ਹੋ। ਉਹ ਤਾਂ ਮੇਰੇ ਨਾਲ ਸਭ ਤੋਂ ਜਿਆਦਾ ਪਿਆਰ ਕਰਦੀ ਹੈ।" ਉਹ ਫਿਰ ਕਹਿੰਦੀ, "ਹਾਂ, ਮੈਂ ਜਾਣਦੀ ਹਾਂ ਕਿੰਨਾ ਪਿਆਰ ਕਰਦੀ ਹੈ ਤੁਹਾਡੇ ਨਾਲ। ਮੈਨੂੰ ਤਾਂ ਕਦੀ ਮਿਲਣ ਨਹੀਂ ਦਿੰਦੀ ਪਰ ਕੋਈ ਗੱਲ ਨਹੀਂ ਵੀਰ ਜੀ! ਮਾਂ ਵੀ ਪਛਤਾਵੇਗੀ। ਤੁਸੀਂ ਫਿਕਰ ਨਾ ਕਰਿਆ ਕਰੋ। ਮੈਂ ਵੇਖੋ ਤੁਹਾਡੇ ਨਾਲ ਕਿੰਨਾ ਪਿਆਰ ਕਰਦੀ ਹਾਂ? ਅਸਲੀ ਵੀਰ ਤਾਂ ਮੇਰੇ ਤੁਸੀਂ ਹੋ।" ਤੇ ਕਵਿਤਾ ਜੀ! ਮੈਂ ਉਸ ਨੂੰ ਪਿਆਰ ਵਿਚ ਆ ਕੇ ਘੁੱਟ ਲੈਂਦਾ। ਮੇਰੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ। ਮੈਂ ਇਹ ਸੋਚ ਕੇ ਸ਼ਾਂਤ ਹੋ ਜਾਂਦਾ ਕਿ ਇਸ ਘਰ ਵਿਚ ਕੋਈ ਤੇ ਮੈਨੂੰ ਪਿਆਰ ਕਰਦਾ ਹੈ। ਜਦੋਂ ਮੈਂ ਘਰੋਂ ਨਿਕਲਿਆ ਸੀ ਉਸ ਦਿਨ ਤਾਂ ਗਾਇਤਰੀ ਚੰਡੀ ਦੀ ਤਰ੍ਹਾਂ ਮਾਂ 'ਤੇ ਗਰਜ ਪਈ ਸੀ। ਉਹੋ ਜਿਹਾ ਭਿਆਨਕ ਰੂਪ ਮੈਂ ਉਸ ਦਾ ਪਹਿਲੇ ਕਦੀ ਨਹੀਂ ਸੀ ਵੇਖਿਆ। ਉਸ ਨੇ ਮੈਨੂੰ ਬਹੁਤ ਰੋਕਿਆਂ ਪਰ ਤੂਫ਼ਾਨ ਨੂੰ ਕੌਣ ਰੋਕ ਸਕਦਾ ਹੈ? ਮੈਂ ਘਰ ਛੱਡਣਾ ਸੀ ਛੱਡ ਦਿਤਾ। ਜਦੋਂ ਵੀ ਕਦੀ ਮੈਨੂੰ ਗਾਇਤਰੀ ਦੀਆਂ ਉਹ ਪਿਆਰ ਭਰੀਆਂ ਗੱਲਾਂ ਯਾਦ ਆਉਂਦੀਆਂ ਮੈਂ ਤੜਫ ਉਠਦਾ। ਮਨ ਚਾਹੁੰਦਾ ਉਡ ਕੇ ਉਸ ਕੋਲ ਚਲਾ ਜਾਵਾਂ। ਮੈਨੂੰ ਥੋੜਾ ਬਹੁਤ ਜਿਹੜਾ ਵੀ ਪਿਆਰ ਮਿਲਿਆ ਸੀ ਉਹ ਸਿਰਫ ਗਾਇਤਰੀ ਤੋਂ ਹੀ ਮਿਲਿਆ ਸੀ। ਮੇਰੇ ਜੀਵਨ ਦਾ ਉਹ ਇਕ ਅਨਮੋਲ ਮੋਤੀ ਸੀ। ਮੇਰੇ ਘਰੋਂ ਨਿਕਲਣ ਬਾਦ ਉਹ ਤੜਫਦੀ ਰਹਿੰਦੀ ਸੀ ਅਤੇ ਮਾਂ ਉਸ ਉਤੇ ਵਰ੍ਹਦੀ ਰਹਿੰਦੀ ਸੀ।

ਕਵਿਤਾ ਜੀ! ਮੈਂ ਡਾਕਟਰੇਟ ਕਰਨ ਤੋਂ ਬਾਦ ਜਦੋਂ ਆਪਣੇ ਪੈਰਾਂ 'ਤੇ ਖੜਾ ਹੋ ਗਿਆ ਤਾਂ ਗਾਇਤਰੀ ਦੇ ਪਿਆਰ ਨੇ ਮੈਨੂੰ ਬੁਲਾਇਆ। ਅਚਾਨਕ ਹੀ ਮਨ ਚੰਚਲਤਾ ਵਿਚ ਆ ਗਿਆ। ਮੈਂ ਘਰ ਚਲਾ ਗਿਆ। ਉਥੇ ਜਾ ਕੇ ਜੋ ਕੁਝ ਵੇਖਿਆ

ਉਸ ਨੇ ਮੇਰੇ ਜੀਵਨ ਦੀਆਂ ਕੰਧਾਂ ਹਿਲਾ ਦਿਤੀਆਂ। ਮੇਰਾ ਇਕ ਸੁਪਨਾ ਟੁੱਟ ਗਿਆ। ਗਾਇਤਰੀ ਬਿਸਤਰੇ ਉਤੇ ਲੇਟੀ ਦਮ ਤੋੜ ਰਹੀ ਸੀ। ਉਸ ਦਾ ਸਾਹ ਸ਼ਾਇਦ ਮੈਨੂੰ ਵੇਖਣ ਲਈ ਕਿਤੇ ਥੋੜਾ ਜਿਹਾ ਰੁਕਿਆ ਹੋਇਆ ਸੀ। ਮੈਂ ਦਰਵਾਜ਼ੇ ਵਿਚ ਪੈਰ ਰਖਿਆ ਜਿਥੇ ਉਸ ਦੀਆ ਨਜ਼ਰਾਂ ਟਿਕੀਆਂ ਹੋਈਆਂ ਸਨ। ਮੈਨੂੰ ਵੇਖ ਕੇ ਉਹ ਬਿਜਲੀ ਦੀ ਫੁਰਤੀ ਵਾਂਗ ਉਠ ਬੈਠੀ। ਉਸ ਦੇ ਮੂੰਹ ਵਿਚੋਂ "ਵੀਰ!" ਹੀ ਨਿਕਲਿਆ ਅਤੇ ਫਿਰ ਡਿੱਗ ਪਈ ਕਦੀ ਨਾ ਉਠਣ ਲਈ। ਮੈਂ ਇਕ ਹਾਰੇ ਹੋਏ ਸਿਪਾਹੀ ਦੀ ਤਰ੍ਹਾਂ ਦਿਲ ਵਿਚ ਦੁੱਖ ਦੀਆਂ ਪੀਢੀਆਂ ਗੰਢਾਂ ਅਤੇ ਅੱਖਾਂ ਵਿਚ ਅੱਥਰੂ ਲੈ ਕੇ ਵਾਪਸ ਆ ਗਿਆ। ਉਹ ਚਮਨ ਮੇਰੇ ਲਈ ਵੀਰਾਨਾ ਹੋ ਗਿਆ ਜਿਸ ਵਿਚ ਮੇਰੇ ਨਸੀਬ ਦਾ ਇਕ ਫੁੱਲ ਸੀ। ਮੈਂ ਉਥੇ ਆ ਗਿਆ ਜਿਥੇ ਵੀਨਾ ਸੀ। ਵੀਨਾ ਸੰਗੀਤ ਸੀ ਅਤੇ ਸੰਗੀਤ ਵੀਨਾ ਦੀ ਛਣਕਾਰ ਤੋਂ ਨਿਕਲਿਆ ਹੋਇਆ ਇਕ ਗੀਤ ਸੀ। ਗਾਇਤਰੀ ਦੀ ਮੌਤ ਦਾ ਸਦਮਾ ਮੈਂ ਕੋਸ਼ਿਸ਼ ਕਰਨ ਤੇ ਵੀ ਨਾ ਭੁੱਲ ਸਕਿਆ। ਇਸ ਦੁੱਖ ਨੂੰ ਮੇਰੇ ਦਿਲ ਵਿਚੋਂ ਕੱਢਣ ਦੀ ਬੇਹੱਦ ਕੋਸ਼ਿਸ਼ ਵੀਨਾ ਨੇ ਕੀਤੀ। ਮੈਂ ਹੁਣ ਵੀਨਾ ਦੀ ਫੈਕਟਰੀ ਵਿਚ ਨਹੀਂ ਬਲਕਿ ਇਕ ਕਾਲਜ ਵਿਚ ਪ੍ਰੋਫ਼ੈਸਰ ਲਗ ਗਿਆ। ਉਥੇ ਹੀ ਵੀਨਾ ਪੜ੍ਹਦੀ ਸੀ ਬੀ.ਏ. ਵਿਚ। ਪਹਿਲੇ ਉਹ ਦੋ ਸਾਲ ਫੇਲ੍ਹ ਹੋ ਚੁੱਕੀ ਸੀ। ਪੜ੍ਹਾਈ ਦੇ ਨਾਲ-ਨਾਲ ਸਾਡੇ ਪਿਆਰ ਦਾ ਪੌਦਾ ਵਧਦਾ ਫੁਲਦਾ ਰਿਹਾ ਅਤੇ ਵਕਤ ਦੇ ਨਾਲ-ਨਾਲ ਜਵਾਨ ਹੋ ਕੇ ਦਰੱਖਤ ਬਣ ਗਿਆ। ਵੀਨਾ ਦੇ ਪਿਤਾ ਜੀ ਦਾ ਵਿਚਾਰ ਸੀ ਕਿ ਉਹ ਵੀਨਾ ਦਾ ਵਿਆਹ ਮੇਰੇ ਨਾਲ ਕਰ ਦੇਣ। ਮੈਂ ਵੀ ਇਹੋ ਚਾਹੁੰਦਾ ਸਾਂ। ਪਰ ਕੌਣ ਜਾਣਦਾ ਹੈ ਕਿ ਕਿਸਮਤ ਨੂੰ ਕੀ ਮਨਜ਼ੂਰ ਹੈ?

ਕਵਿਤਾ ਜੀ! ਮੇਰੀ ਮਾਂ ਅਤੇ ਭਰਾਵਾਂ ਨੂੰ ਪਤਾ ਲਗ ਗਿਆ ਕਿ ਜਿਸ ਨੂੰ ਅਸੀਂ ਠੁਕਰਾ ਦਿਤਾ ਸੀ, ਬੇ-ਸਹਾਰਾ ਕਰ ਦਿਤਾ ਸੀ, ਉਹ ਫਿਰ ਦੌਲਤ ਦਾ ਮਾਲਕ ਬਣ ਜਾਏਗਾ। ਇਹ ਗੱਲ ਮੇਰੀ ਮਾਂ ਨੂੰ ਚੰਗੀ ਨਾ ਲੱਗੀ। ਪਤਾ ਨਹੀਂ ਕਿਹੜੇ ਜਨਮ ਦਾ ਉਸ ਨੇ ਮੇਰੇ ਕੋਲੋਂ ਬਦਲਾ ਲੈਣਾ ਸੀ। ਇਕ ਦਿਨ ਉਸ ਨੇ ਮੇਰੇ ਨਾਂ ਉਤੇ ਇਕ ਝੂਠੀ ਚਿੱਠੀ ਭੇਜ ਦਿਤੀ ਕਿਸੇ ਲੜਕੀ ਦੀ ਤਰਫੋਂ ਜਿਹੜੀ ਮੇਰੇ ਬੱਚੇ ਦੀ ਮਾਂ ਬਣਨ ਵਾਲੀ ਹੈ। ਇਹ ਚਿੱਠੀ ਵੀਨਾ ਦੇ ਹੱਥ ਆ ਗਈ। ਫਿਰ ਕੀ ਸੀ, ਇਕ ਭੁਚਾਲ ਆ ਗਿਆ। ਸੁੱਖ ਅਤੇ ਪਿਆਰ ਦਾ ਮਹਿਲ ਢਹਿ-ਢੇਰੀ ਹੋ ਗਿਆ। ਭਾਵੇਂ ਦਿਹ ਸਭ ਕੁਝ ਝੂਠ ਸੀ ਪਰ ਵੀਨਾ ਨੇ ਸੱਚ ਮੰਨ ਲਿਆ। ਔਰਤ ਦਾ ਦਿਲ ਸ਼ੱਕ ਦਾ ਘਰ ਹੁੰਦਾ ਹੈ। ਸ਼ਾਦੀ ਦਾ ਨਾਟਕ ਖਤਮ ਹੋ ਗਿਆ। ਵਿਸ਼ਵਾਸਘਾਤੀ, ਅਵਾਰਾ, ਲੰਫੰਗਾ, ਧੋਖੇਬਾਜ਼, ਨੀਚ ਅਤੇ ਕਈ ਪ੍ਰਕਾਰ ਦੇ ਇਹੋ ਜਿਹੇ ਸ਼ਬਦਾਂ ਦੇ ਨਾਲ ਮੇਰੀ ਇੱਜ਼ਤ ਕੀਤੀ ਗਈ। ਮੈਂ ਉਨ੍ਹਾਂ ਦੀਆਂ ਨਜ਼ਰਾਂ ਵਿਚੋਂ ਡਿੱਗ ਗਿਆ। ਹੁਣ ਤਾਂ ਕੋਈ ਸਹਾਰਾ ਹੀ ਨਹੀਂ ਸੀ। ਉਸ ਛੋਟੀ ਜਿਹੀ ਪ੍ਰੇਮ-ਕਹਾਣੀ ਦਾ ਅੰਤ ਹੋ ਗਿਆ। ਦਿਲ ਦੀ ਖੇਡ ਵਿਚ ਮੈਂ ਹਾਰ ਗਿਆ। ਉਸ ਨਗਰੀ ਨੂੰ ਛੱਡ ਕੇ ਮੈਂ ਡਗਸ਼ਈ ਆ ਗਿਆ ਅਤੇ ਦੁਖੀ ਦਿਲ ਦੇ ਉਬਾਲਾਂ ਨੂੰ ਲਿਖਣ ਲਗ ਗਿਆ ਅਤੇ ਇਕ ਲਿਖਾਰੀ ਬਣ ਗਿਆ। ਜੀਵਨ ਦੀ ਹਰ ਇਕ ਇਛਾ ਮਿਟ ਗਈ। ਦਿਲਚਸਪੀ ਦੀ ਦੁਨੀਆ ਉਜੜ ਗਈ। ਮਨ ਦਾ ਕੋਮਲ ਕਮਲ ਬਦ-ਕਿਸਮਤੀ ਦੀ ਖੱਡ ਵਿਚ ਡਿੱਗ ਪਿਆ। ਜ਼ਮਾਨੇ ਨੇ ਉਸ ਨੂੰ

ਲਤਾੜ ਦਿਤਾ। ਹਵਾ ਦੇ ਬੁਲ੍ਹਿਆਂ ਨੇ ਉਸ ਨੂੰ ਕਿਤੇ ਟਿਕਣ ਨਾ ਦਿਤਾ। ਉਹ ਕਮਲ ਆਪਣੀ ਬਰਬਾਦੀ ਦੀ ਕਹਾਣੀ ਨੂੰ ਸੀਨੇ ਵਿਚ ਰਖ ਕੇ ਥਾਂ ਥਾਂ ਭਟਕਦਾ ਰਿਹਾ, ਠੋਕਰਾਂ ਖਾਂਦਾ ਰਿਹਾ। ਉਸ ਠੁਕਰਾਏ ਹੋਏ ਫੁੱਲ ਦੀ ਕੀ ਜ਼ਿੰਦਗੀ ਹੈ? ਜਿਸ ਦੀਆਂ ਪੱਤੀਆਂ ਸੁੱਕ ਚੁਕੀਆਂ ਹੋਣ ਅਤੇ ਖੁਸ਼ਬੂ ਖਤਮ ਹੋ ਗਈ ਹੋਵੇ। ਖੁਸ਼ਬੂ ਖਤਮ ਹੋ ਗਈ ਹੋਵੇ? ਕਵਿਤਾ ਜੀ! ਉਸ ਫੁੱਲ ਦੀਆਂ ਪੱਤੀਆਂ ਉਤੇ ਤੁਸੀਂ ਸ਼ਬਨਮ ਦੇ ਕਤਰੇ ਪਾ ਕੇ ਫਿਰ ਹਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹੋ ਪਰ ਉਸ ਵਿਚ ਖੁਸ਼ਬੂ ਕਿਥੋਂ ਆਏਗੀ? ਮੰਜ਼ਿਲ ਦਾ ਰਸਤਾ ਵਿਖਾ ਕੇ ਕਿਤੇ ਤੁਸੀਂ ਵੀ ਗਲਤਫਹਿਮੀ ਦੇ ਹਨੇਰੇ ਵੱਲ ਤਾਂ ਨਹੀਂ ਮੁੜ ਜਾਉਗੇ? ਫਿਰ ਕੀ ਹੋਏਗਾ? ਭਟਕਿਆ ਰਾਹੀ ਕਿਥੇ ਜਾਏਗਾ? ਹੁਣ ਤਾਂ ਫਿਰ ਵੀ ਜ਼ਿੰਦਾ ਹਾਂ ਫਿਰ ਕੰਧਾਂ ਨਾਲ ਸਿਰ ਟਕਰਾ ਕੇ ਮਰ ਜਾਏਗਾ, ਕੋਈ ਉਸ ਨੂੰ ਯਾਦ ਨਹੀਂ ਕਰੇਗਾ, ਕੋਈ ਉਸ ਦੀ ਕਬਰ ਤੇ ਦੋ ਫੁੱਲ ਨਹੀਂ ਚੜ੍ਹਾਏਗਾ, ਦੁੱਖ ਦੀ ਅੱਗ ਵਿਚ ਸੜ ਜਾਏਗਾ। ਪਹਿਲੇ ਪਿਆਰ ਕਰ ਕੇ ਮੈਂ ਇਕ ਭੁੱਲ ਕਰ ਚੁੱਕਾ ਹਾਂ ਉਸ ਦੀ ਸਜ਼ਾ ਮੈਨੂੰ ਬਹੁਤ ਮਿਲੀ ਹੈ। ਹੁਣ ਕਿਤੇ ਇਹ ਵੀ ਭੁੱਲ ਹੋਈ ਤਾਂ ਕੋਈ ਮਾਫ ਨਹੀਂ ਕਰੇਗਾ। ਪੱਤਰ ਦਾ ਉਤਰ ਦਿੰਦੇ ਰਹਿਣਾ। ਮੈਂ ਤਾਂ ਆਪਣੀ ਆਪ ਬੀਤੀ ਨੂੰ ਲਿਖ ਦਿਤਾ ਹੈ ਤੁਸੀਂ ਤਾਂ ਸੁਖੀ ਜੀਵਨ ਬਿਤਾਇਆ ਹੋਵੇਗਾ। ਕੀ ਮੈਂ ਸੁਖੀ ਜੀਵਨ ਦੀ ਝਲਕ ਤੁਹਾਡੇ ਪੱਤਰਾਂ ਦੇ ਪ੍ਰਕਾਸ਼ ਤੋਂ ਪ੍ਰਾਪਤ ਕਰ ਸਕਦਾ ਹਾਂ? ਪੱਤਰ ਦੇ ਉਤਰ ਦੀ ਉਡੀਕ ਵਿਚ।

ਆਪ ਜੀ ਦਾ

◆

-ਸੰਗੀਤ

ਕਲਕੱਤਾ ਸੱਤ

ਬਹੁਤ ਹੀ ਪਿਆਰੇ ਸੰਗੀਤ ਜੀ!

ਪਿਆਰ ਹੀ ਪਿਆਰ! ਆਪ ਜੀ ਦਾ ਪਿਆਰ ਅਤੇ ਦੁੱਖ ਦੀਆਂ ਡੂੰਘਿਆਈਆਂ ਵਿਚ ਡੁੱਬਿਆ ਹੋਇਆ ਪੱਤਰ ਮਿਲਿਆ। ਸਾਰੇ ਸੁਪਨੇ ਸੱਚੇ ਹੋ ਗਏ। ਮੇਰੇ ਵਿਚਾਰਾਂ ਦੇ ਬਣੇ ਹੋਏ ਮਹਿਲਾਂ ਦੀਆਂ ਨੀਹਾਂ ਪੱਕੀਆਂ ਹੋ ਗਈਆਂ। ਮੈਂ ਕਿਹਾ ਸੀ ਨਾ ਕਿ ਤੁਸੀਂ ਹੀ ਉਨ੍ਹਾਂ ਮਹਿਲਾਂ ਨੂੰ ਸਜਾਉਣ ਵਾਲੇ ਕਲਾਕਾਰ ਹੋ। ਮੈਂ ਹੁਣ ਉਸ ਮਹਿਲ ਦੀ ਰਾਣੀ ਹਾਂ ਜਿਸ ਦੀਆਂ ਇੱਟਾਂ ਪਿਆਰ ਦੀ ਮਿਟੀ ਦੀਆਂ ਬਣੀਆਂ ਹੋਈਆਂ ਹਨ। ਉਹ ਮਹਿਲ ਸਾਰੀ ਉਮਰ ਖੜਾ ਰਹੇਗਾ। ਪਿਆਰ ਦੀ ਰੰਗਤ ਦਾ ਰੰਗ ਉਸ ਨੂੰ ਸੁੰਦਰ ਬਣਾਉਂਦਾ ਰਹੇਗਾ। ਉਸ ਵਿਚ ਚਮਕ ਆਉਂਦੀ ਰਹੇਗੀ। ਉਥੇ ਸਿਰਫ ਤੁਸੀਂ ਹੋਵੋਗੇ, ਮੈਂ ਹੋਵਾਂਗੀ, ਖੁਸ਼ੀ ਹੋਵੇਗੀ, ਸ਼ਾਂਤੀ ਹੋਵੇਗੀ ਅਤੇ ਸੁਖ ਹੋਵੇਗਾ। ਸਾਡਾ ਘਰ ਸੰਸਾਰ ਇਕ ਸਵਰਗ ਹੋਵੇਗਾ। ਉਥੇ ਵਿਸ਼ਵਾਸ ਦਾ ਪ੍ਰਕਾਸ਼ ਹੋਵੇਗਾ। ਗਲਤਫਹਿਮੀ ਦੇ ਹਨੇਰੇ ਦਾ ਉਤੇ ਕੀ ਕੰਮ ਹੈ?

ਸੰਗੀਤ ਜੀ! ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ। ਤੁਹਾਡੇ ਜੀਵਨ ਨੂੰ ਸੁਖੀ

ਬਣਾਉਣ ਲਈ ਮੈਂ ਆਪਣਾ ਜੀਵਨ ਦੇ ਦਿਆਂਗੀ। ਤੁਸੀਂ ਮੇਰੇ ਵਰਗੀ ਅਯੋਗ ਲੜਕੀ ਨੂੰ ਪਿਆਰ ਦੀ ਆਸ ਦਾ ਸਹਾਰਾ ਦਿਤਾ ਹੈ। ਹੁਣ ਤੁਹਾਡੇ ਜੀਵਨ ਦੇ ਸਾਰੇ ਹਨੇਰੇ ਦੂਰ ਹੋ ਜਾਣਗੇ। ਪਿਛਲੇ ਜਨਮ ਦਾ ਅਧੂਰਾ ਰਿਸ਼ਤਾ ਪੂਰਾ ਹੋ ਜਾਵੇਗਾ। ਜੋ ਕੁਝ ਵੀ ਤੁਸੀਂ ਆਪਣੇ ਪੱਤਰ ਦੇ ਅੰਤਿਮ ਪੈਰ੍ਹੇ ਵਿਚ ਲਿਖਿਆ ਹੈ ਫਿਰ ਕਦੀ ਨਹੀਂ ਲਿਖਣਾ, ਮੈਨੂੰ ਦੁੱਖ ਹੁੰਦਾ ਹੈ ਪੜ੍ਹ ਕੇ।

ਤੁਹਾਡੀ ਮਹਿਕ ਖਤਮ ਨਹੀਂ ਹੋਈ ਸੰਗੀਤ ਜੀ! ਸਗੋਂ ਖਿਲਰ ਗਈ ਹੈ। ਤੁਸੀਂ ਕਲਾਕਾਰ ਬਣ ਗਏ ਹੋ ਕੀ ਇਹ ਖੁਸ਼ਬੂ ਨਹੀਂ ਹੈ? ਪਿਆਰ ਦੀ ਤਰੇਲ ਦੇ ਕਤਰੇ ਤੁਹਾਡੇ ਮੁਰਝਾਏ ਹੋਏ ਕਮਲ ਦੀ ਹਰ ਪੱਤੀ ਨੂੰ ਹਰਾ ਕਰ ਦੇਣਗੇ। ਤੁਹਾਡੀ ਇਛਾ ਦੀ ਹਰ ਇਕ ਟਾਹਣੀ 'ਤੇ ਕਈ ਕਈ ਫੁੱਲ ਖਿੜਣਗੇ। ਹਰ ਇਕ ਫੁੱਲ ਵਿਚ ਖੁਸ਼ਬੂ ਹੋਏਗੀ। ਖੁਸ਼ਬੂ ਨਾਲ ਸਾਰਾ ਸੰਸਾਰ ਮਹਿਕ ਉਠੇਗਾ। ਤੁਹਾਡੀ ਪਹਿਲੀ ਭੁੱਲ ਦੀ ਸਜ਼ਾ ਜੋ ਤੁਹਾਨੂੰ ਮਿਲੀ ਹੈ ਉਸ ਦੀ ਹੱਕਦਾਰ ਵੀਨਾ ਸੀ। ਉਹ ਔਰਤ ਹੀ ਕੀ ਹੈ ਜਿਸ ਨੂੰ ਆਪਣੇ ਪ੍ਰੇਮੀ 'ਤੇ ਯਕੀਨ ਨਾ ਹੋਵੇ, ਭਰੋਸਾ ਨਾ ਹੋਵੇ। ਬਿਨਾਂ ਕਿਸੇ ਬੁਨਿਆਦ ਦੇ ਵੀਨਾ ਨੇ ਤੁਹਾਨੂੰ ਠੁਕਰਾਇਆ ਹੈ ਕੀ ਇਹ ਇਨਸਾਫ ਹੈ? ਨਹੀਂ! ਸੰਗੀਤ ਜੀ! ਇਹ ਇਨਸਾਫ ਨਹੀਂ। ਜੇਕਰ ਵੀਨਾ ਤੁਹਾਡੇ ਨਾਲ ਸੱਚਾ ਪਿਆਰ ਕਰਦੀ ਹੁੰਦੀ ਤਾਂ ਇਸ ਛੋਟੀ ਜਿਹੀ ਗੱਲ 'ਤੇ ਉਹ ਤੁਹਾਡੇ ਜਿਹੇ ਦੇਵਤਾ ਸਮਾਨ ਮਨੁੱਖ ਨੂੰ ਨਾ ਠੁਕਰਾਉਂਦੀ। ਉਸ ਦਾ ਪਿਆਰ ਇਕ ਦਿਖਾਵਾ ਸੀ ਜਿਸ ਦੀ ਜੜ੍ਹ ਸੀ ਦੌਲਤ, ਸ਼ਾਨ ਅਤੇ ਸ਼ੌਕਤ। ਉਹ ਤੁਹਾਡੀ ਕਦਰ ਨਹੀਂ ਕਰ ਸਕੀ। ਉਸ ਨੂੰ ਯਾਦ ਹੀ ਕਿਉਂ ਕਰੋ ਜਿਹੜੀ ਯਾਦ ਕਰਨ ਦੇ ਕਾਬਲ ਨਾ ਹੋਵੇ। ਸੰਗੀਤ ਜੀ! ਜੋ ਗੱਲ ਖਤਮ ਹੀ ਹੋ ਗਈ, ਜਿਹੜਾ ਕਾਂਡ ਸਮਾਪਤ ਹੀ ਹੋ ਗਿਆ ਉਸ ਨੂੰ ਯਾਦ ਕਰਨ ਦਾ ਕੀ ਲਾਭ ਹੈ?

ਮੈਂ ਆਪਣੇ ਆਪ ਨੂੰ ਸੰਸਾਰ ਦੀ ਸਭ ਤੋਂ ਵਧ ਖੁਸ਼ਕਿਸਮਤ ਲੜਕੀ ਸਮਝਦੀ ਹਾਂ, ਜਿਸ ਨੂੰ ਆਪਣੇ ਮਨ ਮੰਦਰ ਦਾ ਦੇਵਤਾ ਪ੍ਰਾਪਤ ਹੋਇਆ ਹੈ। ਮੇਰੀ ਤਾਂ ਪ੍ਰਮਾਤਮਾ ਅੱਗੇ ਇਹੋ ਹੀ ਪ੍ਰਾਰਥਨਾ ਹੈ ਕਿ ਮੇਰੇ ਵਰਗੀ ਖੁਸ਼ੀ ਉਹ ਹਰ ਇਕ ਲੜਕੀ ਨੂੰ ਬਖਸ਼ੇ। ਮੈਂ ਤਾਂ ਸੰਗੀਤ ਜੀ! ਕੰਡਿਆਂ ਕੋਲੋਂ ਵੀ ਪਿਆਰ ਪਾਇਆ ਹੈ। ਮੇਰਾ ਜੀਵਨ ਸਿਰਫ ਖੁਸ਼ੀ ਲਈ ਹੀ ਸ਼ਾਇਦ ਬਣਿਆ ਸੀ। ਮੈਂ ਵੀ ਤੁਹਾਡੀ ਤਰ੍ਹਾਂ ਬਚਪਨ ਵਿਚ ਹੀ ਮਾਂ ਦੀ ਮਮਤਾ ਨੂੰ ਗਵਾ ਬੈਠੀ ਸਾਂ। ਠੰਡੀ ਛਾਂ ਵਾਲਾ ਰੁੱਖ ਡਿਗ ਪਿਆ ਸੀ। ਉਸ ਸਮੇਂ ਮੇਰੀ ਉਮਰ ਕੋਈ ਚਾਰ ਪੰਜ ਸਾਲ ਦੀ ਸੀ। ਮੇਰੇ ਪਿਤਾ ਜੀ ਨੇ ਘਰ ਦਿਆਂ ਦੇ ਮਜਬੂਰ ਕਰਨ 'ਤੇ ਦੂਸਰਾ ਵਿਆਹ ਕੀਤਾ। ਮੇਰੇ ਪਿਤਾ ਜੀ, ਦਾਦਾ ਅਤੇ ਦਾਦੀ ਜੀ ਸਾਰੇ ਹੀ ਬਹੁਤ ਪਿਆਰ ਕਰਦੇ ਸਨ। ਮੈਂ ਸਾਰਿਆਂ ਦੀਆਂ ਅੱਖਾਂ ਦਾ ਨੂਰ ਸਾਂ। ਘਰ ਵਿਚ ਸਭ ਤੋਂ ਛੋਟੀ ਹੋਣ ਕਾਰਨ ਲਾਡ ਅਤੇ ਪਿਆਰ ਨਾਲ ਪਲੀ ਹਾਂ। ਮੇਰੇ ਪਿਤਾ ਜੀ ਵੀ ਦਾਦਾ ਜੀ ਦੀ ਇਕੱਲੀ ਔਲਾਦ ਸਨ। ਮੇਰੇ ਪਿਤਾ ਜੀ ਦੀ ਦੂਸਰੀ ਪਤਨੀ ਮੇਰੀ ਮਾਸੀ ਜੀ ਹਨ। ਬਿਲਕੁਲ ਉਹ ਮੇਰੀ ਮਾਂ ਜੀ ਵਰਗੇ ਹਨ। ਸ਼ਕਲ, ਸੂਰਤ, ਸੁਭਾਵ ਅਤੇ ਸਲੂਕ ਵਿਚ ਕੋਈ ਭੇਦ-ਭਾਵ ਨਹੀਂ ਹੈ। ਉਹਨਾਂ ਦੇ ਨਾਲ ਮਿਲਣ ਜੁਲਣ ਵਿਚ ਮੈਨੂੰ ਕੋਈ ਤਕਲੀਫ਼ ਪੇਸ਼ ਨਹੀਂ ਆਈ।

ਕੁਝ ਹੀ ਦਿਨਾਂ ਵਿਚ ਮੈਂ ਫਿਰ ਮਾਂ ਦੀ ਗੋਦ ਵਿਚ ਸਾਂ। ਉਸ ਗੋਦ ਵਿਚ ਵੀ ਓਨੀ ਹੀ ਮਮਤਾ ਅਤੇ ਨਿੱਘ ਸੀ ਜਿੰਨਾ ਮੇਰੀ ਮਾਂ ਦੀ ਗੋਦ ਵਿਚ। ਮੈਂ ਇਸ ਫਰਕ ਨੂੰ ਕਦੀ ਵੀ ਨਹੀਂ ਸਮਝ ਸਕੀ ਕਿ ਮੇਰੀ ਮਾਂ ਇਹ ਹੈ ਜਾਂ ਜਿਹੜੀ ਮੈਨੂੰ ਛੱਡ ਕੇ ਚਲੀ ਗਈ ਸੀ। ਮੈਂ ਸਦਾ ਇਹੋ ਹੀ ਸੋਚਦੀ ਕਿ ਮੇਰੀ ਮਾਂ ਦਾ ਅਸਲੀ ਰੂਪ ਇਹੋ ਹੈ ਜਿਸ ਨੇ ਮੇਰਾ ਪਾਲਣ-ਪੋਸ਼ਣ ਕੀਤਾ ਹੈ। ਮੇਰੇ ਪਿਤਾ ਜੀ ਵੀ ਅਧਿਆਪਕ ਹਨ। ਬਹੁਤ ਹੀ ਸ਼ਾਂਤ ਸੁਭਾਵ ਦੇ ਮਨੁੱਖ ਹਨ। ਉਹਨਾਂ ਦੀ ਅਗਵਾਈ ਹੇਠ ਮੈਂ ਐਮ.ਏ. ਕੀਤੀ ਹੈ ਤੇ ਪੜ੍ਹਾਉਣ ਦਾ ਪੇਸ਼ਾ ਚੁਣਿਆ ਹੈ।

ਸੰਗੀਤ ਜੀ! ਮੇਰੀ ਇਕ ਹੋਰ ਭੈਣ ਹੈ ਜਿਹੜੀ ਮੇਰੇ ਤੋਂ ਛੇ ਸਾਲ ਛੋਟੀ ਹੈ ਅਤੇ ਦੋ ਭਰਾ ਹਨ ਉਸ ਤੋਂ ਵੀ ਛੋਟੇ। ਸਾਡੇ ਘਰ ਵਿਚ ਬਸ ਖੁਸ਼ੀ ਹੀ ਖੁਸ਼ੀ ਹੈ। ਯਾਦਮਾਤ੍ਰ ਵੀ ਕੋਈ ਇਹੋ ਜਿਹੀ ਘਟਨਾ ਨਹੀਂ ਜਿਸ ਨੇ ਮੇਰੇ ਜੀਵਨ ਵਿਚ ਦੁਖ ਦਾ ਜ਼ਹਿਰ ਘੋਲਿਆ ਹੋਵੇ। ਮੈਂ ਜੋ ਕੁਝ ਵੀ ਰੱਬ ਤੋਂ ਮੰਗਿਆ ਹੈ ਮੈਨੂੰ ਪ੍ਰਾਪਤ ਹੋਇਆ ਹੈ। ਤੁਹਾਨੂੰ ਵੇਖ ਕੇ ਤੁਹਾਨੂੰ ਪਾਣ ਦੀ ਇਛਾ ਕੀਤੀ ਸੀ ਉਹ ਵੀ ਪੂਰੀ ਹੋ ਗਈ। ਤੁਸੀਂ ਜਾਣਦੇ ਨਹੀਂ ਹੋਵੋਗੇ ਕਿ ਮੇਰੇ ਪਿਤਾ ਜੀ ਰਿਟਾਇਰ ਹੋਣ ਵਾਲੇ ਹਨ। ਉਨ੍ਹਾਂ ਦੀ ਬਹੁਤ ਚਿਰ ਦੀ ਇਛਾ ਹੈ ਕਿ ਮੇਰੀ ਸ਼ਾਦੀ ਕਰ ਦੇਣ ਕਿਉਂਕਿ ਇਸ ਸਮੇਂ ਮੈਂ ਅਠਾਈ ਸਾਲ ਦੀ ਹਾਂ। ਇਸ ਲਈ ਸੰਗੀਤ ਜੀ! ਅਗਰ ਜੀਵਨ ਦਾ ਸਫਰ ਸ਼ੁਰੂ ਕਰਨਾ ਹੀ ਹੈ ਤਾਂ ਛੇਤੀ ਹੀ ਕਿਉਂ ਨਾ ਕਰ ਲਿਆ ਜਾਏ? ਅਸੀਂ ਆਪਣਾ ਭਲਾ ਬੁਰਾ ਸੋਚ ਸਕਦੇ ਹਾਂ। ਜੀਵਨ ਦਾ ਫੈਸਲਾ ਕਰ ਚੁੱਕੇ ਹਾਂ ਕਿਓਂ ਨਾ ਇਕ ਹੋ ਜਾਈਏ? ਕਿਉਂ ਨਾ ਉਸ ਖਿਆਲਾਂ ਦੇ ਮਹਿਲ ਨੂੰ ਅਸਲੀ ਜਾਮਾ ਪਹਿਨਾਈਏ? ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੀ ਅਤੇ ਤੁਹਾਡੀ ਜਾਤ-ਪਾਤ ਵਿਚ ਫਰਕ ਹੈ। ਸਮਾਜ ਦੀ ਸਰਹੱਦ ਤੋਂ ਬਾਹਰ ਪੈਰ ਰੱਖਣਾ ਵੀ ਗੁਨਾਹ ਹੈ ਪਰ ਮੈਂ ਇਹ ਸਭ ਔਕੜਾਂ ਦਾ ਮੁਕਾਬਲਾ ਕਰ ਲਵਾਂਗੀ। ਤਦ ਤਕ ਮੈਂ ਕਿਸੇ ਗੱਲ ਦਾ ਜ਼ਿਕਰ ਪਿਤਾ ਜੀ ਨਾਲ ਨਹੀਂ ਕਰ ਸਕਦੀ ਜਦ ਤਕ ਕਿ ਤੁਸੀਂ ਵਿਆਹ ਲਈ ਹਾਂ ਨਹੀਂ ਕਰ ਦਿੰਦੇ। ਮੈਂ ਤੁਹਾਡੇ ਹਰ ਵਿਚਾਰ ਨਾਲ ਸਹਿਮਤ ਹਾਂ। ਜਿਸ ਤਰ੍ਹਾਂ ਤੁਸੀਂ ਕਹੋਗੇ ਮੈਂ ਉਸ ਤਰ੍ਹਾਂ ਹੀ ਕਰ ਲਵਾਂਗੀ।

ਸੰਗੀਤ ਜੀ! ਮੈਨੂੰ ਪੂਰਾ ਵਿਸ਼ਵਾਸ ਹੈ ਕਿ ਮੇਰੇ ਪਿਤਾ ਜੀ ਮੰਨ ਜਾਣਗੇ, ਉਹ ਬੜੇ ਉੱਚੇ ਅਤੇ ਸੁੱਚੇ ਵਿਚਾਰਾਂ ਦੇ ਮਾਲਕ ਹਨ। ਮੇਰੀ ਖੁਸ਼ੀ ਲਈ ਉਹ ਸਮਾਜ, ਰੀਤੀ-ਰਿਵਾਜ਼ ਅਤੇ ਜ਼ਾਤ-ਪਾਤ ਦੇ ਬੰਧਨਾਂ ਦਾ ਉਲੰਘਣ ਕਰ ਸਕਦੇ ਹਨ। ਇਸ ਪੱਤਰ ਦੇ ਨਾਲ ਮੈਂ ਤੁਹਾਨੂੰ ਆਪਣੀ ਇਕ ਤਸਵੀਰ ਭੇਜ ਰਹੀ ਹਾਂ ਤਾਂ ਕਿ ਤੁਹਾਨੂੰ ਮੇਰੀ ਸੂਰਤ ਤਾਂ ਯਾਦ ਰਹਿ ਸਕੇ ਕਿਉਂਕਿ ਪਿਛਲੀ ਮੁਲਾਕਾਤ ਵਿਚ ਤੁਸੀਂ ਠੀਕ ਤਰ੍ਹਾਂ ਨਹੀਂ ਸੀ ਮੈਨੂੰ ਵੇਖਿਆ। ਤੁਹਾਡੀ ਸੂਰਤ ਤਾਂ ਮੇਰੇ ਮਨ ਤੇ ਉਕਰੀ ਹੋਈ ਹੈ, ਫਿਰ ਵੀ ਤੁਸੀਂ ਆਪਣੀ ਤਸਵੀਰ ਭੇਜ ਦੇਣੀ ਤਾਂ ਕਿ ਮੈਂ ਆਪਣੀ ਪਸੰਦ ਮਾਤਾ ਜੀ ਅਤੇ ਪਿਤਾ ਜੀ ਨੂੰ ਵਿਖਾ ਸਕਾਂ। ਚਿੱਠੀ ਦੀ ਉਡੀਕ ਵਿਚ।

ਆਪ ਜੀ ਦੀ

◆ **ਕਵਿਤਾ**

ਪ੍ਰਿਅ ਕਵਿਤਾ ਜੀ!

ਸ਼ੁਭ ਕਾਮਨਾ। ਤੁਹਾਡੀ 10 ਜੁਲਾਈ ਦੀ ਚਿੱਠੀ 14 ਜੁਲਾਈ ਨੂੰ ਮਿਲ ਗਈ ਸੀ। ਉਤਰ ਦੇਣ ਵਿਚ ਦੇਰੀ ਹੋ ਗਈ ਇਸ ਲਈ ਮਾਫੀ ਚਾਹੁੰਦਾ ਹਾਂ। ਦੇਰ ਨਾਲ ਉਤਰ ਦੇਣ ਦਾ ਕਾਰਨ ਇਹ ਹੈ ਕਿ ਮੇਰਾ ਨਾਵਲ ਪ੍ਰਕਾਸ਼ਿਤ ਹੋਇਆ ਹੈ ਜਿਸ ਦੇ ਕਾਰਨ ਮੈਂ ਕਾਫ਼ੀ ਰੁਝਿਆ ਰਿਹਾ ਅਤੇ ਉਤਰ ਦੇਣ ਦਾ ਸਮਾਂ ਨਹੀਂ ਮਿਲਿਆ। ਮੇਰਾ ਨਵਾਂ ਨਾਵਲ "ਕਰੂਪਤਾ" ਪ੍ਰਕਾਸ਼ਿਤ ਹੋਇਆ ਹੈ ਉਸ ਦੀ ਇਕ ਕਾਪੀ ਮੈਂ ਤੁਹਾਨੂੰ ਭੇਜ ਰਿਹਾ ਹਾਂ। ਉਮੀਦ ਹੈ ਕਿ ਪਸੰਦ ਕਰੋਗੇ।

ਕਵਿਤਾ ਜੀ! ਤੁਸੀਂ ਹਰ ਇਕ ਕੰਮ ਬੜੀ ਤੇਜ਼ੀ ਨਾਲ ਕਰਦੇ ਹੋ। ਪਹਿਲੇ ਪ੍ਰੇਮ ਜਾਲ ਵਿਚ ਝਟਪਟ ਕੈਦ ਕਰ ਲਿਆ ਹੁਣ ਵਿਆਹ ਰੂਪੀ ਮਹਿਲ ਵਿਚ ਕੈਦ ਕਰਨਾ ਚਾਹੁੰਦੇ ਹੋ। ਠੀਕ ਹੈ ਹਰ ਲੜਕੀ ਚਾਹੁੰਦੀ ਹੈ ਕਿ ਉਸ ਦਾ ਪਿਆਰ ਵਿਆਹ ਦੀ ਮੰਜ਼ਿਲ ਤਕ ਛੇਤੀ ਪਹੁੰਚੇ। ਪਰ ਮੈਨੂੰ ਵੀ ਸੋਚਣ ਦਾ ਮੌਕਾ ਦਿਉ। ਜੀਵਨ ਦੇ ਇਹੋ ਜਿਹੇ ਗੰਭੀਰ ਮਸਲਿਆਂ ਦਾ ਫ਼ੈਸਲਾ ਇਕ ਜਾਂ ਦੋ ਦਿਨ ਵਿਚ ਨਹੀਂ ਹੋ ਜਾਂਦਾ। ਕਾਫ਼ੀ ਵਕਤ ਲਗਦਾ ਹੈ, ਬਹੁਤ ਕੁਝ ਸੋਚਣਾ ਪੈਂਦਾ ਹੈ। ਵਿਆਹ ਅਤੇ ਪਿਆਰ ਜੀਵਨ ਦੇ ਦੋ ਪਹਿਲੂ ਹਨ। ਵਿਆਹ ਸੋਚ ਸਮਝ ਕੇ ਕੀਤਾ ਜਾਂਦਾ ਹੈ ਅਤੇ ਪਿਆਰ ਬੇ-ਸਮਝੇ ਤੇ ਅਨਜਾਣੇ ਵਿਚ ਹੋ ਜਾਂਦਾ ਹੈ। ਵਿਆਹ ਦਾ ਕੇਂਦਰ ਦਿਮਾਗ ਹੈ ਅਤੇ ਪਿਆਰ ਦਾ ਕੇਂਦਰ ਦਿਲ। ਦਿਮਾਗ ਉੱਤੇ ਮਨੁੱਖ ਕਾਬੂ ਪਾ ਲੈਂਦਾ ਹੈ ਪਰ ਦਿਲ ਨੂੰ ਕੋਈ ਕਾਬੂ ਨਹੀਂ ਕਰ ਸਕਦਾ। ਜਿਹੜਾ ਮਨੁੱਖ ਮਨ ਨੂੰ ਜਿੱਤ ਲਵੇ ਉਹ ਜਗ ਜਿੱਤ ਲੈਂਦਾ ਹੈ। ਇਸ ਲਈ ਕਵਿਤਾ ਜੀ! ਮੈਨੂੰ ਠੰਡੇ ਦਿਮਾਗ ਤੋਂ ਸੋਚ ਲੈਣ ਦਿਉ। ਇਹੋ ਜਿਹੇ ਵਕਤ 'ਤੇ ਦਿਲ ਅਤੇ ਦਿਮਾਗ ਦੋਨੋਂ ਦਾ ਮੁਕਾਬਲਾ ਹੋ ਜਾਂਦਾ ਹੈ ਕਿਉਂਕਿ ਵਿਚਾਰਾਂ ਤੋਂ ਭਾਵਨਾਵਾਂ ਜ਼ਿਆਦਾ ਸ਼ਕਤੀਵਾਨ ਹੁੰਦੀਆਂ ਹਨ।

ਬਾਕੀ ਰਿਹਾ ਸਮਾਜ, ਤੁਸੀਂ ਤਾਂ ਜਾਣਦੇ ਹੋ ਕਿ ਸਾਡਾ ਸਮਾਜ ਇਕ ਖੋਖਲਾ ਢਾਂਚਾ ਹੈ ਜਿਸ ਨੂੰ ਅੰਦਰੋਂ-ਅੰਦਰੀਂ ਕੁਰੀਤੀਆਂ ਅਤੇ ਬੰਧਨਾਂ ਦਾ ਕੀੜਾ ਖਾ ਚੁੱਕਿਆ ਹੈ। ਇਸ ਸਮਾਜ ਵਿਚ ਗਰੀਬ ਅਤੇ ਠੁਕਰਾਇਆ ਹੋਇਆ ਮਨੁੱਖ ਜੋ ਵੀ ਚੰਗਾ ਕੰਮ ਕਰੇ ਪਾਪ ਸਮਝਿਆ ਜਾਂਦਾ ਹੈ। ਇਹ ਸਮਾਜ ਅਮੀਰਾਂ ਦੀ ਬਣਾਈ ਹੋਈ ਇਕ ਸੰਸਥਾ ਹੈ ਜਿਸ ਦੇ ਪਰਦੇ ਪਿਛੇ ਉਹ ਆਪਣਾ ਹਰ ਇਕ ਮਤਲਬ ਕੱਢਦੇ ਹਨ ਅਤੇ ਹਰ ਇਕ ਨੀਚ ਕੰਮ ਕਰਦੇ ਹਨ। ਅਸੀਂ ਜਾਣਦੇ ਹਾਂ ਕਿ ਸਮਾਜ ਵਿਚ ਵੀ ਬੁਰਾਈਆਂ ਹਨ ਫਿਰ ਵੀ ਅਸੀਂ ਆਪਣੇ ਆਪ ਨੂੰ ਇਸ ਸਮਾਜ ਦਾ ਇਕ ਅੰਗ ਸਮਝਦੇ ਹਾਂ ਇਸ ਸੰਸਥਾ ਦੇ ਮੈਂਬਰ ਹਾਂ। ਅਸੀਂ ਇਸ ਨੂੰ ਠੁਕਰਾ ਨਹੀਂ ਸਕਦੇ। ਕਵਿਤਾ ਜੀ! ਜਿਹੜਾ ਇਸ ਸਮਾਜ ਨੂੰ ਠੁਕਰਾ ਦੇਵੇ ਸੰਸਾਰ ਵਿਚ ਉਸ ਨੂੰ ਕੋਈ ਸਹਾਰਾ ਨਹੀਂ ਦਿੰਦਾ। ਹਰ ਇਕ ਉਸ ਨੂੰ ਨਫ਼ਰਤ ਕਰਦਾ ਹੈ। ਸਮਾਜ ਵਿਚ ਰਹਿ

ਕੇ ਹੀ ਇਸ ਦੀਆਂ ਖਾਮੀਆਂ ਦਾ ਮੁਕਾਬਲਾ ਕਰਨਾ ਸਾਡਾ ਫ਼ਰਜ਼ ਹੈ। ਮੈਨੂੰ ਖੁਸ਼ੀ ਹੈ ਕਿ ਤੁਸੀਂ ਇਹਨਾਂ ਔਕੜਾਂ ਨੂੰ ਸਹਿ ਸਕਦੇ ਹੋ।

ਕਵਿਤਾ ਜੀ! ਤੁਸੀਂ ਕੇਵਲ ਖੁਸ਼ੀ ਵੇਖੀ ਹੈ ਜੀਵਨ ਵਿਚ। ਬੜੇ ਖੁਸ਼ਕਿਸਮਤ ਹੋ। ਹੋ ਸਕਦਾ ਹੈ ਤੁਹਾਡੀ ਖੁਸ਼ੀ ਦੀ ਇਕ ਕਿਰਨ ਮੇਰੇ ਜੀਵਨ 'ਤੇ ਪੈ ਕੇ ਮੈਨੂੰ ਵੀ ਸੁਖੀ ਕਰ ਦੇਵੇ। ਪਰ ਮੇਰਾ ਇਕ ਦੁੱਖ ਤੇ ਨਹੀਂ ਹਜ਼ਾਰਾਂ ਦੁੱਖ ਹਨ। ਆਤਮਿਕ ਦੁੱਖ ਅਤੇ ਸਰੀਰਕ ਦੁੱਖ। ਮੈਂ ਤੁਹਾਨੂੰ ਪਹਿਲੇ ਲਿਖਣਾ ਭੁੱਲ ਗਿਆ ਸੀ ਕਿ ਮੈਂ ਇਕ ਬਿਮਾਰੀ ਦਾ ਸ਼ਿਕਾਰ ਹਾਂ। ਇਹੋ ਜਿਹੀ ਬੀਮਾਰੀ ਜਿਸ ਦਾ ਭਾਰਤ ਵਿਚ ਕੋਈ ਇਲਾਜ ਨਹੀਂ। ਮੈਂ ਇਲਾਜ ਕਰਵਾ ਬੈਠਾ ਹਾਂ ਪਰ ਕੋਈ ਫ਼ਾਇਦਾ ਨਾ ਹੋਇਆ। ਮੈਨੂੰ ਪੇਟ ਦੀ ਕੈਂਸਰ ਦੀ ਤਕਲੀਫ਼ ਹੈ। ਬਾਹਰ ਜਾ ਕੇ ਇਲਾਜ ਕਰਵਾਉਣ ਲਈ ਪੈਸਾ ਨਹੀਂ। ਇਸ ਲਈ ਕਵਿਤਾ ਜੀ! ਇਹ ਸੋਚਦਾ ਹਾਂ ਕਿਦੇ ਸੱਜੇ ਸਜਾਏ ਸੁਪਨੇ ਟੁੱਟ ਨਾ ਜਾਣ। ਤੁਹਾਡੇ ਮਹਿਲਾਂ ਵਿਚ ਭੁਚਾਲ ਆ ਜਾਏਗਾ। ਇਸ ਬੀਮਾਰੀ ਦਾ ਦੌਰਾ ਕਦੋਂ ਪਵੇ ਕੋਈ ਨਹੀਂ ਜਾਣਦਾ। ਮੈਂ ਤੁਹਾਡੇ ਕੋਲੋਂ ਕੁਝ ਵੀ ਨਹੀਂ ਲੁਕਾਉਣਾ ਚਾਹੁੰਦਾ।

ਕਵਿਤਾ ਜੀ! ਇਸ ਵਿਚ ਕੋਈ ਸ਼ਕ ਨਹੀਂ ਕਿ ਤੁਸੀਂ ਮੈਨੂੰ ਇਕ ਉਮੀਦ ਦਾ ਰਸਤਾ ਵਿਖਾਇਆ ਹੈ। ਮੈਂ ਜੀਵਨ ਦੇ ਖੇਡ ਵਿਚ ਜਦੋਂ ਆਪਣੇ ਆਪ ਨੂੰ ਹਾਰਿਆ ਹੋਇਆ ਸਮਝਦਾ ਸਾਂ ਤੁਸੀਂ ਜਿਤਣ ਦੀ ਇਕ ਪ੍ਰੇਰਨਾ ਦਿਤੀ। ਪਰ ਇਕ ਜ਼ਖਮੀ ਸਿਪਾਹੀ ਕੀ ਜਿੱਤ ਸਕਦਾ ਹੈ? ਤੁਸੀਂ ਮੇਰੇ ਜੀਵਨ ਨੂੰ ਸੁਖੀ ਬਨਾਉਣ ਵਿਚ ਸਫਲ ਹੋਵੋਗੇ ਜਾਂ ਨਹੀਂ ਪ੍ਰਮਾਤਮਾ ਹੀ ਜਾਣਦਾ ਹੈ ਫਿਰ ਵੀ ਉਮੀਦ ਤੇ ਸੰਸਾਰ ਜੀਂਦਾ ਹੈ। ਤੁਹਾਡਾ ਦ੍ਰਿੜ੍ਹ ਵਿਸ਼ਵਾਸ਼ ਸਭ ਕੁਝ ਕਰ ਸਕਦਾ ਹੈ।

ਤੁਹਾਡੀ ਤਸਵੀਰ ਵੀ ਮਿਲੀ। ਬਿਲਕੁਲ ਜਾਣੀ ਪਛਾਣੀ। ਮੈਂ ਇਸ ਨੂੰ ਕਿਸ ਤਰਾਂ ਭੁੱਲ ਸਕਦਾ ਹਾਂ? ਪਿਛਲੇ ਜਨਮ ਵਿਚ ਵੀ ਤਾਂ ਵੇਖੀ ਹੋਈ ਹੈ। ਮੇਰੀਆਂ ਅੱਖਾਂ ਨੇ ਭਾਵੇਂ ਬਹੁਤ ਥੋੜੀ ਦੇਰ ਲਈ ਵੇਖਿਆ ਪਰ ਦਿਲ ਨੇ ਚੰਗੀ ਤਰਾਂ ਵੇਖ ਲਿਆ ਸੀ। ਕਵਿਤਾ ਜੀ! ਮੇਰੇ ਮਨ ਵਿਚ ਵੀ ਤੁਹਾਨੂੰ ਵੇਖ ਕੇ ਇਹੋ ਜਿਹੇ ਹੀ ਭਾਵ ਪੈਦਾ ਹੋਏ ਹਨ। ਪਰ ਮੈਂ ਡਰਦਾ ਸਾਂ ਕਿਤੇ ਫਿਰ ਨਾ ਭੁੱਲ ਕਰ ਬੈਠਾਂ। ਦਿਲ ਨੂੰ ਦਿਲ ਦੀ ਰਾਹ ਹੁੰਦੀ ਹੈ ਚਾਹਤ ਤਾਂ ਦਿਲ ਵਿਚੋਂ ਹੀ ਪੈਦਾ ਹੁੰਦੀ ਹੈ। ਮੈਂ ਇਕ ਤਸਵੀਰ ਵੀ ਭੇਜ ਰਿਹਾ ਹਾਂ। ਵੈਸੇ ਤਾਂ ਕੁਝ ਪੁਰਾਣੀ ਹੈ ਪਰ ਤੁਸੀਂ ਪਸੰਦ ਕਰੋਗੇ।

ਹਾਂ! ਕਵਿਤਾ ਜੀ! ਇਕ ਗੱਲ ਪੁਛਣੀ ਹੈ। ਤੁਸੀਂ ਬੰਗਾਲੀ ਹੋ ਪਰ ਪੰਜਾਬੀ ਕਿਸ ਤਰਾਂ ਜਾਣਦੇ ਹੋ? ਜ਼ਾਤ-ਪਾਤ ਦਾ ਇਹ ਬੰਧਨ ਤੁਸੀਂ ਕਿਸ ਤਰ੍ਹਾਂ ਤੋੜ ਸਕਦੇ ਹੋ? ਖ਼ੈਰ! ਮੇਰੀ ਤਾਂ ਕੋਈ ਜਾਤ ਨਹੀਂ। ਮੈਂ ਸਿਰਫ ਮਨੁੱਖਤਾ ਤੇ ਯਕੀਨ ਕਰਦਾ ਹਾਂ। ਮੈਂ ਤਾਂ ਇਹੋ ਹੀ ਚਾਹੁੰਦਾ ਹੈ ਕਿ ਮਨੁੱਖ ਜਾਤ-ਪਾਤ ਦੇ ਵਿਤਕਰੇ ਛੱਡ ਕੇ ਆਪਣੇ ਆਪ ਨੂੰ ਕੇਵਲ ਮਨੁੱਖ ਸਮਝੇ। ਸੰਸਾਰ ਦਾ ਕੇਵਲ ਇਕ ਧਰਮ ਹੋਵੇ। ਇਕ ਦੇਸ਼ ਹੋਵੇ, ਇਕ ਸਰਕਾਰ ਹੋਵੇ। ਇਹੋ ਜਿਹੇ ਸੰਸਾਰ ਵਿਚ ਕੋਈ ਕਿਸੇ ਦਾ ਦੁਸ਼ਮਣ ਨਾ ਹੋਵੇ। ਆਪਸ ਵਿਚ ਵਿਆਹ ਸ਼ਾਦੀ ਦੀ ਕੋਈ ਰੁਕਾਵਟ ਨਾ ਹੋਵੇ।

ਮਨੁੱਖ ਮਨੁੱਖ ਨੂੰ ਪਿਆਰ ਕਰੇ। ਜ਼ਾਤ-ਪਾਤ ਤਾਂ ਸਾਡੀ ਬਣਾਈ ਹੁੰਦੀ ਹੈ। ਪ੍ਰਮਾਤਮਾ ਨੇ ਤਾਂ ਸਿਰਫ਼ ਇਨਸਾਨ ਬਣਾਏ ਹਨ। ਖ਼ੈਰ! ਜੋ ਕੁਝ ਵੀ ਹੈ ਸ਼ਾਇਦ ਮਨੁੱਖਤਾ ਨੂੰ ਜ਼ਿੰਦਾ ਰੱਖਣ ਲਈ ਕੀਤਾ ਹੈ। ਚਿੱਠੀ ਦਾ ਉੱਤਰ ਛੇਤੀ ਦੇਣਾ। ਬਾਕੀ ਅਗਲੇ ਪੱਤਰ ਵਿਚ ਲਿਖਾਂਗਾ।

ਤੁਹਾਡਾ

◆ **-ਸੰਗੀਤ**

ਡਰਾਇਣੀ ਨੂੰ

ਪ੍ਰਿਅ ਕਵਿਤਾ ਜੀ!

ਪਿਆਰ! ਦੋ ਤਿੰਨ ਦਿਨ ਪਹਿਲੇ ਮੈਂ ਇਕ ਪੱਤਰ ਲਿਖਿਆ ਸੀ ਆਸ ਹੈ ਮਿਲ ਗਿਆ ਹੋਵੇਗਾ। ਝਟਪਟ ਦੀ ਦੂਸਰਾ ਪੱਤਰ ਲਿਖਣ ਦੀ ਲੋੜ ਮਹਿਸੂਸ ਹੋਈ। ਮੈਂ ਕੁਝ ਦਿਨਾਂ ਵਾਸਤੇ ਕਸੌਲੀ ਜਾ ਰਿਹਾ ਹਾਂ। ਇਸ ਲਈ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਥੇ ਤੇ ਪਤੇ ਉਤੇ ਉਤਰ ਨਹੀਂ ਦੇਣਾ। ਉਥੇ ਜਾ ਕੇ ਮੈਂ ਪੱਤਰ ਲਿਖਾਂਗਾ ਫਿਰ ਉਤਰ ਦੇਣਾ। ਕਸੌਲੀ ਜਾਣ ਦਾ ਮੇਰਾ ਅਚਾਨਕ ਹੀ ਮਨ ਕਰ ਆਇਆ ਹੈ। ਮੇਰਾ ਹੁਣ ਜਿਹੜਾ ਨਾਵਲ ਛਪਿਆ ਹੈ ਕਾਮਯਾਬ ਸਿੱਧ ਹੋਇਆ ਹੈ। ਸ਼ਾਇਦ ਤੁਹਾਡੇ ਨਾਲ ਮਿਲਣ ਦੀ ਪਹਿਲੀ ਨਿਸ਼ਾਨੀ ਇਹ ਮੇਰੀ ਸਫਲਤਾ ਹੈ। ਇਸ ਤੋਂ ਪਹਿਲੇ ਮੇਰਾ ਕਦੀ ਵੀ ਕੋਈ ਨਾਵਲ ਇਤਨਾ ਨਹੀਂ ਚਲਿਆ। ਇਸ ਤੋਂ ਮੈਨੂੰ ਹੋਰ ਨਾਵਲ ਲਿਖਣ ਦਾ ਉਤਸ਼ਾਹ ਮਿਲਿਆ ਹੈ। ਹੁਣ ਮੈਨੂੰ ਆਪ 'ਤੇ ਭਰੋਸਾ ਹੋਣ ਲਗ ਪਿਆ ਹੈ। ਲਗਦਾ ਹੈ ਹੁਣ ਮੈਂ ਜ਼ਰੂਰ ਪ੍ਰਸਿੱਧ ਹੋ ਜਾਵਾਂਗਾ ਅਤੇ ਇਕ ਦਿਨ ਬਹੁਤ ਵੱਡਾ ਨਾਵਲਕਾਰ ਬਣ ਜਾਵਾਂਗਾ। ਇਹ ਸਵੈ ਭਰੋਸਾ ਤੁਸੀਂ ਹੀ ਮੇਰੇ ਮਨ ਵਿਚ ਪੈਦਾ ਕੀਤਾ ਹੈ।

ਕਵਿਤਾ ਜੀ! ਮੈਂ ਅੱਜ ਹੀ ਕਸੌਲੀ ਜਾ ਰਿਹਾ ਹਾ। ਨਵੇਂ ਨਾਵਲ ਦੀ ਰਚਨਾ ਕਰਨ। ਸ਼ਹਿਰ ਦੀ ਭੀੜ ਅਤੇ ਖੱਪ ਵਿਚ ਮੈਂ ਆਪਣੇ ਮਨ ਨੂੰ ਇਕਾਗਰ ਨਹੀਂ ਰਖ ਸਕਦਾ। ਮੇਰੇ ਵਿਚਾਰ ਵੀ ਭਟਕਦੇ ਰਹਿੰਦੇ ਹਨ। ਲਿਖਣ ਲਈ ਮੈਨੂੰ ਇਕਾਂਤ ਲੋੜੀਂਦਾ ਹੈ ਜਿਥੇ ਇਕੱਲਾਪਨ, ਸ਼ਾਂਤੀ ਅਤੇ ਕੁਦਰਤ ਦੇ ਸ਼ਾਂਤ ਨਜ਼ਾਰੇ ਹੋਣ। ਇਹੋ ਜਿਹੀ ਥਾਂ ਉਤੇ ਮੇਰੇ ਵਿਚਾਰ ਅਤੇ ਭਾਵ ਦਿਲ ਦਿਮਾਗ ਦੀ ਡੂੰਘਿਆਈ ਤੋਂ ਜਨਮ ਲੈਂਦੇ ਹਨ। ਕਲਮ ਵਿਚ ਸ਼ਕਤੀ ਭਰ ਜਾਂਦੀ ਹੈ ਅਤੇ ਉਹ ਕਾਗਜ਼ਾਂ ਦੇ ਸੀਨੇ ਉਤੇ ਸਰਕਦੀ ਹੋਈ ਆਪਣੀ ਯੋਗਤਾ ਦੇ ਨਿਸ਼ਾਨ ਛੱਡ ਜਾਂਦੀ ਹੈ। ਉਨ੍ਹਾਂ ਨਿਸ਼ਾਨਾਂ ਵਿਚੋਂ ਇਕ ਕਲਾ ਉਠਦੀ ਹੈ ਜਿਹੜੀ ਦੁਨੀਆ ਦੇ ਸਾਹਮਣੇ ਬੋਲ ਪੈਂਦੀ ਹੈ। ਉਸ ਕਲਾ ਵਿਚ ਮੈਂ ਆਪਣੇ ਅਰਮਾਨਾਂ ਦੇ ਰੰਗ ਭਰੇ ਹੁੰਦੇ ਹਨ।

ਕਵਿਤਾ ਜੀ! ਮੇਰਾ ਅਗਲਾ ਨਾਵਲ ਹੈ "ਦੋ ਸਵਾਲ" ਜਿਹੜਾ ਕਿ ਮੈਂ ਇਕ ਮਹੀਨੇ ਦੇ ਅੰਦਰ ਪੂਰਾ ਕਰ ਦਿਆਂਗਾ। ਇਸ ਦੌਰਾਨ ਵਿਚ ਪੱਤਰ ਦੇ ਉਤਰ

ਲਗਾਤਾਰ ਦਿੰਦੇ ਰਹਿਣਾ। ਅੱਜ ਕਲ੍ਹ ਮੇਰਾ ਜੀ ਕਰਦਾ ਹੈ ਕਿ ਮੈਂ ਤੁਹਾਡੇ ਕੋਲ ਆ ਜਾਵਾਂ ਜਾਂ ਤੁਹਾਨੂੰ ਇਥੇ ਬੁਲਾ ਲਵਾਂ। ਪਤਾ ਨਹੀਂ ਕੀ ਕਾਰਨ ਹੈ ਕਿ ਮੈਂ ਦਿਨੋਂ-ਦਿਨ ਤੁਹਾਡੇ ਵੱਲ ਝੁਕਦਾ ਜਾ ਰਿਹਾ ਹਾਂ। ਆਸ ਨਹੀਂ ਸੀ ਏਨੀ ਛੇਤੀ-ਛੇਤੀ ਮੈਂ ਆਪਣੇ ਜੀਵਨ ਨੂੰ ਬਦਲ ਲਵਾਂਗਾ। ਕਵਿਤਾ ਜੀ! ਤੁਹਾਡੇ ਵਿਚ ਜ਼ਰੂਰ ਕੋਈ ਸ਼ਕਤੀ ਹੈ ਜਿਸ ਨੇ ਮੈਨੂੰ ਤੁਹਾਡੇ ਵੱਲ ਖਿਚ ਲਿਆ ਹੈ। ਮੈਂ ਕਦੀ ਨਹੀਂ ਸੋਚਿਆ ਸੀ ਕਿ ਜ਼ਖ਼ਮ ਛੇਤੀ ਭਰ ਜਾਣਗੇ। ਅਗਰ ਤੁਹਾਡੀ ਥਾਂ ਕੋਈ ਹੋਰ ਲੜਕੀ ਹੁੰਦੀ ਤਾਂ ਸ਼ਾਇਦ ਹੀ ਉਹ ਆਪਣੇ ਮਕਸਦ ਵਿਚ ਸਫਲ ਹੁੰਦੀ ਪਰ ਤੁਹਾਡੇ ਪਿਛਲੇ ਜਨਮ ਦੇ ਰਿਸ਼ਤੇ ਨੇ ਮੈਨੂੰ ਜਕੜ ਲਿਆ ਹੈ। ਮੈਂ ਜਨਮ ਜਨਮਾਂਤਰ ਦੀਆਂ ਗੱਲਾਂ ਵਿਚ ਕਦੀ ਵਿਸ਼ਵਾਸ ਨਹੀਂ ਸੀ ਕੀਤਾ ਪਰ ਹੁਣ ਇਸ ਤਰ੍ਹਾਂ ਮਲੂਮ ਹੁੰਦਾ ਹੈ ਕਿ ਇਹ ਸੱਚ ਹੈ। ਬਾਕੀ ਮੇਰੀ ਦੂਸਰੀ ਚਿੱਠੀ ਦੀ ਉਡੀਕ ਕਰ ਕੇ ਹੀ ਉਤਰ ਦੇਣਾ ਹੋਰ ਸਭ ਠੀਕ ਹੈ।

ਤੁਹਾਡਾ

◆ **-ਸੰਗੀਤ**

ਕਸੌਲੀ ਦਸ

ਪ੍ਰਿਅ ਕਵਿਤਾ ਜੀ!

ਪਿਆਰ ਹੀ ਪਿਆਰ! ਮੈਂ ਕਸੌਲੀ ਕੱਲ੍ਹ ਪਹੁੰਚ ਗਿਆ ਸੀ ਅਤੇ ਕਾਫੀ ਥਕਾਵਟ ਦੇ ਕਾਰਨ ਕੱਲ੍ਹ ਪੱਤਰ ਨਹੀਂ ਲਿਖ ਸਕਿਆ। ਇਥੇ ਮੌਸਮ ਬਹੁਤ ਸੁਹਾਵਣਾ ਅਤੇ ਬੱਦਲਵਾਈ ਹੈ। ਹਰ ਪਾਸੇ ਸ਼ਾਂਤੀ ਭਰਿਆ ਵਾਤਾਵਰਣ ਹੈ। ਮੈਂ ਇਥੇ ਇਕ ਹੋਟਲ ਵਿਚ ਰੁਕਿਆ ਹਾਂ। ਕਵਿਤਾ ਜੀ! ਅੱਜ ਕਲ੍ਹ ਇਹ ਨਜ਼ਾਰੇ ਚੰਗੇ ਲਗਣ ਲਗ ਪਏ ਹਨ। ਕੁਦਰਤ ਦੀ ਸੁੰਦਰਤਾ ਜਿਹੜੀ ਮੈਨੂੰ ਪਹਿਲੇ ਵੀਰਾਨ ਲਗਦੀ ਸੀ, ਹੁਣ ਮਹਿਕਦੀ ਅਤੇ ਮੁਸਕਰਾਉਂਦੀ ਹੋਈ ਨਵ-ਵਿਆਹੀ ਵਹੁਟੀ ਦੀ ਤਰ੍ਹਾਂ ਲਗ ਰਹੀ ਹੈ। ਇਸ ਹੋਟਲ ਦੇ ਚੁਗਿਰਦ ਬਹੁਤ ਹੀ ਸੁਹਾਵਣਾ ਦਿਲਕਸ਼ ਵਾਤਾਵਰਣ ਹੈ। ਜਦੋਂ ਦੂਰ ਪਹਾੜਾਂ ਦੀਆਂ ਚੋਟੀਆਂ ਵੱਲ ਵੇਖਦਾ ਹਾਂ ਤਾਂ ਇਕ ਰੰਗੀਨ ਖਿਆਲ ਵਿਚ ਗੁਆਚ ਜਾਂਦਾ ਹਾਂ। ਇਸ ਤਰ੍ਹਾਂ ਲਗਦਾ ਹੈ ਜਿਵੇਂ ਤੁਸੀਂ ਉਹਨਾਂ ਚੋਟੀਆਂ ਵਿਚੋਂ ਇਕ ਅਪਸਰਾ ਦੀ ਤਰ੍ਹਾਂ ਕਲੋਲ ਕਰਦੀ ਹੋਈ ਮੇਰੇ ਵੱਲ ਵਧ ਰਹੀ ਹੋਵੋ। ਉਹਨਾਂ ਚੋਟੀਆਂ ਦੀ ਦੂਰੀ ਬਹੁਤ ਜ਼ਿਆਦਾ ਹੈ। ਤੁਸੀਂ ਮੇਰੇ ਕੋਲ ਪਹੁੰਚ ਵੀ ਨਹੀਂ ਸਕਦੇ। ਪਹੁੰਚਣ ਤੋਂ ਪਹਿਲੇ ਹੀ ਉਹ ਖਿਆਲਾਂ ਦੀ ਲੜੀ ਟੁੱਟ ਜਾਂਦੀ ਹੈ। ਫਿਰ ਮੈਂ ਦੁਖੀ ਹੋ ਜਾਂਦਾ ਹਾਂ। ਯਾਦ ਤੜਫਾ ਦਿੰਦੀ ਹੈ। ਭੂਤਕਾਲ ਦਾ ਟੁੱਟਿਆ ਹੋਇਆ ਸੁਪਨਾ ਕੰਬਾ ਦਿੰਦਾ ਹੈ। ਇਹੋ ਹੀ ਸੋਚ ਕੇ ਦਿਲ ਨੂੰ ਤਸੱਲੀ ਦੇ ਲੈਂਦਾ ਹਾਂ, "ਮਿਲੇਗਾ ਏਕ ਦਿਨ ਜ਼ਰੂਰ ਆਸ਼ਿਆਨਾ ਅਗਰ ਹੋਗਾ ਮੁਕੱਦਰ ਮੇਂ।"

ਕਵਿਤਾ ਜੀ! ਕਈ ਮਨੁੱਖ ਤਾਂ ਯਾਦਾਂ ਦੇ ਸਹਾਰੇ ਜੀਵਨ ਬਿਤਾ ਲੈਂਦੇ ਹਨ।

ਢੱਠੇ ਹੋਏ ਮਹਿਲਾਂ ਦੇ ਖੰਡਰਾਂ ਵਿਚ ਆਪਣੀ ਮੰਜ਼ਿਲ ਲੱਭ ਲੈਂਦੇ ਹਨ। ਸ਼ਰਾਬ ਦੇ ਪਿਆਲਿਆਂ ਵਿਚ ਗ਼ਮ ਨੂੰ ਭਰ ਕੇ ਪੀ ਜਾਂਦੇ ਹਨ ਪਰ ਮੈਂ ਕਦੀ ਵੀ ਇਸ ਤਰ੍ਹਾਂ ਨਹੀਂ ਕਰ ਸਕਿਆ। ਯਾਦਾਂ ਦੇ ਸਹਾਰੇ ਮੈਂ ਕਦੀ ਵੀ ਦਿਨ ਨਹੀਂ ਲੰਘਾ ਸਕਿਆ। ਗਮ ਭੁਲਾਉਣ ਲਈ ਜਦੋਂ ਵੀ ਸ਼ਰਾਬ ਪੀਤੀ ਗ਼ਮਾਂ ਨੇ ਮੈਨੂੰ ਹੋਰ ਵੀ ਜ਼ਿਆਦਾ ਘੇਰਿਆ। ਪੁਰਾਣੀਆਂ ਭੁੱਲੀਆਂ ਅਤੇ ਵਿਸਰੀਆਂ ਯਾਦਾਂ ਵੀ ਤਾਜ਼ਾ ਹੋ ਗਈਆਂ। ਤੜਫ ਘਟ ਹੋਣ ਦੀ ਥਾਂ ਵਧ ਹੀ ਗਈ। ਵਧਦੀ ਤੜਫ ਨੂੰ ਘਟਾਉਣ ਲਈ ਮੈਂ ਪੀਂਦਾ ਰਹਿੰਦਾ ਹਾਂ ਜਦ ਤਕ ਸਭ ਕੁਝ ਭੁੱਲ ਨਾ ਜਾਵਾਂ। ਦਿਲ ਨੂੰ ਰਾਤ ਭਰ ਲਈ ਯਾਦਾਂ ਤੋਂ ਫੁਰਸਤ ਮਿਲ ਜਾਂਦੀ ਪਰ ਜਦੋਂ ਸਵੇਰ ਆਉਂਦੀ ਤਾਂ ਫਿਰ ਉਹੋ ਹੀ ਗ਼ਮ ਘੇਰ ਲੈਂਦੇ। ਸ਼ਰਾਬ ਗ਼ਮ ਭੁਲਾ ਦਿੰਦੀ ਹੈ ਇਹ ਸੋਚ ਕਿ ਪੀਂਦਾ ਰਿਹਾ। ਕਵਿਤਾ ਜੀ! ਹੁਣ ਤਾਂ ਉਹ ਅਸਰ ਵੀ ਨਹੀਂ ਕਰਦੀ। ਜਿੰਨੀ ਵੀ ਪੀ ਲਵਾਂ ਇਸ ਤਰ੍ਹਾਂ ਲਗਦਾ ਹੈ ਕਿ ਪੀਤੀ ਹੀ ਨਹੀਂ। ਮੈਂ ਆਪਣਾ ਖ਼ੂਨ ਵੇਚ ਕੇ ਵੀ ਸ਼ਰਾਬ ਪੀਤੀ ਹੈ। ਉਸ ਵਕਤ ਜੀਊਣ ਦੀ ਮੈਨੂੰ ਕੋਈ ਇਛਾ ਨਹੀਂ ਸੀ ਪਰ ਜਦੋਂ ਤੋਂ ਤੁਹਾਨੂੰ ਵੇਖਿਆ ਹੈ ਫਿਰ ਜੀਊਣ ਨੂੰ ਜੀਅ ਕਰਦਾ ਹੈ। ਹੁਣ ਵੀਨਾ ਦੀ ਯਾਦ ਦੇ ਨਾਲ ਤੁਹਾਡੀ ਵੀ ਯਾਦ ਆਉਣ ਲਗ ਪਈ ਹੈ ਪਰ ਅੱਜ ਕਲ੍ਹ ਮੇਰੇ ਦਿਮਾਗ ਵਿਚ ਕਾਫੀ ਜੱਦੋ-ਜਹਿਦ ਚਲਦੀ ਰਹਿੰਦੀ ਹੈ। ਵੀਨਾ ਦੀ ਯਾਦ ਨੂੰ ਤੁਸੀਂ ਮਿਟਾਉਣ ਦੀ ਕੋਸ਼ਿਸ਼ ਕਰਦੇ ਹੋ ਅਤੇ ਉਸ ਦੀ ਯਾਦ ਗ਼ਮਾਂ ਨੂੰ ਵਧਾਉਣ ਦੀ। ਇਕ ਤਰਫ ਮੇਰੀ ਤਬਾਹੀ ਦੇ ਆਸਾਰ ਹਨ ਅਤੇ ਦੂਸਰੀ ਤਰਫ ਅਬਾਦੀ ਦੇ ਪਰ ਚੰਗਿਆਈ ਸਦਾ ਹੀ ਬੁਰਾਈ ਨੂੰ ਜੜ੍ਹਾਂ ਤੋਂ ਉਖੇੜ ਦਿੰਦੀ ਹੈ। ਜਦੋਂ ਵੀ ਮੈਂ ਤੁਹਾਡੇ ਦ੍ਰਿੜ੍ਹ ਫੈਸਲੇ ਦਾ ਮੁਕਾਬਲਾ ਵੀਨਾ ਦੀ ਨਦਾਨੀ ਨਾਲ ਕਰਦਾ ਹਾਂ ਤਾਂ ਇਹੋ ਹੀ ਜਵਾਬ ਮਿਲਦਾ ਹੈ ਦਿਲ ਦੀ ਜ਼ਬਾਨ ਕੋਲੋਂ ਕਿ ਵੀਨਾ ਮੇਰੇ ਕਾਬਲ ਨਹੀਂ ਸੀ। ਉਸ ਨੇ ਮੈਨੂੰ ਸੱਚੇ ਦਿਲੋਂ ਪਿਆਰ ਨਹੀਂ ਕੀਤਾ। ਪਿਆਰ ਕੀਤਾ ਹੁੰਦਾ ਤਾਂ ਉਸ ਨੂੰ ਮੇਰੇ ਉਤੇ ਵਿਸ਼ਵਾਸ ਜ਼ਰੂਰ ਹੁੰਦਾ, ਉਸ ਦੇ ਲਈ ਪਿਆਰ ਇਕ ਬਰਫ਼ ਦਾ ਟੁਕੜਾ ਸੀ ਜਿਹੜਾ ਕੀ ਧੁੱਪ ਲਗਦਿਆਂ ਪਿਘਲ ਗਿਆ। ਦੂਸਰਾ ਜਵਾਬ ਸੰਜੋਗ! ਜਿਸ ਨੇ ਤੁਹਾਨੂੰ ਮਿਲਾਉਣਾ ਸੀ ਤਾਂ ਉਸ ਥਾਂ ਨੂੰ ਵੀਨਾ ਕਿਸ ਤਰ੍ਹਾਂ ਲੈ ਸਕਦੀ ਸੀ?

ਬਾਕੀ ਮੈਂ ਨਾਵਲ ਅੱਜ ਹੀ ਸ਼ੁਰੂ ਕਰ ਰਿਹਾ ਹਾਂ। ਮੇਰੇ ਇਸ ਨਾਵਲ ਵਿਚ ਦੋ ਸਵਾਲ ਹੋਣਗੇ ਜਿਹੜੇ ਕਿ ਇਸ ਮੇਰੇ ਆਪਣੇ ਜੀਵਨ ਦੇ ਸਾਹਮਣੇ ਹਨ। ਬਾਕੀ ਦੂਸਰੇ ਖਤ ਵਿਚ ਲਿਖਾਂਗਾ।

ਤੁਹਾਡਾ

◆ **-ਸੰਗੀਤ**

ਮੇਰੇ ਸੁਪਨਿਆਂ ਦੇ ਕਲਾਕਾਰ!

ਬਹੁਤ ਬਹੁਤ ਪਿਆਰ! ਤੁਹਾਡੀ ਤੀਸਰੀ ਚਿੱਠੀ ਅੱਜ ਹੀ ਮਿਲੀ ਜਿਹੜੀ ਕਿ ਤੁਸੀਂ ਕਸੋਲੀ ਤੋਂ ਲਿਖੀ ਹੈ। ਇਸ ਚਿੱਠੀ ਦੀ ਮੈਨੂੰ ਉਡੀਕ ਸੀ। ਕਿੰਨੇ ਹੀ ਦਿਨਾਂ ਤੋਂ ਮੈਂ ਤੁਹਾਨੂੰ ਚਿੱਠੀ ਲਿਖ ਕੇ ਆਪਣੇ ਮਨ ਦੀਆਂ ਭਾਵਨਾਵਾਂ ਬਿਆਨ ਨਹੀਂ ਕਰ ਸਕੀ। ਜਾਣਦੇ ਹੋ ਪਿਛਲੀ ਚਿੱਠੀ ਮੈਂ ਤੁਹਾਨੂੰ 10 ਜੁਲਾਈ ਨੂੰ ਲਿਖੀ ਸੀ ਅਤੇ ਅੱਜ 5 ਅਗਸਤ ਹੈ। ਉਸ ਚਿੱਠੀ ਦਾ ਉਤਰ ਤੁਸੀਂ ਕਾਫੀ ਦੇਰ ਨਾਲ ਦਿੱਤਾ ਸੀ ਕਿਉਂਕਿ ਤੁਹਾਡਾ ਨਾਵਲ ਪ੍ਰਕਾਸ਼ਿਤ ਹੋ ਰਿਹਾ ਸੀ। ਉਸ ਦਾ ਉਤਰ ਮੈਂ ਤੁਹਾਡਾ ਨਾਵਲ ਪੜ੍ਹ ਕੇ ਹੀ ਦੇਣਾ ਸੀ, ਦੂਸਰੇ ਦਿਨ ਹੀ ਤੁਹਾਡਾ ਦੂਸਰਾ ਪੱਤਰ ਆ ਗਿਆ ਕਿ ਤੁਸੀਂ ਕਸੋਲੀ ਜਾ ਰਹੇ ਹੋ ਇਸ ਲਈ ਮੈਂ ਕਸੋਲੀ ਦੇ ਪਤੇ ਦੀ ਉਡੀਕ ਕਰਦੀ ਰਹੀ।

ਸੰਗੀਤ ਜੀ! ਤੁਹਾਡੀਆਂ ਸਾਰੀਆਂ ਹੀ ਚਿੱਠੀਆਂ ਕਿੰਨੀਆਂ ਚੰਗੀਆਂ ਹਨ। ਤੁਹਾਡੀ ਲੇਖਣੀ ਦੀ ਸਫਲਤਾ ਦਾ ਰਾਜ਼ ਹੈ। ਹਰ ਇਕ ਵਿਚ ਦਿਲ ਭਰਿਆ ਹੋਇਆ ਹੈ। ਹਰ ਇਕ ਵਿਚ ਮੇਰੇ ਸੁਪਨਿਆਂ ਦੀ ਸਜਾਵਟ। ਕਿਹੜੇ ਸ਼ਬਦਾਂ ਨਾਲ ਤੁਹਾਡਾ ਧੰਨਵਾਦ ਕਰਾਂ? ਮੇਰੀ ਹਰ ਇਕ ਇਛਾ ਤੁਸੀਂ ਪੂਰੀ ਕਰ ਦਿੱਤੀ ਹੈ, ਮੈਂ ਕਦੀ ਸੋਚਿਆ ਵੀ ਨਹੀਂ ਸੀ ਕਿ ਏਨੇ ਮਹਾਨ ਕਲਾਕਾਰ ਦੀ ਯਾਦ ਦਾ ਮੈਂ ਇਕ ਪਾਤਰ ਬਣਾਂਗੀ।

ਤੁਹਾਡੇ ਪੱਤਰ ਦੇ ਨਾਲ ਤੁਹਾਡਾ ਨਾਵਲ ਅਤੇ ਤਸਵੀਰ ਮਿਲੀ। ਤਸਵੀਰ ਤਾਂ ਬਿਲਕੁਲ ਜਾਗਦੀ ਸੀ। ਉਸ ਵਿਚ ਜਾਨ ਹੈ, ਅਰਮਾਨ ਹਨ, ਖਾਹਿਸ਼ਾਂ ਹਨ, ਇਛਾਵਾਂ ਹਨ। ਜਿਵੇਂ ਬਿਲਕੁਲ ਤੁਸੀਂ ਆਪ ਹੀ ਆ ਗਏ ਹੋ। ਪਤਾ ਏ ਜਦੋਂ ਮੈਂ ਤੁਹਾਡੀ ਤਸਵੀਰ ਦੇ ਸਾਹਮਣੇ ਬੈਠ ਜਾਂਦੀ ਹਾਂ ਤਾਂ ਉਸ ਤਸਵੀਰ ਵਿਚ ਆਤਮਾ ਆ ਜਾਂਦੀ ਹੈ। ਮੇਰੇ ਨਾਲ ਉਹ ਤਸਵੀਰ ਗੱਲਾਂ ਕਰਦੀ ਹੈ। ਮੇਰੇ ਹਰ ਸਵਾਲ ਦਾ ਜਵਾਬ ਦਿੰਦੀ ਹੈ ਪਰ ਕਦੀ-ਕਦੀ ਮੇਰੇ ਉਤੇ ਉਹ ਹੱਸ ਪੈਂਦੀ ਹੈ ਅਤੇ ਕਹਿੰਦੀ ਹੈ, "ਝੱਲੀਏ! ਕਿਉਂ ਪਿਆਰ ਮੇਰੇ ਨਾਲ ਕਰਦੀ ਹੈਂ, ਮੈਂ ਤਾਂ ਇਕ ਸੁਪਨਾ ਹਾਂ। ਕਦੋਂ ਸ਼ਬਨਮ ਦੇ ਮੋਤੀ ਦੀ ਤਰ੍ਹਾਂ ਟੁੱਟ ਜਾਵਾਂ? ਕਿਉਂ ਜੀਵਨ ਦੀ ਹਰ ਖੁਸ਼ੀ ਵਿਚ ਦੁੱਖ ਫੈਲਾਉਣਾ ਚਾਹੁੰਦੀ ਹੈਂ? ਕਿਉਂ ਫੁੱਲ ਵਰਗੇ ਖਿੜੇ ਜੀਵਨ ਵਿਚ ਕੰਡੇ ਚੁਭਾਉਣਾ ਚਾਹੁੰਦੀ ਹੈਂ?" ਸੰਗੀਤ ਜੀ! ਉਸ ਵਕਤ ਜਾਣਦੇ ਹੋ ਮੈਂ ਕੀ ਕਰਦੀ ਹਾਂ? ਆਪਣਾ ਸਿਰ ਤਸਵੀਰ ਦੇ ਚਰਨਾਂ ਵਿਚ ਰਖ ਕੇ ਕਹਿੰਦੀ ਹਾਂ, "ਜਿਸ ਤਰ੍ਹਾਂ ਰੱਖੋਗੇ ਰਹਿ ਲਵਾਂਗੀ।" ਸੰਗੀਤ ਜੀ! ਫਿਰ ਇਸ ਤਰ੍ਹਾਂ ਲਗਦਾ ਹੈ ਜਿਵੇਂ ਤੁਸੀਂ ਆਪਣੀਆਂ ਬਾਹਾਂ ਵਿਚ ਮੈਨੂੰ ਲੈ ਕੇ ਸੀਨੇ ਨਾਲ ਲਾ ਲੈਂਦੇ ਹੋ। ਮੇਰੇ ਦੁਖ ਦੂਰ ਹੋ ਜਾਂਦੇ ਹਨ ਅਤੇ ਮੈਂ ਖਿਆਲਾਂ ਦੀ ਦੁਨੀਆ ਵਿਚ ਗੁਆਚ ਜਾਂਦੀ ਹਾਂ।

ਸੰਗੀਤ ਜੀ! ਤੁਹਾਡਾ ਨਾਵਲ ਪੜ੍ਹਿਆ ਹੈ। ਪੜ੍ਹ ਕੇ ਬੇਹੱਦ ਖੁਸ਼ੀ ਹੋਈ।

ਹਰ ਸ਼ਬਦ ਕੰਨਾਂ ਵਿਚ ਗੂੰਜਦਾ ਹੈ। ਹਰ ਘਟਨਾ ਵਿਚ ਤੁਸੀਂ ਮੌਜੂਦ ਲਗਦੇ ਹੋ। ਨਾਵਲ ਵਿਚ ਦਿਲ ਹੀ ਭਰਿਆ ਹੋਇਆ ਹੈ ਪਰ ਤੁਸੀਂ ਇਹੋ ਜਿਹੇ ਸੁੰਦਰ ਨਾਵਲ ਦਾ ਨਾਂ "ਕਰੂਪਤਾ" ਕਿਉਂ ਰੱਖਿਆ ਹੈ। ਸਾਰੇ ਨਾਵਲ ਵਿਚ ਇਕ ਵਾਰ ਹੀ ਇਸ ਸ਼ਬਦ ਦਾ ਜ਼ਿਕਰ ਕੀਤਾ ਹੈ ਅਤੇ ਉਹ ਵੀ ਅੰਤ ਵਿਚ। ਤੁਸੀਂ ਨਾਵਲ ਵਿਚ ਇਹ ਲਿਖਿਆ ਹੈ ਕਿ ਮਰਦ ਕੇਵਲ ਸੁੰਦਰਤਾ ਦਾ ਪੁਜਾਰੀ ਹੈ। ਸੂਰਤ ਵੇਖਦਾ ਹੈ ਸੀਰਤ ਨਹੀਂ। ਤੁਹਾਡੇ ਨਾਵਲ ਵਿਚ ਮੁਸੀਬਤ ਦੀ ਮਾਰੀ ਉਸ ਲੜਕੀ ਦਾ ਕੀ ਹਾਲ ਹੋਇਆ ਤੁਸੀਂ ਨਹੀਂ ਲਿਖਿਆ ਜਿਹੜੀ ਕਿ ਕਰੂਪ ਹੁੰਦੀ ਹੈ। ਸੰਗੀਤ ਜੀ! ਕੀ ਹਰ ਮਨੁੱਖ ਸੁੰਦਰਤਾ ਹੀ ਚਾਹੁੰਦਾ ਹੈ?

ਤੁਸੀਂ ਆਪਣੇ ਪਹਿਲੇ ਪੱਤਰ ਵਿਚ ਲਿਖਿਆ ਹੈ ਕਿ ਤੁਹਾਨੂੰ ਸੋਚਣ ਅਤੇ ਸਮਝਣ ਦਾ ਵਕਤ ਦਿੱਤਾ ਜਾਏ ਫਿਰ ਜੀਵਨ ਦੀ ਇਸ ਗੰਭੀਰ ਸਮੱਸਿਆ ਨੂੰ ਹਲ ਕਰ ਸਕੋਗੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਾਦੀ ਇਕ ਗੰਭੀਰ ਸਮੱਸਿਆ ਹੈ। ਪਰੰਤੂ ਮੇਰੇ ਨਾਲ ਸ਼ਾਦੀ ਕਰ ਕੇ ਤੁਹਾਨੂੰ ਕਿਸੇ ਵੀ ਉਲਝਣ ਦਾ ਮੁਕਾਬਲਾ ਨਹੀਂ ਕਰਨਾ ਪਵੇਗਾ। ਤੁਹਾਡੀ ਖੁਸ਼ੀ ਲਈ ਮੈਂ ਸਭ ਕੁਝ ਕਰਾਂਗੀ। ਹਰ ਖੁਸ਼ੀ ਨੂੰ ਤੁਹਾਡੇ ਕਦਮਾਂ ਵਿਚ ਰਖ ਦਿਆਂਗੀ। ਸੰਗੀਤ ਜੀ! ਮੇਰੇ ਜੀਵਨ ਵਿਚ ਹਰ ਖੁਸ਼ੀ ਤੁਹਾਡੀ ਖੁਸ਼ੀ ਵਿਚ ਹੈ। ਮੈਨੂੰ ਆਸ ਹੈ ਕਿ ਹੁਣ ਤਕ ਸ਼ਾਦੀ ਕਰਨ ਦੇ ਫੈਸਲੇ ਤਕ ਪਹੁੰਚ ਗਏ ਹੋਵੋਗੇ। ਮੈਂ ਸਭ ਕੁਝ ਪਿਤਾ ਜੀ ਨੂੰ ਦੱਸ ਦਿੱਤਾ ਹੈ। ਉਨ੍ਹਾਂ ਨੂੰ ਜਾਣ ਕੇ ਬਹੁਤ ਖੁਸ਼ੀ ਹੋਈ ਹੈ।

ਇਹ ਜਾਣ ਕੇ ਕਾਫੀ ਦੁਖ ਹੋਇਆ ਕਿ ਤੁਸੀਂ ਬਿਮਾਰ ਹੋ ਅਤੇ ਇਕ ਬਹੁਤ ਭਿਆਨਕ ਬਿਮਾਰੀ ਦੇ ਸ਼ਿਕਾਰ ਹੋ। ਤੁਸੀਂ ਛੇਤੀ ਤੋਂ ਛੇਤੀ ਇਲਾਜ ਕਰਨ ਦੀ ਕੋਸ਼ਿਸ਼ ਕਰੋ। ਇਹ ਦੁੱਖ ਤੁਹਾਡਾ ਹੀ ਨਹੀਂ ਮੇਰਾ ਵੀ ਹੈ। ਮੈਂ ਪਿਤਾ ਜੀ ਨਾਲ ਗੱਲ ਕੀਤੀ ਸੀ ਅਤੇ ਉਹ ਮਦਦ ਕਰਨ ਲਈ ਤਿਆਰ ਹਨ। ਸੰਗੀਤ ਜੀ! ਉਨ੍ਹਾਂ ਕੋਲ ਇਕ ਲੱਖ ਰੁਪਏ ਹਨ ਅਤੇ ਉਹ ਤੁਹਾਨੂੰ ਦੇ ਦੇਣਗੇ ਤੁਸੀਂ ਵੀ ਕੁਝ ਪੈਸੇ ਦਾ ਇੰਤਜ਼ਾਮ ਕਰ ਕੇ ਛੇਤੀ ਹੀ ਬਾਹਰ ਚਲੇ ਜਾਵੋ। ਇਹੋ ਜਿਹੀ ਬਿਮਾਰੀ ਨੂੰ ਜਲਦੀ ਹੀ ਕਾਬੂ ਕਰ ਲੈਣਾ ਠੀਕ ਹੁੰਦਾ ਹੈ। ਮੇਰਾ ਵਿਚਾਰ ਹੈ ਕਿ ਸ਼ਰਾਬ ਪੀਣ ਦੇ ਕਾਰਨ ਤੁਹਾਨੂੰ ਇਹ ਤਕਲੀਫ ਹੋਈ ਹੈ। ਪ੍ਰਮਾਤਮਾ ਲਈ ਸ਼ਰਾਬ ਨਾ ਪੀਆ ਕਰੋ। ਇਹ ਚੰਗੀ ਚੀਜ਼ ਨਹੀਂ। ਤੁਸੀਂ ਜਾਣਦੇ ਹੋ ਮੈਨੂੰ ਦੱਸਣ ਦੀ ਕੋਈ ਲੋੜ ਨਹੀਂ। ਜਾਣ-ਬੁਝ ਕੇ ਜ਼ਹਿਰ ਦੇ ਘੁੱਟ ਭਰਨੇ ਠੀਕ ਨਹੀਂ। ਫਿਰ ਹੁਣ ਤੁਸੀਂ ਜਾਣਦੇ ਹੋ ਕਿ ਤੁਸੀਂ ਬੀਮਾਰ ਹੋ ਅਤੇ ਤੁਹਾਡੀ ਬੀਮਾਰੀ ਵਧਦੀ ਜਾ ਰਹੀ ਹੈ। ਸ਼ਰਾਬ ਦਾ ਹਰ ਘੁੱਟ ਤੁਹਾਡੀ ਬੀਮਾਰੀ ਵਿਚ ਵਾਧਾ ਕਰਦਾ ਹੈ। ਸੰਗੀਤ ਜੀ! ਸ਼ਰਾਬ ਜੇਕਰ ਦੁੱਖਾਂ ਨੂੰ ਮਿਟਾਉਂਦੀ ਹੋਵੇ ਤਾਂ ਸੰਸਾਰ ਵਿਚ ਹਰ ਇਕ ਇਨਸਾਨ ਸ਼ਰਾਬ ਪੀ ਕੇ ਹੀ ਬੈਠਾ ਰਿਹਾ ਕਰੇ। ਤੁਸੀਂ ਸਮਝਦੇ ਹੋ ਕਿ ਇਸਤਰੀ ਨੂੰ ਕੋਈ ਦੁੱਖ ਨਹੀਂ ਹੁੰਦਾ? ਸੰਸਾਰ ਵਿਚ ਸਭ ਤੋਂ ਜ਼ਿਆਦਾ ਦੁੱਖ ਇਸਤਰੀ ਨੂੰ ਸਹਾਰਨਾ ਪੈਂਦਾ ਹੈ। ਫਿਰ ਇਸਤਰੀ ਕਿਉਂ ਨਹੀਂ ਸ਼ਰਾਬ ਪੀ ਕੇ ਦੁੱਖਾਂ ਨੂੰ ਭੁਲਾ ਲੈਂਦੀ? ਉਹ ਪੀ ਵੀ ਲੈਂਦੀ ਪਰ ਸ਼ਰਮ,

ਧਰਮ ਅਤੇ ਕਰਮ ਦੀ ਹੱਦ ਉਸ ਲਈ ਪਾਰ ਕਰਨਾ ਕਠਿਨ ਹੀ ਨਹੀਂ ਅਸੰਭਵ ਵੀ ਹੈ। ਸੰਗੀਤ ਜੀ ਵੀਨਾ ਦੀ ਯਾਦ ਭੁਲਾਉਣ ਦਾ ਤਰੀਕਾ ਸ਼ਰਾਬ ਨਹੀਂ। ਜਿਹੜੇ ਮਰਦ ਇਹ ਕਹਿੰਦੇ ਹਨ ਕਿ ਸ਼ਰਾਬ ਯਾਦਾਂ ਨੂੰ ਭੁਲਾ ਦਿੰਦੀ ਹੈ ਉਹਨਾਂ ਤੇ ਮੈਨੂੰ ਹਾਸਾ ਆਉਂਦਾ ਹੈ। ਸ਼ਰਾਬ ਦਿਲ ਦੀਆ ਯਾਦਾਂ ਨਹੀਂ ਭੁਲਾਉਂਦੀ ਸੰਗੀਤ ਜੀ! ਸਿਰਫ ਦਿਮਾਗ ਉਤੇ ਪਰਦਾ ਪਾ ਦਿੰਦੀ ਹੈ। ਮਨੁੱਖ ਨੂੰ ਹੈਵਾਨ ਬਣਾ ਦਿੰਦੀ ਹੈ। ਸੋਚਣ ਦੀ ਸ਼ਕਤੀ ਖੋਹ ਲੈਂਦੀ ਹੈ। ਇਕ ਸ਼ਰਾਬੀ ਸ਼ਰਾਬ ਪੀ ਕੇ ਜੇਕਰ ਦਿਲ ਕੋਲੋਂ ਪੁੱਛੇ, "ਤੈਨੂੰ ਕੁਝ ਖੁਸ਼ੀ ਹਾਸਲ ਹੋਈ ਹੈ?" ਤਾਂ ਕਿੰਨੇ ਦੁਖੀ ਹੋ ਕੇ ਕਹੋਗੇ ਕਿ ਮਾਲਕ ਹੁਣ ਤੇ ਤਰਸ ਕਰੋ, ਤੁਹਾਡੀਆਂ ਗਲਤੀਆਂ ਨੇ ਤੁਹਾਨੂੰ ਪਹਿਲੇ ਹੀ ਬਰਬਾਦ ਕੀਤਾ ਹੈ। ਕਿਉਂ ਠੀਕ ਨਹੀਂ ਹੈ?"

ਬਾਕੀ ਤੁਸੀਂ ਇਕ ਹਾਰੇ ਹੋਏ ਸਿਪਾਹੀ ਹੋ। ਕੀ ਹਾਰ ਹੀ ਜਿੱਤ ਦੀ ਪ੍ਰੇਰਨਾ ਨਹੀਂ ਹੁੰਦੀ? ਜ਼ਖ਼ਮ ਭਰ ਜਾਂਦੇ ਹਨ। ਮੈਂ ਤੁਹਾਡੇ ਹਰ ਜ਼ਖ਼ਮ ਨੂੰ ਭਰ ਦਿਆਂਗੀ। ਜ਼ਖ਼ਮਾਂ ਦੇ ਦਾਗ ਵੀ ਮਿਟ ਜਾਣਗੇ। ਕਦੀ ਸ਼ਿਕਾਇਤ ਨਹੀਂ ਕਰੋਗੇ ਪ੍ਰਮਾਤਮਾ ਨੂੰ ਆਪਣੇ ਦੁਖੀ ਜੀਵਨ ਦੀ। ਮੈਨੂੰ ਪੂਰਾ ਭਰੋਸਾ ਹੈ ਕਿ ਮੈਂ ਤੁਹਾਨੂੰ ਸੁਖੀ ਕਰਨ ਦੀ ਕੋਸ਼ਿਸ਼ ਵਿਚ ਸਫਲ ਹੋ ਜਾਵਾਂਗੀ। ਸੰਗੀਤ ਜੀ! ਹਰ ਦਿਨ ਮੈਂ ਤੁਹਾਡੇ ਖਿਆਲਾਂ ਵਿਚ ਬੇਚੈਨ ਰਹਿੰਦੀ ਹਾਂ। ਹਰ ਰਾਤ ਤੁਹਾਡੇ ਸੁਪਨੇ ਆਉਂਦੇ ਹਨ। ਜਿਸ ਵਕਤ ਵੀ ਤੁਹਾਨੂੰ ਯਾਦ ਕਰ ਕੇ ਮੇਰੀ ਅੱਖ ਲੱਗ ਜਾਏ ਤੁਹਾਡੀ ਸੂਰਤ ਇਕ ਸੁਪਨਾ ਬਣ ਕੇ ਮੇਰੀਆਂ ਅੱਖਾਂ ਵਿਚ ਆ ਜਾਂਦੀ ਹੈ। ਉਸ ਵਕਤ ਦਿਲ ਕਹਿੰਦਾ ਹੈ ਕਿ ਪੰਛੀ ਬਣ ਕੇ ਤੁਹਾਡੇ ਕੋਲ ਆ ਜਾਵਾਂ ਅਤੇ ਚਰਨਾਂ ਵਿਚ ਸਿਰ ਰੱਖ ਕੇ ਜੀਵਨ ਗੁਜ਼ਾਰ ਦਿਆਂ।

ਮੈਂ ਬਚਪਨ ਤੋਂ ਹੀ ਪੰਜਾਬ ਵਿਚ ਰਹੀ ਹਾਂ। ਮੇਰੇ ਪਿਤਾ ਜੀ ਸਕੂਲਾਂ ਦੇ ਇੰਸਪੈਕਟਰ ਸਨ ਤੇ ਲਗਪਗ ਹਰ ਜਿਲ੍ਹੇ ਵਿਚ ਰਹੇ ਹਾਂ। ਇਸ ਕਾਰਨ ਮੈਂ ਪੰਜਾਬੀ ਪੜ੍ਹਦੀ ਅਤੇ ਬੋਲਦੀ ਰਹੀ ਹਾਂ। ਮੇਰਾ ਜਨਮ ਵੀ ਤਾ ਪੰਜਾਬ ਵਿਚ ਹੋਇਆ ਹੈ। ਮੇਰੇ ਪਿਤਾ ਜੀ ਇਥੇ ਆ ਕੇ ਵਸ ਗਏ ਹਨ ਅਤੇ ਇਥੇ ਹੀ ਰਹਿਣ ਲੱਗ ਪਏ ਪਰੰਤੂ ਮੈਂ ਆਪਣਾ ਘਰ ਪੰਜਾਬ ਨੂੰ ਹੀ ਸਮਝਦੀ ਹਾਂ। ਉਥੇ ਹੀ ਮੇਰੇ ਬਚਪਨ ਨੇ ਜਵਾਨੀ ਦੀ ਅੰਗੜਾਈ ਲਈ, ਉਥੇ ਹੀ ਮੈਂ ਪੜ੍ਹੀ ਅਤੇ ਉਥੇ ਹੀ ਮੈਂ ਜਵਾਨੀ ਦੇ ਸੁਨਹਿਰੀ ਦਿਨ ਤੁਹਾਡੀਆਂ ਬਾਹਾਂ ਵਿਚ ਕੱਟਾਂਗੀ। ਕੋਈ ਜ਼ਾਤ-ਪਾਤ ਦਾ ਭੇਦ-ਭਾਵ ਨਹੀਂ ਹੋਏਗਾ। ਮਨੁਖਤਾ ਤੁਹਾਡਾ ਧਰਮ ਹੈ ਅਤੇ ਉਸ ਧਰਮ ਨੂੰ ਮੈਂ ਵੀ ਅਪਣਾਵਾਂਗੀ। ਦੇਸ਼ ਸੇਵਾ ਅਤੇ ਸਮਾਜ ਸੁਧਾਰ ਮੇਰਾ ਫ਼ਰਜ਼ ਹੋਵੇਗਾ। ਤੁਹਾਡੇ ਆਦਰਸ਼ ਵਿਚ ਮੈਂ ਆਪਣੇ ਆਪ ਨੂੰ ਢਾਲ ਕੇ ਆਦਰਸ਼ਕ ਬਣ ਜਾਵਾਂਗੀ। ਕਿੰਨਾ ਸੋਹਣਾ ਸੰਸਾਰ ਬਣ ਜਾਏਗਾ ਸਾਡਾ। ਤੁਹਾਡੀਆਂ ਕਲਪਨਾਵਾਂ ਸੱਚ ਹੋ ਜਾਣਗੀਆਂ, ਉਥੇ ਤੁਸੀਂ ਹੋਵੋਗੇ, ਮੈਂ ਹੋਵਾਂਗੀ ਅਤੇ ਖੁਸ਼ੀ ਹੋਵੇਗੀ। ਉਸ ਖੁਸ਼ੀ ਨੂੰ ਕੋਈ ਵੀ ਲੁੱਟ ਨਹੀਂ ਸਕੇਗਾ। ਇਹੋ ਜਿਹਾ ਘਰ-ਸੰਸਾਰ ਵੇਖ ਕੇ ਪ੍ਰਮਾਤਮਾ ਵੀ ਖੁਸ਼ੀ ਨਾਲ ਉੱਛਲ ਪਏਗਾ।

ਤੁਸੀਂ ਲਿਖਿਆ ਹੈ ਕਿ ਮੇਰੇ ਨਾਲ ਮੁਲਾਕਾਤ ਕਰਨ ਬਾਅਦ ਤੁਹਾਡਾ

ਪਹਿਲਾ ਨਾਵਲ ਪ੍ਰਸਿੱਧ ਹੋਇਆ ਹੈ। ਕਿੰਨੀ ਖੁਸ਼ੀ ਦੀ ਗੱਲ ਹੈ? ਸੱਚ-ਮੁੱਚ ਹੀ ਬਹੁਤ ਖੁਸ਼ੀ ਹੋਈ ਹੈ। ਸੰਗੀਤ ਜੀ! ਵੀਨਾ ਤੁਹਾਡੀ ਅਸਫਲਤਾ ਸੀ ਜਿਸ ਕਾਰਨ ਤੁਸੀਂ ਪ੍ਰਸਿੱਧ ਨਹੀਂ ਹੋ ਸਕੇ। ਜੀਵਨ ਦੀ ਕਿਸੇ ਵੀ ਖੇਡ ਵਿਚ ਸਫਲ ਨਹੀਂ ਹੋ ਸਕੇ। ਹੁਣ ਤੁਹਾਡੀ ਅਸਫਲਤਾ ਦਾ ਦੌਰ ਖਤਮ ਹੋ ਗਿਆ ਹੈ। ਸੰਗੀਤ ਦੀ ਸਫ਼ਲਤਾ ਕਵਿਤਾ ਹੈ। ਤੁਹਾਡਾ ਅਗਲਾ ਨਾਵਲ ਹੋਰ ਵੀ ਸਫ਼ਲ ਹੋਏਗਾ। ਮੈਨੂੰ ਪੂਰਾ ਵਿਸ਼ਵਾਸ ਹੈ ਇਕ ਦਿਨ ਤੁਸੀਂ ਬੜੇ ਵੱਡੇ ਕਲਮਕਾਰ ਬਣੋਗੇ। ਤੁਹਾਡੀ ਕਲਮ ਵਿਚ ਬਹੁਤ ਸ਼ਕਤੀ ਹੈ। ਤੁਹਾਡੇ ਭਾਵਾਂ ਵਿਚ ਤੁਫ਼ਾਨ ਹਨ ਜੋ ਕਿਸੇ ਵੀ ਸੰਗਦਿਲ ਨੂੰ ਬਰਬਾਦ ਕਰਨ ਵਿਚ ਸਫ਼ਲ ਹੋ ਸਕਦੇ ਹਨ। ਸਮਾਜ ਦੀ ਨੰਗੀ ਬੁਰਾਈ ਨੂੰ ਬਿਆਨ ਕਰਨ ਦਾ ਗੁਣ ਤੁਹਾਡੇ ਕੋਲ ਹੈ। ਸੰਗੀਤ ਜੀ! ਇਹੋ ਗੁਣ ਲਿਖਾਰੀ ਨੂੰ ਪ੍ਰਸਿੱਧ ਕਰਦੇ ਹਨ। ਤੁਹਾਡਾ ਨਾਵਲ ਕਿੰਨਾ ਲਿਖਿਆ ਗਿਆ ਹੈ? ਮੈਨੂੰ ਜ਼ਰੂਰ ਲਿਖਣਾ।

ਬਾਕੀ ਵੀਨਾ ਨੂੰ ਭੁਲਾਉਣ ਦੀ ਕੋਸ਼ਿਸ਼ ਕਰੋ। ਉਸ ਦੀਆਂ ਯਾਦਾਂ ਨੂੰ ਦਿਲ ਵਿਚੋਂ ਕੱਢ ਦਿਉ। ਮਨ ਨੂੰ ਸ਼ਾਂਤ ਕਰ ਕੇ ਲਿਖਦੇ ਰਿਹਾ ਕਰੋ। ਵੀਨਾ ਦੀ ਨਾਦਾਨੀ ਦੇ ਕੀਤੇ ਹੋਏ ਜ਼ਖ਼ਮ ਛੇਤੀ ਭਰ ਜਾਣਗੇ। ਮੈਂ ਤੁਹਾਡੇ ਖਿਆਲਾਂ ਵਿਚ ਅਪਸਰਾ ਬਣ ਕੇ ਸਦਾ ਹੀ ਆਇਆ ਕਰਾਂਗੀ ਜਦੋਂ ਵੀ ਤੁਸੀਂ ਉਦਾਸ ਹੋਇਆ ਕਰੋਗੇ। ਤੁਸੀਂ ਵੀ ਮੇਰੇ ਵੱਲ ਵਧਣ ਦੀ ਕੋਸ਼ਿਸ਼ ਕਰਿਆ ਕਰੋ। ਦੋਨੋਂ ਤਰਫ਼ ਮਿਲਣ ਦੀ ਇਛਾ ਹੋਵੇ ਤਾਂ ਦੂਰੀ ਘਟ ਜਾਂਦੀ ਹੈ। ਹੋਰ ਸਭ ਠੀਕ ਹੈ, ਆਪਣੀ ਸਿਹਤ ਦਾ ਖਿਆਲ ਰੱਖਣਾ। ਖੁਸ਼ ਰਹਿਣਾ ਅਤੇ ਪੱਤਰ ਛੇਤੀ ਲਿਖਣਾ, ਪੱਤਰ ਦੀ ਉਡੀਕ ਵਿਚ-

ਕੇਵਲ ਆਪ ਜੀ ਦੀ

◆ **-ਕਵਿਤਾ**

ਕਸੌਲੀ **ਬਾਰਾਂ**

ਪਿਆਰੀ ਕਵਿਤਾ ਜੀ!

ਪਿਆਰ ਭਰੀ ਮਿਠੀ ਯਾਦ! ਮੈਂ ਇਥੇ ਠੀਕ ਹਾਂ। ਪ੍ਰਮਾਤਮਾ ਕਰੇ ਤੁਸੀਂ ਵੀ ਸਦਾ ਹੀ ਠੀਕ ਅਤੇ ਸੁਖੀ ਰਹੋ। ਕੁਝ ਦੇਰ ਪਹਿਲੇ ਤੁਹਾਡਾ ਪੱਤਰ ਮਿਲਿਆ। ਪੜ੍ਹ ਕੇ ਬੇਹੱਦ ਖੁਸ਼ੀ ਹੋਈ। ਦਿਲ ਵਿਚ ਭਟਕਦੇ ਤੁਫ਼ਾਨਾਂ ਨੂੰ ਸ਼ਾਂਤੀ ਮਿਲੀ। ਤੁਸੀਂ ਬਹੁਤ ਹੀ ਸੁੰਦਰ ਪੱਤਰ ਲਿਖਦੇ ਹੋ। ਤੁਹਾਡੇ ਭਾਵਾਂ ਵਿਚ ਮੇਰੇ ਨਾਲੋਂ ਵੀ ਜ਼ਿਆਦਾ ਸ਼ਕਤੀ ਹੈ। ਪੱਤਰ ਪੜ੍ਹਨ ਤੋਂ ਇੰਜ ਲਗਦਾ ਹੈ ਜਿਵੇਂ ਕਿਸੇ ਕਹਾਣੀ ਦਾ ਰੋਮਾਂਚਿਕ ਕਾਂਡ ਪੜ੍ਹਿਆ ਜਾ ਰਿਹਾ ਹੋਵੇ। ਘੜੀ-ਮੁੜੀ ਪੱਤਰ ਪੜ੍ਹਨ ਨੂੰ ਦਿਲ ਕਰਦਾ ਹੈ। ਹਰ ਵਾਰੀ ਪੜ੍ਹਨ 'ਤੇ ਇਕ ਨਵਾਂ ਅਨੰਦ ਪ੍ਰਾਪਤ ਹੁੰਦਾ ਹੈ। ਤੁਹਾਡੀ ਤਸਵੀਰ ਪੱਤਰ ਦੇ ਪੰਨਿਆਂ ਤੇ ਦਿਸਦੀ ਹੈ ਜਿਵੇਂ ਤੁਸੀਂ ਬੋਲ ਰਹੇ ਹੋਵੋ। ਤੁਹਾਨੂੰ ਵੀ ਇਕ ਕਲਾਕਾਰ ਹੋਣਾ ਚਾਹੀਦਾ ਹੈ।

ਕਵਿਤਾ ਜੀ! ਮੈਂ ਕਿੰਨਾ ਭਾਗਸ਼ਾਲੀ ਹਾਂ ਕਿ ਤੁਹਾਡੇ ਵਰਗੀ ਹੋਣਹਾਰ,

ਸੁਸ਼ੀਲ ਅਤੇ ਸੁੰਦਰ ਲੜਕੀ ਮੇਰੇ ਜੀਵਨ ਦੀ ਮਾਲਾ ਦਾ ਮੋਤੀ ਬਣ ਰਹੀ ਹੈ। ਇਕ ਇਸਤਰੀ ਦੀ ਪਵਿੱਤਰਤਾ ਅਤੇ ਗੁਣਾਂ ਦੀ ਝਲਕ ਤੁਹਾਡੀਆਂ ਚਿੱਠੀਆ ਤੋਂ ਸਾਫ਼ ਦਿਸ ਰਹੀ ਹੈ। ਤੁਹਾਡੀ ਹਰ ਇਕ ਅਦਾ ਵਿਚ ਇਸਤਰੀਪਨ ਦਾ ਨਮੂਨਾ ਹੈ। ਮੇਰੇ ਨਾਲ ਤੁਸੀਂ ਕਿੰਨਾ ਪਿਆਰ ਕਰਦੇ ਹੋ? ਮੈਂ ਕਦੀ ਸੋਚਿਆ ਵੀ ਨਹੀਂ ਸੀ ਕਿ ਸੰਗੀਤ ਫਿਰ ਕਿਸੇ ਕਵਿਤਾ ਨੂੰ ਆਪਣੇ ਸੰਗੀਤ ਦੀਆਂ ਸੁਰਾਂ ਵਿਚ ਢਾਲੇਗਾ। ਕਵਿਤਾ ਜੀ ਜਿਹੜੀ ਧੁਨ ਹੁਣ ਤਿਆਰ ਹੋਏਗੀ ਜਿਹੜਾ ਗੀਤ ਹੁਣ ਬਣੇਗਾ ਉਹ ਅਮਰ ਹੋ ਜਾਏਗਾ। ਸੰਸਾਰ ਇਸ ਉਤੇ 'ਤੇ ਨਾਜ਼ ਕਰੇਗਾ। ਕਵਿਤਾ ਦਾ ਸਿਰ ਫ਼ਖ਼ਰ ਅਤੇ ਸ਼ਾਨ ਨਾਲ ਉੱਚਾ ਹੋ ਜਾਏਗਾ।

ਕਵਿਤਾ ਜੀ! ਸੱਚ-ਮੁੱਚ ਮੇਰਾ ਦਿਲ ਵੀ ਹੁਣ ਪਿਆਰ ਨਾਲ ਭਰ ਗਿਆ ਹੈ। ਪਿਆਰ ਦੀਆਂ ਛੱਲਾਂ ਦਿਲ ਦਿਆਂ ਕੰਢਿਆਂ ਤੋਂ ਵੀ ਠਾਠਾਂ ਮਾਰ ਕੇ ਵਿਦਰੋਹ ਕਰਨ ਨੂੰ ਭੱਜਦੀਆਂ ਹਨ। ਮੈਂ ਸਭ ਕੁਝ ਭੁੱਲ ਚੁੱਕਾ ਹਾਂ। ਇਹ ਵੀ ਨਹੀਂ ਸੋਚਦਾ ਕਿ ਵੀਨਾ ਮੇਰੇ ਜੀਵਨ ਵਿਚ ਆਈ ਸੀ। ਇਹ ਵੀ ਨਹੀਂ ਵਿਚਾਰਦਾ ਕਿ ਪਲ ਭਰ ਦੀ ਬਹਾਰ ਬਦਲੇ ਮੈਨੂੰ ਬਹੁਤ ਲੰਮੀ ਪੱਤਝੜ ਵੇਖਣੀ ਪਈ ਹੈ। ਮੈਂ ਤੁਹਾਡੇ ਖਿਆਲਾਂ ਵਿਚ ਹੀ ਰਹਿੰਦਾ ਹਾਂ। ਨਾਵਲ ਲਿਖਣ ਇਥੇ ਆਇਆ ਸਾਂ ਪਰ ਮਨ ਲਿਖਣ ਨੂੰ ਨਹੀਂ ਕਰਦਾ। ਤੁਹਾਡੇ ਬਾਰੇ ਹੀ ਸੋਚਦਾ ਰਹਿੰਦਾ ਹਾਂ। ਦਿਮਾਗ ਘੁੰਮਦਾ ਰਹਿੰਦਾ ਹੈ। ਕੁਦਰਤ ਦੇ ਹਰ ਨਜ਼ਾਰੇ ਵਿਚ ਤੁਹਾਡੀ ਹੱਸਦੀ ਸੂਰਤ ਨਜ਼ਰ ਆਉਂਦੀ ਹੈ। ਇੰਜ ਕਿਉਂ ਹੁੰਦਾ ਹੈ? ਇੰਨੀ ਜਲਦੀ ਮੇਰੇ ਉਜੜੇ ਹੋਏ ਚਮਨ ਵਿਚ ਬਹਾਰ ਕਿਵੇਂ ਆ ਗਈ ਹੈ? ਮੇਰੀ ਭਟਕਦੀ ਹੋਈ ਆਤਮਾ ਨੂੰ ਸ਼ਾਂਤੀ ਕਿਵੇਂ ਮਿਲੀ ਹੈ? ਮੇਰੇ ਗ਼ਮਾਂ ਦਾ ਤੂਫਾਨੀ ਸਾਗਰ ਕਿਵੇਂ ਇੰਨੀ ਛੇਤੀ ਸ਼ਾਂਤ ਹੋ ਗਿਆ ਹੈ? ਇਸ ਸਭ ਦਾ ਉਤਰ ਹੈ ਸੰਜੋਗ ਅਤੇ ਪਿਛਲੇ ਜਨਮ ਦੇ ਅਧੂਰੇ ਰਿਸ਼ਤੇ ਇਸ ਜਨਮ ਵਿਚ ਪੂਰੇ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਪਿਆਰ ਵਿਚ ਬਹੁਤ ਸ਼ਕਤੀ ਹੈ ਜੋ ਸ਼ੋਅਲੇ ਨੂੰ ਸ਼ਬਨਮ ਬਣਾ ਦਿੰਦਾ ਹੈ। ਹਨੇਰੇ ਵਿਚ ਵੀ ਦੀਵੇ ਜਲਾ ਦਿੰਦਾ ਹੈ। ਉਬਲਦੇ ਹੋਏ ਜਵਾਲਾਮੁਖੀ ਨੂੰ ਸ਼ਾਂਤ ਕਰ ਦਿੰਦਾ ਹੈ। ਅੰਗ-ਅੰਗ ਵਿਚ ਫੁਰਤੀ ਭਰ ਦਿੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਵਿਤਾ ਜੀ! ਕਿ ਪਿਆਰ ਹੀ ਮਨੁੱਖਤਾ ਦੀ ਬੁਨਿਆਦ ਹੈ ਪਰ ਜਿਸ ਨੂੰ ਜੀਵਨ ਭਰ ਪਿਆਰ ਦੇ ਬਦਲੇ ਦੁੱਖ ਅਤੇ ਨਫ਼ਰਤ ਮਿਲੇ ਉਸ ਦੀ ਬੁਨਿਆਦ ਕਿਵੇਂ ਹਿਲਣ ਬਿਨਾਂ ਰਹਿ ਸਕਦੀ ਹੈ? ਮੈਨੂੰ ਸਭ ਕੁਝ ਮਿਲਿਆ ਪਰ ਇਸਤਰੀ ਦਾ ਪਿਆਰ ਨਹੀਂ ਮਿਲਿਆ। ਇਸ ਲਈ ਮੈਂ ਤਰਸਦਾ ਹਾਂ। ਮੈਂ ਇਹੋ ਹੀ ਸੋਚਦਾ ਹਾਂ ਕਿ ਕਾਸ਼! ਕੋਈ ਔਰਤ ਮੈਨੂੰ ਦਿਲ ਭਰ ਕੇ ਪਿਆਰ ਦੇਵੇ। ਭਾਵੇਂ ਉਹ ਪਿਆਰ ਕਿਸੇ ਰੂਪ ਵਿਚ ਹੀ ਕਿਉਂ ਨਾ ਹੋਵੇ। ਤੁਸੀਂ ਮੈਨੂੰ ਪਿਆਰ ਦੇ ਰਹੇ ਹੋ ਪੱਤਰਾਂ ਦੇ ਰਾਹੀਂ ਇਸ ਪਿਆਰ ਵਿਚ ਵੀ ਕਿੰਨਾ ਹੀ ਜਾਦੂ ਹੈ, ਕਿੰਨਾ ਰਸ ਹੈ ਅਤੇ ਕਿੰਨਾ ਹੀ ਅਨੰਦ ਹੈ।

ਕਵਿਤਾ ਜੀ! ਕੀ ਤੁਸੀਂ ਕੁਝ ਦਿਨਾਂ ਦੀ ਛੁੱਟੀ ਲੈ ਕੇ ਇਥੇ ਨਹੀਂ ਆ ਸਕਦੇ? ਇਕ ਦੂਸਰੇ ਨੂੰ ਨੇੜੇ ਹੋ ਕੇ ਅਤੇ ਗੌਰ ਨਾਲ ਸਮਝ ਲਵਾਂਗੇ। ਕੁਦਰਤ ਦੇ ਇਹ ਨਜ਼ਾਰੇ ਹੋਰ ਵੀ ਰੰਗੀਨ ਹੋ ਜਾਣਗੇ। ਦਿਲ ਦੀ ਇਛਾ ਇਕ ਵਾਰੀ ਅੰਗੜਾਈ

ਲੈ ਕੇ ਮਚਲ ਉਠੇਗੀ। ਕਸੋਲੀ ਮੇਰੇ ਲਈ ਸਵਰਗ ਬਣ ਜਾਏਗਾ। ਹਾਂ ਕਵਿਤਾ! ਬਹੁਤ ਯਾਦ ਆਉਂਦੀ ਹੈ। ਉਸ ਦਿਨ ਮੈਂ ਕਿੰਨਾ ਗੰਭੀਰ ਰਿਹਾ। ਚੰਗੀ ਤਰ੍ਹਾਂ ਦਿਲ ਭਰ ਕੇ ਵੇਖਿਆ ਵੀ ਨਹੀਂ। ਮੈਂ ਤਾਂ ਸੋਚਿਆ ਵੀ ਨਹੀਂ ਸੀ ਕਿ ਇੰਜ ਹੋਏਗਾ। ਕਵਿਤਾ ਜੀ! ਇੰਨਾ ਪਿਆਰ ਵਧ ਗਿਆ ਹੈ ਕਿ ਡਰ ਲਗਦਾ ਹੈ ਕਿ ਕਿਤੇ ਫਿਰ ਕੋਈ ਮੁਸੀਬਤ ਮੇਰੇ ਜੀਵਨ ਦੇ ਸੁਪਨਿਆਂ ਉਤੇ ਬਿਜਲੀ ਬਣ ਕੇ ਡਿੱਗ ਨਾ ਪਏ। ਮੇਰੀ ਬੀਮਾਰੀ ਮੈਨੂੰ ਕੰਬਾ ਦਿੰਦੀ ਹੈ। ਮੈਨੂੰ ਪਹਿਲੇ ਇਲਾਜ ਕਰਵਾ ਲੈਣਾ ਚਾਹੀਦਾ ਹੈ। ਬੀਮਾਰੀ ਭਿਆਨਕ ਹੈ ਅਤੇ ਇਲਾਜ ਲਈ ਬਹੁਤ ਪੈਸਾ ਚਾਹੀਦਾ ਹੈ। ਮੈਂ ਤੁਹਾਡੇ ਪਿਤਾ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਉਹਨਾਂ ਨੇ ਮੈਨੂੰ ਬਿਨਾਂ ਵੇਖੇ ਆਪਣੇ ਜੀਵਨ ਦੀ ਬਚਾਈ ਹੋਈ ਸਾਰੀ ਪੂੰਜੀ ਨੂੰ ਮੇਰੇ ਇਲਾਜ ਉਤੇ ਲਗਾਉਣ ਦੀ ਇਛਾ ਪ੍ਰਗਟ ਕੀਤੀ ਹੈ। ਪਰੰਤੂ ਕਵਿਤਾ ਜੀ! ਮੈਂ ਉਨ੍ਹਾਂ ਦੀ ਇਸ ਪੂੰਜੀ ਨੂੰ ਆਪਣੀ ਬਿਮਾਰੀ ਲਈ ਨਹੀਂ ਲਾ ਸਕਦਾ। ਫਿਰ ਇਕ ਲੱਖ ਰੁਪਏ ਤਾਂ ਸਿਰਫ ਆਉਣ-ਜਾਣ ਦਾ ਕਿਰਾਇਆ ਵੀ ਨਹੀਂ ਹੈ। ਚਿੰਤਾ ਕੋਈ ਨਹੀਂ ਕਰਨੀ, ਜੋ ਕੁਝ ਹੋਣਾ ਹੈ ਉਹ ਤਾਂ ਹੋ ਕੇ ਹੀ ਰਹੇਗਾ। ਮੈਂ ਹੁਣ ਸ਼ਰਾਬ ਕਦੀ ਨਹੀਂ ਪੀਆਂਗਾ ਅਤੇ ਆਸ ਹੈ ਮੈਂ ਬਿਨਾਂ ਇਲਾਜ ਦੇ ਹੀ ਠੀਕ ਹੋ ਜਾਵਾਂਗਾ। ਸਿਰਫ ਪ੍ਰਮਾਤਮਾ ਅੱਗੇ ਪ੍ਰਾਥਨਾ ਕਰਿਆ ਕਰੋ ਕਿ ਮੈਂ ਠੀਕ ਹੋ ਜਾਵਾਂ ਉਪਰ ਵਾਲਾ ਹੀ ਸਭ ਤੋਂ ਵੱਡਾ ਡਾਕਟਰ ਹੈ। ਇਸ ਵਕਤ ਕਾਫੀ ਨੀਂਦ ਆ ਰਹੀ ਹੈ ਬਾਕੀ ਕਲ੍ਹ ਲਿਖਾਂਗਾ।

ਪਿਆਰੀ ਕਵਿਤਾ ਜੀ! ਨੀਂਦ ਤੋਂ ਜਾਗਦਿਆ ਹੀ ਲਿਖਣ ਲਗ ਪਿਆ ਹਾਂ। ਰਾਤ ਨੂੰ ਬੜੀ ਗੂੜ੍ਹੀ ਨੀਂਦ ਆ ਗਈ ਸੀ। ਤੁਹਾਡੇ ਖਿਆਲਾਂ ਨੂੰ ਹੀ ਦਿਲ ਅਤੇ ਦਿਮਾਗ ਵਿਚ ਲੈ ਕੇ ਸੌਂ ਗਿਆ। ਰਾਤ ਨੂੰ ਇਕ ਬਹੁਤ ਹੀ ਸੁੰਦਰ ਸੁਪਨਾ ਵੇਖਿਆ, ਤੁਸੀਂ ਵੀ ਪੜ੍ਹ ਕੇ ਬਹੁਤ ਖੁਸ਼ ਹੋਵੋਗੇ। ਪਤਾ ਕੀ ਵੇਖਿਆ ਮੈਂ? ਕਿਸੇ ਪਹਾੜੀ ਉਤੇ ਇਕ ਪੱਥਰ 'ਤੇ ਬੈਠਾ ਲਿਖ ਰਿਹਾ ਸਾਂ। ਗੰਭੀਰਤਾ ਦੀ ਦੁਨੀਆ ਵਿਚੋਂ ਆਪਣੀ ਕਲਾ ਦੇ ਟੁਕੜੇ ਇਕੱਠੇ ਕਰ ਰਿਹਾ ਸਾਂ। ਤੁਸੀਂ ਹੌਲੀ-ਹੌਲੀ ਲੁਕ ਕੇ ਆਏ। ਮੈਨੂੰ ਕੋਈ ਪਤਾ ਨਹੀਂ ਲੱਗਾ ਅਤੇ ਆ ਕੇ ਮੇਰੀਆਂ ਅੱਖਾਂ ਆਪਣੇ ਦੋਨੋਂ ਹੱਥਾਂ ਨਾਲ ਮੀਟ ਲਈਆਂ। ਮੈਂ ਪਛਾਨਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਪਛਾਣ ਨਹੀਂ ਸਕਿਆ। ਤੁਹਾਨੂੰ ਗੁੱਸਾ ਆ ਗਿਆ ਅਤੇ ਮੈਨੂੰ ਤੁਸੀਂ ਧੱਕਾ ਦੇ ਦਿਤਾ। ਮੈਂ ਥੱਲੇ ਡਿੱਗ ਪਿਆ। ਪਿਛੇ ਵੇਖਿਆ ਤਾਂ ਤੁਸੀਂ ਆਖ ਰਹੇ ਸੀ, "ਦੁਨੀਆ ਭਰ ਦਿਆਂ ਲੋਕਾਂ ਨੂੰ ਯਾਦ ਕਰ ਲਿਆ, ਪਰ ਤੁਹਾਨੂੰ ਤਾਂ ਮੇਰਾ ਚੇਤਾ ਹੀ ਨਹੀਂ।" ਇਹ ਕਹਿ ਕੇ ਤੁਸੀਂ ਰੁੱਸ ਕੇ ਤੁਰ ਗਏ। ਮੈਂ ਪਿਛੇ-ਪਿਛੇ ਤੁਰਦਾ ਰਿਹਾ, ਤੁਹਾਨੂੰ ਮਨਾਉਂਦਾ ਰਿਹਾ। ਕਈ ਪਹਾੜੀਆਂ, ਝਾੜੀਆਂ ਅਤੇ ਪੱਥਰਾਂ 'ਤੇ ਤੁਰਦੇ ਰਹੇ। ਫਿਰ ਮੈਂ ਤੁਹਾਡੇ ਬਹੁਤ ਹੀ ਕੋਲ ਆ ਗਿਆ। ਅੱਗੇ ਇਕ ਵੱਡੀ ਚਟਾਨ ਸੀ ਤੁਸੀਂ ਉਸ 'ਤੇ ਚੜ੍ਹਨ ਲੱਗੇ ਤਾਂ ਪੈਰ ਤਿਲਕ ਗਿਆ। ਸਿੱਧੇ ਹੀ ਮੇਰੀਆਂ ਬਾਹਾਂ ਵਿਚ ਆ ਗਏ। ਤੁਸੀਂ ਬੜੀ ਕੋਸ਼ਿਸ਼ ਕੀਤੀ ਨਿਕਲਣ ਦੀ ਪਰ ਮੈਂ ਬਿਲਕੁਲ ਹੀ ਨਹੀਂ ਛੱਡਿਆ ਬਾਹਾਂ ਦੀ ਕੈਦ ਵਿਚੋਂ। ਹਾਰ ਕੇ ਤੁਸੀਂ ਮੇਰੀ ਛਾਤੀ 'ਤੇ ਸਿਰ ਰੱਖ ਦਿੱਤਾ। ਦੋਨੋਂ ਹੀ ਥੱਲੇ ਬੈਠ ਗਏ। ਉਥੇ ਹਰਾ ਹਰਾ ਘਾਹ ਸੀ। ਮੈਂ ਉਸ ਘਾਹ 'ਤੇ ਲੇਟ ਗਿਆ ਅਤੇ ਤੁਸੀਂ ਵੀ ਮੇਰੇ ਸੀਨੇ 'ਤੇ

ਸਿਰ ਰੱਖ ਕੇ ਲੇਟ ਗਏ ਅਤੇ ਕਿਹਾ, "ਜੀਅ ਕਰਦਾ ਹੈ ਜੀਵਨ ਭਰ ਇਸ ਤਰ੍ਹਾਂ ਹੀ ਲੇਟੀ ਰਹਾਂ ਤੇ ਤੁਸੀਂ ਮੇਰੇ ਕੋਲ ਰਹੋ।" ਕਵਿਤਾ ਜੀ! ਤਦ ਤਕ ਤੁਹਾਡਾ ਗੁੱਸਾ ਉਤਰ ਚੁੱਕਾ ਸੀ। ਪਿਆਰ ਅੱਖਾਂ ਦੇ ਪਿਆਲਿਆਂ ਵਿਚ ਛਲਕ ਰਿਹਾ ਸੀ। ਦਿਲ ਕੀਤਾ ਕਿ ਅੱਖਾਂ ਦੀ ਸ਼ਰਾਬ ਨੂੰ ਜੀਅ ਭਰ ਕੇ ਪੀ ਲਵਾਂ। ਜਨਮ-ਜਨਮ ਦੀ ਤਰੇਹ ਮਿਟਾ ਲਵਾਂ। ਕਵਿਤਾ ਜੀ ਤੁਸੀਂ ਮੇਰੇ ਵੱਲ ਵੇਖਦੇ ਹੀ ਰਹੇ ਅਤੇ ਮੈਂ ਪੀਂਦਾ ਰਿਹਾ। ਤੁਹਾਡਾ ਚਿਹਰਾ ਮੇਰੀਆਂ ਤਲੀਆਂ ਵਿਚ ਸੀ। ਤੁਸੀਂ ਮੇਰੇ ਵੱਲ ਝੁਕਦੇ ਜਾ ਰਹੇ ਸੀ। ਇੰਨੇ ਝੁਕ ਗਏ ਕੀ ਬੁੱਲ੍ਹਾਂ ਦੇ ਵਿਚਕਾਰ ਕੋਈ ਦੂਰੀ ਨਾ ਰਹੀ। ਫਿਰ ਕੀ ਹੋਇਆ? ਅੱਗੇ ਲਿਖਦਿਆਂ ਕਲਮ ਸ਼ਰਮਾ ਰਹੀ ਹੈ। ਸਾਰੀ ਰਾਤ ਹੀ ਤੁਸੀਂ ਮੇਰੀਆਂ ਬਾਹਾਂ ਵਿਚ ਰਹੇ ਉਸ ਸਬਜ਼ ਮਖ਼ਮਲੀ ਘਾਹ ਉੱਤੇ। ਜਦੋਂ ਜਾਗ ਆਈ ਤਾਂ ਮੈਂ ਆਪਣੇ ਬਿਸਤਰੇ ਉਤੇ ਤੁਹਾਡੀ ਚਿੱਠੀ ਨੂੰ ਸੀਨੇ ਨਾਲ ਲਗਾ ਕੇ ਪਿਆ ਹੋਇਆ ਸਾਂ। ਕਿੰਨਾ ਸੁੰਦਰ ਸੁਪਨਾ ਸੀ। ਹੈ ਨਾ?

ਕਵਿਤਾ ਜੀ! ਇਹ ਸੁਪਨੇ ਛੇਤੀ ਹੀ ਸੱਚਾਈ ਵਿਚ ਬਦਲ ਜਾਣ ਤਾਂ ਕਿੰਨਾ ਚੰਗਾ ਹੈ? ਸੱਚਮੁੱਚ ਹੀ ਸਭ ਦੁੱਖ ਅਤੇ ਗ਼ਮ ਭੁੱਲ ਜਾਵਾਂਗਾ। ਹਮੇਸ਼ਾ ਹੀ ਤੁਹਾਡੀਆਂ ਜ਼ੁਲਫ਼ਾਂ ਦੀ ਛਾਂ ਹੇਠ ਪਿਆ ਰਿਹਾ ਕਰਾਂਗਾ। ਮੇਰੀਆਂ ਰਚਨਾਵਾਂ ਵਿਚ ਸੱਚ-ਮੁਚ ਹੀ ਜਾਨ ਆ ਜਾਏਗੀ। ਖੁਸ਼ੀ ਦਾ ਸਿਹਰਾ ਬੰਨ੍ਹ ਕੇ ਮੈਂ ਵੀਨਾ ਨੂੰ ਵਿਖਾ ਸਕਾਂਗਾ ਕਿ ਮੈਂ ਸਿਰਫ ਉਸ ਦੇ ਰਹਿਮੋ-ਕਰਮ ਤੇ ਹੀ ਨਹੀਂ ਜੀਂਦਾ ਸਾਂ। ਉਸ ਤੋਂ ਵੀ ਜ਼ਿਆਦਾ ਅਤੇ ਪਵਿੱਤਰ ਪਿਆਰ ਕਰਨ ਵਾਲੀ ਹੋਰ ਔਰਤ ਹੈ ਜਿਹੜੀ ਮੈਨੂੰ ਦੁਨੀਆ ਦੀ ਕਿਸੇ ਵੀ ਚੀਜ਼ ਤੋਂ ਜ਼ਿਆਦਾ ਚਾਹੁੰਦੀ ਹੈ।

ਕਵਿਤਾ ਜੀ! ਮੈਂ ਇਸ ਨਾਵਲ ਦੇ ਪੂਰੇ ਹੋਣ ਤੋਂ ਬਾਅਦ ਕਿਸੇ ਕਾਲਜ ਵਿਚ ਨੌਕਰੀ ਕਰ ਲਵਾਂਗਾ। ਠੀਕ ਰਹੇਗਾ? ਮੈਂ ਨਹੀਂ ਚਾਹੁੰਦਾ ਕਿ ਤੁਸੀਂ ਕਿਤੇ ਸਰਵਿਸ ਕਰੋ। ਮੈਨੂੰ ਪੰਜ ਛੇ ਸੌ ਰੁਪਏ ਤਨਖਾਹ ਮਿਲ ਜਾਏਗੀ। ਜੀਵਨ ਠੀਕ ਤਰ੍ਹਾਂ ਬੀਤੇਗਾ। ਪਤਾ ਹੈ ਮੈਂ ਕੀ ਸੋਚਦਾ ਹੁੰਦਾ ਸੀ ਜਦੋਂ ਸ਼ਾਦੀ ਦੀ ਗੱਲ ਹੁੰਦੀ ਸੀ? ਮੈਂ ਸੋਚਦਾ ਸੀ ਸ਼ਾਦੀ ਸਿਰਫ਼ ਦੋ ਕੰਮਾਂ ਲਈ ਕਰਾਵਾਂਗਾ। ਇਕ ਤਾਂ ਜਦੋਂ ਸੌਂ ਕੇ ਉਠਾਂ ਤਾਂ ਮੇਰੀ ਪਤਨੀ ਚਾਹ ਦਾ ਕੱਪ ਲੈ ਕੇ ਮੇਰੇ ਬਿਸਤਰੇ ਕੋਲ ਮੁਸਕਰਾਉਂਦੀ ਹੋਈ ਖੜੀ ਹੋਵੇ। ਉਠਦਿਆਂ ਹੀ ਹੱਸਦੇ ਚਿਹਰੇ ਦੇ ਦਰਸ਼ਨ ਹੋਣ ਅਤੇ ਸਾਰਾ ਦਿਨ ਹੀ ਹੱਸਦੇ-ਹਸਾਉਂਦੇ ਨਿਕਲ ਜਾਏ ਅਤੇ ਦੂਸਰੀ ਇਛਾ ਸੀ ਕਿ ਜਦੋਂ ਮੈਂ ਸ਼ਾਮ ਨੂੰ ਕਾਲਜ ਤੋਂ ਥੱਕਿਆ ਹੋਇਆ ਆਵਾਂ ਤਾਂ ਮੇਰੀ ਪਤਨੀ ਪਿਆਰ ਨਾਲ ਕੋਲ ਬਿਠਾ ਕੇ ਮੇਰੇ ਜੂਤੇ ਖੋਲ੍ਹੇ। ਉਸ ਦੇ ਕੋਮਲ ਹੱਥਾਂ ਦੇ ਛੂਹਣ ਨਾਲ ਮੇਰੀ ਸਾਰੀ ਥਕਾਵਟ ਦੂਰ ਹੋ ਜਾਏ। ਬਸ ਮੈਂ ਸਦਾ ਇਹੋ ਇਛਾ ਕੀਤੀ ਸੀ। ਰੋਟੀ ਮਿਲੇ ਜਾਂ ਨਾ ਮਿਲੇ ਪਰ ਇੰਨਾ ਪਿਆਰ ਜ਼ਰੂਰ ਮਿਲੇ। ਜਦੋਂ ਮੈਂ ਵੀਨਾ ਨੂੰ ਕਹਿੰਦਾ ਸੀ ਤਾਂ ਉਹ ਕਹਿੰਦੀ ਸੀ ਮੈਂ ਸਭ ਕੁਝ ਕਰਾਂਗੀ ਪਰ ਤੁਹਾਡੇ ਜੂਤੇ ਨਹੀਂ ਖੋਲ੍ਹ ਸਕਦੀ। ਕਵਿਤਾ ਜੀ! ਉਸ ਵਕਤ ਮੈਨੂੰ ਦੁੱਖ ਹੁੰਦਾ ਸੀ ਕਿ ਪਰ ਫਿਰ ਮੈਂ ਸੋਚਦਾ ਕਿ ਇਸ ਤਰ੍ਹਾਂ ਕਹਿਣਾ ਮੇਰੀ ਗਲਤੀ ਹੈ ਕਿਉਂਕਿ ਉਹ ਅਮੀਰ ਪਿਤਾ ਦੀ ਬੇਟੀ ਹੈ। ਲੇਕਿਨ ਮੈਂ ਤੁਹਾਨੂੰ ਇਹ ਸਭ ਕੁਝ ਕਰਨ ਲਈ ਨਹੀਂ ਕਹਾਂਗਾ। ਮੈਂ ਤੁਹਾਨੂੰ ਫੁੱਲਾਂ ਦੀ ਤਰ੍ਹਾਂ ਰਖਾਂਗਾ। ਕੋਈ ਤਕਲੀਫ

ਨਹੀਂ ਪਹੁੰਚਣ ਦਿਆਂਗਾ। ਬਸ ਖੁਸ਼ੀ ਤੋਂ ਸਿਵਾ ਤੁਹਾਨੂੰ ਕੁਝ ਨਹੀਂ ਮਿਲੇਗਾ। ਜਿਸ ਤਰ੍ਹਾਂ ਬਚਪਨ ਤੋਂ ਤੁਸੀਂ ਖੁਸ਼ ਰਹੇ ਹੋ ਇਸ ਤਰ੍ਹਾਂ ਹੀ ਬਾਕੀ ਜੀਵਨ ਵੀ ਤੁਹਾਡਾ ਖੁਸ਼ੀ ਵਿਚ ਬੀਤ ਜਾਏਗਾ। ਮੈਂ ਨੌਕਰੀ ਛੱਡ ਕੇ ਜਦੋਂ ਦਿੱਲੀ ਤੋਂ ਆਇਆ, ਨਿਰਾਸ਼ ਹੋ ਗਿਆ ਸਾਂ। ਗੁਮਨਾਮੀ ਦਾ ਜੀਵਨ ਗੁਜ਼ਾਰਨਾ ਚਾਹੁੰਦਾ ਸਾਂ। ਇਥੇ ਤੀਹ ਰੁਪਏ ਮਹੀਨੇ 'ਤੇ ਕਿਰਾਏ ਦਾ ਇਕ ਕਮਰਾ ਲਿਆ। ਕੁਝ ਰਸਾਲਿਆਂ ਵਿਚ ਲੇਖ ਭੇਜਦਾ ਰਿਹਾ, ਥੋੜਾ ਮਿਹਨਤਾਨਾ ਮਿਲਦਾ ਰਿਹਾ। ਫਿਰ ਕੁਝ ਬੱਚੇ ਪੜ੍ਹਾਉਣੇ ਸ਼ੁਰੂ ਕਰ ਦਿੱਤੇ। ਖਾਣ-ਪੀਣ ਲਈ ਖਰਚਾ ਤੇ ਚਾਹੀਦਾ ਸੀ। ਮੈਂ ਕਿਤੇ ਨੌਕਰੀ ਕਰ ਕੇ ਪਾਬੰਦ ਨਹੀਂ ਹੋਣਾ ਚਾਹੁੰਦਾ ਸਾਂ ਪਾਬੰਦ ਹੋਣਾ ਮੈਨੂੰ ਚੰਗਾ ਨਹੀਂ ਲਗਦਾ।

ਮੈਂ ਪਿਛਲੇ ਇਕ ਹਫਤੇ ਵਿਚ ਨਾਵਲ ਦੇ ਇਕ ਸੌ ਪੰਨੇ ਲਿਖੇ ਹਨ। ਲਿਖਣ ਵਿਚ ਕਾਫੀ ਉਲਝਣਾਂ ਪੇਸ਼ ਆਉਂਦੀਆਂ ਹਨ। ਸਭ ਤੋਂ ਵੱਡੀ ਉਲਝਣ ਹੈ ਤੁਹਾਡੀ ਯਾਦ। ਇਸ ਯਾਦ ਦਾ ਅਤੇ ਵਿਛੋੜੇ ਦਾ ਰੰਗ ਵੀ ਵਿਚ ਹੀ ਭਰਿਆ ਜਾ ਰਿਹਾ ਹੈ। ਇਹ ਨਾਵਲ ਹੋਰ ਵੀ ਚੰਗਾ ਬਣ ਰਿਹਾ ਹੈ। ਇਸ ਦੀ ਕਹਾਣੀ ਇਕ ਮੇਰੇ ਵਰਗੇ ਆਦਮੀ ਦੀ ਹੈ ਜਿਸ ਨੂੰ ਕਦੀ ਵੀ ਖੁਸ਼ੀ ਨਹੀਂ ਮਿਲਦੀ। ਮੈਨੂੰ ਤਾਂ ਫਿਰ ਵੀ ਖੁਸ਼ੀ ਦੀ ਆਸ ਹੋ ਗਈ ਹੈ ਪਰ ਉਸ ਵਿਚਾਰੇ ਨੂੰ ਕਦੀ ਵੀ ਆਸ ਨਹੀਂ ਹੋਈ ਖੁਸ਼ੀ ਮਿਲਣ ਦੀ। ਦੌਲਤ ਦੀ ਨਕਲੀ ਛਾਂ ਵਿਚ ਉਹ ਪਲਦਾ ਰਿਹਾ। ਪੈਦਾ ਹੁੰਦਿਆਂ ਹੀ ਯਤੀਮ ਹੋ ਗਿਆ ਪਰੰਤੂ ਉਸ ਦੇ ਚਾਚੇ ਨੇ ਉਸ ਦੀ ਹਰ ਖੁਸ਼ੀ ਪੈਸੇ ਨਾਲ ਖਰੀਦੀ। ਬਨਾਵਟੀ ਪਿਆਰ ਵਿਚ ਉਹ ਵੀ ਇਕ ਬਨਾਵਟ ਬਣ ਗਿਆ। ਜਵਾਨੀ ਵਿਚ ਉਸ ਨੂੰ ਇਕ ਲੜਕੀ ਦਾ ਪਿਆਰ ਮਿਲਿਆ। ਜੀਵਨ ਉਸ ਦਾ ਮਹਿਕ ਗਿਆ। ਉਹ ਆਪਣੇ ਪੈਰਾਂ 'ਤੇ ਖੜੇ ਹੋਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਪੈਰ ਤਿਲਕ ਗਿਆ। ਧੰਨ ਦੀ ਨਕਲੀ ਛਾਂ ਵੀ ਸਿਰ ਤੋਂ ਉਠ ਗਈ। ਉਸ ਲੜਕੀ ਦੇ ਪਿਆਰ ਦਾ ਸਹਾਰਾ ਲੈਣ ਲਈ ਉਸ ਵੱਲ ਵਧਿਆ ਤਾਂ ਉਸ ਦਾ ਪਿਆਰ ਵੀ ਨਕਲੀ ਹੀ ਨਿਕਲਿਆ ਜਿਹੜਾ ਕਿ ਸਿਰਫ਼ ਦੌਲਤ ਦੀ ਚਮਕ ਦੇ ਕਾਰਨ ਸੀ। ਮੁਸੀਬਤਾਂ ਦਾ ਭਾਰ ਸਹਿਣ ਲਈ ਵਿਚਾਰਾ ਇਕੱਲਾ ਹੀ ਰਹਿ ਗਿਆ। ਇਕ ਗਲਤ ਦੋਸਤੀ ਦਾ ਸ਼ਿਕਾਰ ਹੋ ਗਿਆ ਜਿਸ ਦੇ ਕਾਰਨ ਇਕ ਸ਼ਰੀਫ ਅਤੇ ਹੋਣਹਾਰ ਲੜਕੇ ਦਾ ਜੀਵਨ ਅਵਾਰਾ ਅਤੇ ਬਦਚਲਣ ਬਣ ਗਿਆ। ਇਕ ਬੇਵਫ਼ਾ ਲੜਕੀ ਦੇ ਬਦਲੇ ਉਸ ਨੇ ਕਈਆਂ ਨਾਲ ਬੇਵਫ਼ਾਈ ਕੀਤੀ। ਕਈਆਂ ਨੂੰ ਬਰਬਾਦ ਕਰ ਦਿਤਾ। ਕਈਆਂ ਦੀ ਜਵਾਨੀ ਨੂੰ ਆਪਣੀ ਨਫ਼ਰਤ ਦੀ ਅੱਗ ਵਿਚ ਸਾੜ ਦਿਤਾ। ਜਦੋਂ ਹੋਸ਼ ਵਿਚ ਆਇਆ ਤਾਂ ਜਵਾਨੀ ਦਾ ਨਸ਼ਾ ਉਤਰ ਗਿਆ ਸੀ। ਗਲਤੀ ਦਾ ਅਹਿਸਾਸ ਹੋ ਗਿਆ ਸੀ ਪਰੰਤੂ ਉਸ ਵਕਤ ਉਸ ਦੀ ਮੰਜ਼ਿਲ ਬਹੁਤ ਦੂਰ ਰਹਿ ਗਈ ਸੀ। ਉਹ ਮੰਜ਼ਿਲਾਂ ਵਾਲੇ ਰਸਤੇ ਨੂੰ ਛੱਡ ਕੇ ਕਿਸੇ ਹੋਰ ਰਸਤੇ 'ਤੇ ਤੁਰ ਪਿਆ ਹੋਇਆ ਸੀ। ਵਾਪਸ ਜਾਣ ਦੀ ਕੋਸ਼ਿਸ਼ ਵੀ ਕਰਦਾ ਤਾਂ ਨਹੀਂ ਜਾ ਸਕਦਾ ਸੀ ਕਿਉਂਕਿ ਉਹ ਅਪਾਹਜ਼ ਹੋ ਗਿਆ ਸੀ। ਉਸ ਦੀ ਇਕ ਲੱਤ ਜਵਾਬ ਦੇ ਗਈ ਸੀ।

ਉਸ ਤੋਂ ਬਾਦ ਇਕ ਹੋਰ ਲੜਕੀ ਉਸ ਦੇ ਜੀਵਨ ਵਿਚ ਆਈ ਜਿਹੜੀ ਉਸ ਦੇ ਅਪਾਹਜ ਜੀਵਨ ਨੂੰ ਸਹਾਰਾ ਦੇਣਾ ਚਾਹੁੰਦੀ ਸੀ ਪਰ ਉਸ ਦੀ ਮਨੁੱਖਤਾ ਨੇ ਉਸ

ਨੂੰ ਇਕ ਅਬਲਾ ਦੇ ਸਿਰ 'ਤੇ ਬੋਝ ਬਣਨ ਤੋਂ ਰੁਕਾਇਆ। ਉਹ ਲੜਕੀ ਕਈ ਸਾਲ ਉਸ ਦੀ ਪੂਜਾ ਕਰਦੀ ਰਹੀ, ਉਪਾਸਨਾ ਕਰਦੀ ਰਹੀ। ਅੰਤ ਵਿਚ ਲੜਕੀ ਦੇ ਪਿਆਰ ਅਤੇ ਹਮਦਰਦੀ ਨੇ ਉਸ ਮਨੁੱਖ ਦੇ ਦਿਲ ਨੂੰ ਜਿੱਤ ਲਿਆ। ਉਸ ਨੇ ਮਨ ਵਿਚ ਫ਼ੈਸਲਾ ਕਰ ਲਿਆ ਕਿ ਉਹ ਸ਼ਾਦੀ ਕਰ ਲਵੇਗਾ। ਉਸ ਸ਼ਾਮ ਨੂੰ ਲੰਗੜਾਉਂਦਾ ਹੋਇਆ ਉਹ ਉਸ ਲੜਕੀ ਨੂੰ ਦੱਸਣ ਜਾ ਰਿਹਾ ਸੀ ਕਿ ਇਕ ਬੱਚੇ ਨੂੰ ਕਾਰ ਹੇਠਾਂ ਆਉਣ ਤੋਂ ਬਚਾਉਂਦਿਆਂ ਉਸ ਦੀ ਦੂਸਰੀ ਲੱਤ ਵੀ ਟੁੱਟ ਗਈ। ਜਦੋਂ ਹਸਪਤਾਲ ਵਿਚ ਹੋਸ਼ ਆਈ ਤਾਂ ਪਤਾ ਲੱਗਾ ਕਿ ਜਿਸ ਬੱਚੇ ਨੂੰ ਉਸ ਨੇ ਬਚਾਇਆ ਹੈ ਉਹ ਉਸ ਲੜਕੀ ਦਾ ਬੱਚਾ ਸੀ ਜਿਸ ਨੇ ਉਸ ਨੂੰ ਧੋਖਾ ਦਿੱਤਾ ਸੀ ਅਤੇ ਜਿਸ ਦੇ ਕਾਰਨ ਉਹ ਇਕ ਲੋਫ਼ਰ ਅਤੇ ਅਵਾਰਾ ਬਣ ਗਿਆ ਸੀ, ਜਿਸ ਦੇ ਕਾਰਨ ਉਸ ਦਾ ਜੀਵਨ ਬਰਬਾਦ ਹੋ ਗਿਆ ਸੀ। ਉਸ ਦੀ ਪਹਿਲੀ ਪ੍ਰੇਮਿਕਾ ਉਸ ਬੱਚੇ ਨਾਲ ਉਥੇ ਮੌਜੂਦ ਸੀ। ਉਸ ਵਕਤ ਉਹ ਲੜਕੀ ਵੀ ਹਸਪਤਾਲ ਪੁੱਜ ਗਈ ਸੀ ਜਿਸ ਨਾਲ ਉਸ ਨੇ ਵਿਆਹ ਕਰਨਾ ਸੀ। ਬੱਚੇ ਨੂੰ ਵੇਖ ਕੇ ਉਸ ਨੂੰ ਖੁਸ਼ੀ ਹੋਈ ਕਿ ਪਹਿਲੀ ਪ੍ਰੇਮਿਕਾ ਵਾਸਤੇ ਹੀ ਜਾਨ ਦੇ ਰਿਹਾ ਹੈ ਪਰ ਦੂਸਰੀ ਵੱਲ ਵੇਖ ਦੇ ਦੁੱਖ ਹੋਇਆ ਕਿਉਂਕਿ ਉਹ ਉਸ ਦੀ ਆਸ ਪੂਰੀ ਨਹੀਂ ਕਰ ਸਕਿਆ ਸੀ। ਬਸ ਆਖਿਰ ਵਿਚ ਦੋਨੋਂ ਹੀ ਲੜਕੀਆਂ ਦਾ ਨਾਂ ਉਸ ਦੇ ਮੂੰਹੋਂ ਨਿਕਲਦਾ ਹੈ ਅਤੇ ਸਦਾ ਲਈ ਸ਼ਾਂਤ ਹੋ ਜਾਂਦਾ ਹੈ। ਕਵਿਤਾ ਜੀ! ਮੇਰੇ ਨਾਵਲ ਦਾ ਇਹ 'ਪਲਾਟ' ਹੈ। ਲਿਖਣਾ ਕਿਸ ਤਰ੍ਹਾਂ ਦਾ ਲੱਗਾ? ਬਾਕੀ ਸਭ ਠੀਕ ਹੈ। ਪੱਤਰ ਦਾ ਉਤਰ ਬੜਾ ਹੀ ਪਿਆਰਾ ਲਿਖਣਾ। ਇਹ ਪੱਤਰ ਕਾਫੀ ਲੰਬਾ ਹੋ ਗਿਆ ਹੈ। ਹੁਣ ਆਗਿਆ ਦਿਉ ਫਿਰ ਮਿਲਾਂਗੇ।

ਤੁਹਾਡਾ ਹੀ

◆ **-ਸੰਗੀਤ**

ਕਲਕੱਤਾ **ਤੇਰਾਂ**

ਬਹੁਤ ਹੀ ਪਿਆਰੇ ਸੰਗੀਤ ਜੀ!

ਬਹੁਤ ਬਹੁਤ ਪਿਆਰ! ਮੈਂ ਅੱਜ ਸਿਲੀਗੁੜੀ ਤੋਂ ਵਾਪਸ ਆਈ ਹਾਂ ਅਤੇ ਆਪ ਜੀ ਦਾ ਬਹੁਤ ਹੀ ਪਿਆਰਾ ਅਤੇ ਸੁੰਦਰ ਪੱਤਰ ਮਿਲਿਆ ਹੈ। ਪੱਤਰ ਤਾਂ ਮੇਰੇ ਖਿਆਲ ਵਿਚ ਤਿੰਨ ਚਾਰ ਦਿਨ ਪਹਿਲੇ ਦਾ ਆਇਆ ਹੋਇਆ ਹੈ। ਮੈਂ ਛੇ ਅਗਸਤ ਨੂੰ ਇਥੋਂ ਚਲੀ ਗਈ ਸੀ। ਸਿਲੀਗੁੜੀ ਮੇਰੇ ਭੂਆ ਜੀ ਰਹਿੰਦੇ ਹਨ, ਉਨ੍ਹਾਂ ਦੀ ਲੜਕੀ ਦੀ ਸ਼ਾਦੀ ਸੀ। ਸਿਲੀਗੁੜੀ ਦਾਰਜੀਲਿੰਗ ਦੇ ਕੋਲ ਹੈ। ਉਥੇ ਪਹਾੜਾਂ ਦੀਆਂ ਚੋਟੀਆਂ ਬਹੁਤ ਸਾਫ਼ ਦਿਸਦੀਆਂ ਹਨ। ਦਸ ਅਗਸਤ ਨੂੰ ਵਿਆਹ ਸੀ। ਵਿਆਹ ਦੇ ਦਿਨਾਂ ਵਿਚ ਮੈਨੂੰ ਤੁਹਾਡੀ ਬਹੁਤ ਯਾਦ ਆਈ। ਮੈਂ ਵਹੁਟੀ ਦੇ ਹੱਥਾਂ ਤੋਂ ਮਹਿੰਦੀ ਉਤਾਰ ਕੇ ਆਪਣੇ ਹੱਥਾਂ 'ਤੇ ਲਾਈ ਸੀ। ਪਤਾ ਹੈ ਕਿਉਂ? ਕਹਿੰਦੇ ਹਨ ਜੇਕਰ ਵਹੁਟੀ ਦੀ ਜੂਠੀ ਮਹਿੰਦੀ ਲਾਈ ਜਾਵੇ ਤਾਂ ਵਿਆਹ ਛੇਤੀ ਹੁੰਦਾ ਹੈ। ਸੰਗੀਤ ਜੀ! ਜਿਸ ਵਕਤ

ਵਹੁਟੀ ਨੂੰ ਸ਼ਿੰਗਾਰ ਰਹੇ ਸੀ ਤਾਂ ਮੈਂ ਵੀ ਸੋਚ ਰਹੀ ਸਾਂ ਕਿ ਇਕ ਦਿਨ ਮੈਂ ਵੀ ਇਸ ਤਰ੍ਹਾਂ ਹੀ ਸੱਜ-ਧੱਜ ਕੇ ਬੈਠਾਂਗੀ ਅਤੇ ਆਪਣੇ ਸਾਜਨ ਦੀ ਉਡੀਕ ਕਰਾਂਗੀ। ਫਿਰ ਜਦੋਂ ਬਰਾਤ ਆਈ ਤਾਂ ਇਸ ਤਰ੍ਹਾਂ ਲਗ ਰਿਹਾ ਸੀ ਕਿ ਤੁਸੀਂ ਲਾੜੇ ਬਣ ਕੇ ਮੈਨੂੰ ਵਿਆਹੁਣ ਆਏ ਹੋ। ਮੈਂ ਤਾਂ ਲਾੜੇ ਨੂੰ ਵੇਖਿਆ ਵੀ ਨਹੀਂ। ਸਿਰਫ਼ ਤੁਹਾਨੂੰ ਹੀ ਵੇਖਦੀ ਰਹੀ। ਇਹ ਤਾਂ ਜਿਵੇਂ ਮੇਰਾ ਵਿਆਹ ਹੋ ਰਿਹਾ ਸੀ। ਸੰਗੀਤ ਜੀ! ਉਸ ਸਮੇਂ ਸੱਚ-ਮੁੱਚ ਹੀ ਕਿਸੇ ਦੂਸਰੀ ਦੁਨੀਆ ਵਿਚ ਗਵਾਚ ਗਈ ਸਾਂ। ਸਫ਼ੇਦ ਵਿਆਹ ਦਾ ਜੋੜਾ ਪਾ ਕੇ ਤੁਸੀਂ ਕਿੰਨੇ ਹੀ ਸੋਹਣੇ ਲਗ ਰਹੇ ਸੀ। ਤੁਹਾਡੀਆਂ ਅੱਖਾਂ ਵਿਚ ਸ਼ਰਾਰਤ ਸੀ। ਉਨ੍ਹਾਂ ਅੱਖਾਂ ਵਿਚ ਪਿਆਰ ਦੀ ਭੁੱਖ ਵੀ ਝਲਕ ਰਹੀ ਸੀ। ਫੇਰੇ ਲੈਣ ਤੋਂ ਬਾਦ ਅਸੀਂ ਇਕ ਹੋ ਗਏ ਸੀ। ਸਾਡੀ ਆਤਮਾ ਇਕ ਹੋ ਗਈ ਸੀ। ਤੁਸੀਂ ਬਾਹਾਂ ਵਿਚ ਚੁੱਕ ਕੇ ਮੈਨੂੰ ਅੰਦਰ ਲੈ ਗਏ। ਸਾਰੇ ਵੇਖਦੇ ਸਨ ਪਰ ਰਤੀ ਭਰ ਵੀ ਸ਼ਰਮ ਨਹੀਂ ਆਈ। ਆਪਣੇ ਕਮਰੇ ਵਿਚ ਜਾ ਕੇ ਦਰਵਾਜ਼ੇ ਨੂੰ ਬੰਦ ਕਰ ਦਿੱਤਾ। ਫਿਰ ਤੁਸੀਂ ਤੰਗ ਕਰਨ ਲਗ ਪਏ। ਮੈਂ ਸ਼ਰਮ ਦੇ ਮਾਰੇ ਪਾਣੀ-ਪਾਣੀ ਹੁੰਦੀ ਜਾ ਰਹੀ ਸੀ ਪਰ ਤੁਸੀਂ ਤਾਂ ਸ਼ੇਰ ਦੀ ਤਰ੍ਹਾਂ ਹੋਰ ਵੀ ਗਰਜਣ ਲਗ ਪਏ। ਮੈਂ ਤੁਹਾਡੀ ਹਰਕਤ ਵੇਖ ਕੇ ਜ਼ੋਰ ਨਾਲ ਹੱਸ ਪਈ। ਇੰਨੀ ਹੱਸੀ ਕਿ ਮੇਰਾ ਖਿਆਲ ਟੁੱਟ ਗਿਆ। ਮੈਂ ਤਾਂ ਵਹੁਟੀ ਦੇ ਕੋਲ ਬੈਠੀ ਸੀ। ਮੇਰੇ ਵੱਲ ਸਾਰੇ ਹੀ ਅੱਖਾਂ ਖੋਲ੍ਹ ਕੇ ਵੇਖਣ ਲਗ ਪਏ ਕਿ ਮੈਨੂੰ ਕੀ ਹੋਇਆ ਹੈ। ਹਾਲੀਂ ਤਾਂ ਏਥੇ ਫੇਰੇ ਵੀ ਨਹੀਂ ਸੀ ਹੋਏ ਤੇ ਮੈਂ ਸੁਹਾਗ ਰਾਤ ਦੇ ਕਮਰੇ ਵਿਚੋਂ ਵੀ ਮੁੜ ਆਈ ਸਾਂ।

ਸੰਗੀਤ ਜੀ! ਮਰਦ ਸੱਚ-ਮੁੱਚ ਹੀ ਬੜੇ ਸ਼ਰਾਰਤੀ ਹੁੰਦੇ ਹਨ। ਤੁਸੀਂ ਵੀ ਕਿਹੜੇ ਘੱਟ ਹੋ? ਚਿਹਰੇ ਤੋਂ ਤਾਂ ਬੜੇ ਭੋਲੇ-ਭਾਲੇ ਅਤੇ ਸ਼ਰੀਫ਼ ਲਗਦੇ ਹੋ ਪਰ ਕਸੋਲੀ ਵਿਚ ਬੈਠੇ-ਬੈਠੇ ਸੁਪਨੇ ਵਿਚ ਵੀ ਸ਼ਰਾਰਤਾਂ ਕਰਨੋਂ ਨਹੀਂ ਰਹਿੰਦੇ। ਝੂਠੇ ਕਿਤੋਂ ਦੇ ਮੈਂ ਕਦੋਂ ਕਿਹਾ ਸੀ ਕਿ ਮੈਨੂੰ ਤੁਹਾਡੇ ਸੀਨੇ ਤੇ ਸਿਰ ਰੱਖ ਕੇ ਸੌਣ ਦਾ ਬੜਾ ਅਨੰਦ ਆਉਂਦਾ ਹੈ। ਪਹਿਲੇ ਤਾਂ ਪਛਾਣਿਆਂ ਨਹੀਂ ਸੀ ਅਤੇ ਇਕੱਲੀ ਨੂੰ ਵੇਖ ਕੇ ਚਟਾਨਾਂ ਵਿਚ ਅਤੇ ਪਹਾੜੀਆਂ ਵਿਚ ਘੇਰ ਲਿਆ, ਚਲੋ! ਕੋਈ ਗੱਲ ਨਹੀਂ ਰਾਤ ਤਾਂ ਤੁਹਾਡੀ ਚੰਗੀ ਨਿਕਲ ਗਈ। ਜੇਕਰ ਇਸ ਤਰ੍ਹਾਂ ਹੀ ਰਾਤ ਕੱਢਣੀ ਹੁੰਦੀ ਹੈ ਤਾਂ ਹਰ ਰਾਤ ਸੁਪਨੇ ਵਿਚ ਬੁਲਾ ਲਿਆ ਕਰੋ। ਮੈਨੂੰ ਕੋਈ ਇਤਰਾਜ਼ ਨਹੀਂ ਹੈ ਪਰ ਸੁਪਨਿਆਂ ਨੂੰ ਸੱਚ ਕਰਨ ਦੀ ਵੀ ਸੋਚੋ। ਝਟਪਟ ਵਿਆਹ ਕਰ ਲਵੋ। ਮੈਂ ਵਿਆਹ ਵੇਖ ਕੇ ਆਈ ਹਾਂ। ਬਹੁਤ ਹੀ ਸੁੰਦਰ ਵਿਆਹ ਸੀ। ਤਦ ਤੋਂ ਮੇਰਾ ਮਨ ਵੀ ਤੁਹਾਨੂੰ ਯਾਦ ਕਰ ਕੇ ਇਹੋ ਹੀ ਕਹਿੰਦਾ ਹੈ ਕਿ ਛੇਤੀ ਹੀ ਵਿਆਹ ਕਰ ਲਈਏ।

ਸੰਗੀਤ ਜੀ! ਵਿਆਹ ਤੋਂ ਬਾਦ ਅਸੀਂ ਦਾਰਜੀਲਿੰਗ ਚਲੇ ਗਏ। ਮੈਂ ਦਾਰਜੀਲਿੰਗ ਕਦੀ ਨਹੀਂ ਸੀ ਵੇਖਿਆ। 7500 ਫੁੱਟ ਦੀ ਉਚਾਈ 'ਤੇ ਇਹ ਛੋਟਾ ਜਿਹਾ ਸ਼ਹਿਰ ਵੱਸਿਆ ਹੋਇਆ ਹੈ। ਸਾਹਮਣੇ ਹੀ ਕੰਚਨਚੰਗਾ ਦੀ ਚੋਟੀ ਦਿਸਦੀ ਹੈ। ਸਫ਼ੇਦ ਬਰਫ਼ ਵਿਚ ਢੱਕੀ ਹੋਈ ਇਹ ਕੁਵਾਰੀ ਦੀ ਤਰ੍ਹਾਂ ਸਿਰ ਉੱਚਾ ਕਰ ਕੇ ਅਸਮਾਨ ਵੱਲ ਵੇਖਦੀ ਹੈ। ਬੱਦਲਾਂ ਦਾ ਇਕ ਸਾਗਰ ਇਸ ਦੇ ਦਾਮਨ ਵਿਚ ਫੈਲਿਆਂ ਰਹਿੰਦਾ ਹੈ ਅਤੇ ਸੱਚ-ਮੁੱਚ ਹੀ ਇਕ ਸਾਗਰ ਲਗਦਾ ਹੈ। ਪਾਣੀ ਦੀਆਂ ਲਹਿਰਾਂ

ਵਾਦੀ ਦੇ ਉਪਰ ਫੈਲੀਆਂ ਹੁੰਦੀਆਂ ਹਨ। ਸ਼ਾਮ ਨੂੰ ਜਦੋਂ ਸੂਰਜ ਦਿਨ ਦੀ ਯਾਤਰਾ ਕਰ ਕੇ ਪੱਛਮ ਵੱਲ ਜਾਂਦਾ ਹੈ ਤਾਂ ਸੂਰਜ ਦੀਆਂ ਅੰਤਿਮ ਕਿਰਨਾਂ ਚੋਟੀਆਂ ਨੂੰ ਸੁਨਹਿਰੀ ਬਣਾ ਦਿੰਦੀਆਂ ਹਨ। ਉਸ ਵਕਤ ਉਸ ਦੀ ਸੁੰਦਰਤਾ ਇਕ ਕਲਾਕਾਰ ਦਾ ਸੁਪਨਾ ਹੁੰਦੀ ਹੈ। ਨਾਲ ਦੀਆਂ ਛੋਟੀਆਂ ਚੋਟੀਆਂ ਆਪਣੀ ਸਖੀ ਦੇ ਰੰਗ ਵਿਚ ਰੰਗੀਆਂ ਹੁੰਦੀਆਂ ਹਨ। ਕੰਚਨਚੰਗਾ ਉਸ ਵਕਤ ਆਪਣੀ ਸੁੰਦਰਤਾ ਐਵਰਿਸਟ ਨੂੰ ਵਿਖਾਉਂਦੀ ਹੈ ਪਰ ਐਵਰਿਸਟ ਦਾ ਸਾਹਮਣੇ ਵਾਲਾ ਹਿੱਸਾ ਉਸ ਵਕਤ ਇੰਨਾ ਸੁੰਦਰ ਨਹੀਂ ਹੁੰਦਾ ਅਤੇ ਸ਼ਰਮਾਅ ਜਾਂਦਾ ਹੈ।

ਸੰਗੀਤ ਜੀ! ਉਥੇ ਮੌਸਮ ਦਾ ਕੋਈ ਪਤਾ ਨਹੀਂ ਚਲਦਾ। ਝਟਪਟ ਹੀ ਧੁੱਪ ਹੋ ਜਾਂਦੀ ਹੈ ਦੂਜੇ ਪਲ ਮੀਂਹ ਵੱਸਣ ਲਗ ਪੈਂਦਾ ਹੈ। ਉਥੇ ਬਹੁਤ ਵੱਡੇ ਚਾਹ ਦੇ ਬਾਗ਼ ਹਨ। ਥੋੜੀ ਦੂਰ ਇਕ ਪਹਾੜੀ ਹੈ ਜਿਸ ਨੂੰ 'ਟਾਇਗਰ ਹਿਲ' ਕਹਿੰਦੇ ਹਨ। ਇਥੋਂ ਦਾ 'ਸਨਰਾਈਜ਼' ਸੰਸਾਰ ਭਰ ਵਿਚ ਪ੍ਰਸਿੱਧ ਹੈ। ਬਹੁਤ ਦੂਰ-ਦੂਰ ਤੋਂ ਲੋਕ ਵੇਖਣ ਆਉਂਦੇ ਹਨ। ਇੰਜ ਲਗਦਾ ਹੈ ਕਿ ਜਿਵੇਂ ਸੂਰਜ ਬਿਲਕੁਲ ਕੋਲੋਂ ਨਿਕਲਦਾ ਹੈ। ਉਹ ਦ੍ਰਿਸ਼ ਬਹੁਤ ਹੀ ਸੁੰਦਰ ਹੁੰਦਾ ਹੈ। ਇਹ ਸ਼ਹਿਰ ਅੰਗਰੇਜ਼ਾਂ ਨੇ ਆਪਣੇ ਰਹਿਣ ਵਾਸਤੇ ਬਣਾਇਆ ਸੀ। ਸੰਸਾਰ ਵਿਚ ਸਭ ਤੋਂ ਜ਼ਿਆਦਾ ਉਚਾਈ 'ਤੇ ਰੇਲਵੇ ਸਟੇਸ਼ਨ ਉਥੇ ਹੀ ਹੈ ਅਤੇ ਉਸ ਨੂੰ 'ਘੁਮ' ਕਹਿੰਦੇ ਹਨ। ਸੰਸਾਰ ਦਾ ਸਭ ਤੋਂ ਜ਼ਿਆਦਾ ਉਚਾਈ ਦਾ 'ਰੇਸ ਕੋਰਸ' ਉਥੇ ਹੀ ਹੈ ਅਤੇ ਉਸ ਨੂੰ 'ਲੇਬਾਂਗ' ਕਹਿੰਦੇ ਹਨ। ਇਹ ਸ਼ਹਿਰ ਬਹੁਤ ਹੀ ਸੁੰਦਰ ਲੱਗਾ। ਸੰਗੀਤ ਜੀ! ਅਗਰ ਤੁਸੀਂ ਨਾਲ ਹੁੰਦੇ ਤਾਂ ਬਹੁਤ ਅਨੰਦ ਆਉਂਦਾ।

ਸੰਗੀਤ ਜੀ! ਅੱਜ ਆਉਂਦਿਆਂ ਹੀ ਤੁਹਾਡੀ ਚਿੱਠੀ ਮਿਲੀ ਤਾਂ ਖੁਸ਼ੀ ਨਾਲ ਮਨ ਉੱਛਲ ਪਿਆ। ਇਹ ਜਾਣ ਕੇ ਮੇਰਾ ਖ਼ੂਨ ਵਧ ਗਿਆ ਹੈ ਕਿ ਤੁਸੀਂ ਵੀ ਮੇਰੇ ਨਾਲ ਬੇ-ਹੱਦ ਪਿਆਰ ਕਰਦੇ ਹੋ। ਤੁਸੀਂ ਮੈਨੂੰ ਕੁਝ ਦਿਨਾਂ ਲਈ ਬੁਲਾਇਆ ਹੈ। ਮੇਰਾ ਮਨ ਵੀ ਕਰਦਾ ਹੈ ਤੁਹਾਨੂੰ ਮਿਲਣ ਦਾ ਅਤੇ ਕੁਝ ਦਿਨ ਤੁਹਾਡੇ ਨਾਲ ਰਹਿਣ ਦਾ। ਇਸ ਲਈ ਮੈਂ ਛੁੱਟੀ ਲੈਣ ਦੀ ਕੋਸ਼ਿਸ਼ ਕਰਾਂਗੀ ਅਤੇ ਆਉਣ ਤੋਂ ਪਹਿਲੇ ਤੁਹਾਨੂੰ ਲਿਖ ਦਿਆਂਗੀ। ਤੁਸੀਂ ਚੰਡੀਗੜ੍ਹ ਆ ਜਾਣਾ। ਮੈਂ ਕੇਵਲ 15 ਦਿਨਾਂ ਦੀ ਛੁੱਟੀ ਲੈ ਸਕਦੀ ਹਾਂ ਪਰ ਕੁਝ ਦੇਰ ਬਾਦ ਕਿਉਂਕਿ ਹਾਲੀ ਤਾਂ ਅੱਜ ਹੀ ਛੁੱਟੀ ਤੋਂ ਵਾਪਸ ਆਈ ਹਾਂ। ਮੈਂ ਜ਼ਰੂਰ ਆਵਾਂਗੀ ਅਤੇ ਜ਼ਰੂਰ ਆਵਾਂਗੀ। ਮੇਰੇ ਦਿਲ ਵਿਚ ਤਾਂ ਤੜਫ ਤੁਹਾਡੇ ਤੋਂ ਵੀ ਜ਼ਿਆਦਾ ਹੈ। ਮੈਂ ਤਾਂ ਹਰ ਸੁਪਨੇ, ਨੂੰ ਹਰ ਦਿਨ ਨੂੰ ਅਤੇ ਹਰ ਪਲ ਨੂੰ ਤੁਹਾਡੇ ਪਿਆਰ ਨਾਲ ਸਜਾਉਂਦੀ ਰਹਿੰਦੀ ਹਾਂ। ਤੁਸੀਂ ਠੀਕ ਹੋ ਜਾਵੋਗੇ ਪ੍ਰਮਾਤਮਾ ਤੁਹਾਨੂੰ ਛੇਤੀ ਠੀਕ ਕਰੇਗਾ। ਬਾਕੀ ਰਿਹਾ ਪੈਸੇ ਦਾ ਸਵਾਲ ਉਹ ਕਿਸੇ ਤਰ੍ਹਾਂ ਹੱਲ ਕਰਨਾ ਹੈ। ਤੁਸੀਂ ਚਿੰਤਾ ਨਾ ਕਰੋ ਕਿਸੇ ਵੀ ਤਰੀਕੇ ਪਿਤਾ ਜੀ ਇੰਤਜ਼ਾਮ ਕਰ ਲੈਣਗੇ।

ਸੰਗੀਤ ਜੀ! ਜਾਣ ਕੇ ਬੜੀ ਖੁਸ਼ੀ ਹੋਈ ਕਿ ਹੁਣ ਕਦੀ ਸ਼ਰਾਬ ਨਹੀਂ ਪੀਉਗੇ। ਮੇਰੀ ਗੱਲ ਤੁਸੀਂ ਮੰਨ ਲਈ। ਸੱਚ-ਮੁਚ ਤੁਸੀਂ ਬਹੁਤ ਚੰਗੇ ਹੋ। ਸੰਗੀਤ ਜੀ ਮੈਂ ਵੀ ਸਦਾ ਇਹੋ ਹੀ ਚਾਹੁੰਦੀ ਹਾਂ ਕਿ ਮੇਰਾ ਜੀਵਨ ਸਾਥੀ ਹਰ ਗੱਲ ਮੰਨ ਲਿਆ

ਕਰੇ। ਸ਼ਰਾਬ ਤਾਂ ਬਹੁਤ ਬੁਰੀ ਚੀਜ਼ ਹੈ।

ਇਹ ਵੀ ਬਹੁਤ ਚੰਗਾ ਵਿਚਾਰ ਹੈ ਕਿ ਤੁਸੀਂ ਕਿਧਰੇ 'ਸਰਵਿਸ' ਕਰੋਗੇ। ਇਸ ਤੋਂ ਚੰਗੀ ਗੱਲ ਕੀ ਹੋ ਸਕਦੀ ਹੈ? ਤੁਸੀਂ 'ਡਾਕਟਰੇਟ' ਕੀਤੀ ਹੋਈ ਹੈ। ਸਾਡੇ ਦੇਸ਼ ਨੂੰ ਤੁਹਾਡੇ ਵਰਗੇ ਵਿਦਵਾਨਾਂ ਦੀ ਬਹੁਤ ਲੋੜ ਹੈ। ਫਿਰ ਤੁਸੀਂ ਤਾਂ ਇਕ ਮਸ਼ਹੂਰ ਕਲਾਕਾਰ ਵੀ ਹੋ। ਵਿਦਿਆਰਥੀਆਂ ਨੂੰ ਕਿੰਨਾ ਲਾਭ ਹੋਵੇਗਾ ਤੁਹਾਡੇ ਕੋਲੋਂ। ਤੁਹਾਡੇ ਆਦਰਸ਼ਾਂ 'ਤੇ ਚਲ ਕੇ ਉਹ ਵੀ ਆਦਰਸ਼ਕ ਨਾਗਰਿਕ ਬਣ ਜਾਣਗੇ। ਸੰਗੀਤ ਜੀ! ਵਿਦਿਆ ਤਾਂ ਇਹੋ ਜਿਹਾ ਧਨ ਹੈ ਜਿਸ ਨੂੰ ਜਿੰਨਾ ਹੋ ਸਕੇ ਵੰਡਣਾ ਚਾਹੀਦਾ ਹੈ। ਇਹ ਧਨ ਵੰਡਣ ਨਾਲ ਵਧਦਾ ਹੈ। ਤੁਸੀਂ ਪ੍ਰੋਫ਼ੈਸਰ ਹੋਵੋਗੇ ਕਿੰਨੀ ਖੁਸ਼ੀ ਹੋਵੇਗੀ ਮੈਨੂੰ। ਦਰਵਾਜ਼ੇ ਦੇ ਬੋਰਡ ਉਪਰ ਜਦੋਂ ਮੈਂ ਪੜ੍ਹਿਆ ਕਰਾਂਗੀ ਡਾਕਟਰ ਸੰਗੀਤ, ਐਮ.ਏ., ਪੀ-ਐਚ.ਡੀ. (ਨਾਵਲਿਸਟ) ਤਾਂ ਮੇਰਾ ਖ਼ੂਨ ਵਧ ਜਾਇਆ ਕਰੇਗਾ।

ਸਵੇਰੇ ਜਦੋਂ ਉਠਿਆ ਕਰੋਗੇ ਤਾਂ ਮੁਸਕਰਾਉਂਦੀ ਹੋਈ ਚਾਹ ਦੀ ਪਿਆਲੀ ਲੈ ਕੇ ਤੁਹਾਡੇ ਕੋਲ ਖੜੀ ਹੋਇਆ ਕਰਾਂਗੀ। ਚਾਹ ਤੋਂ ਪਹਿਲੇ ਤੁਹਾਡੇ ਖਿੜਦੇ ਮੱਥੇ ਨੂੰ ਚੁੰਮਿਆ ਕਰਾਂਗੀ। ਆਪ ਤਿਆਰ ਕਰ ਕੇ ਤੁਹਾਨੂੰ ਕਾਲਜ ਭੇਜਿਆ ਕਰਾਂਗੀ। ਆਪਣੇ ਹੱਥਾਂ ਨਾਲ ਰੋਟੀ ਖਵਾਇਆ ਕਰਾਂਗੀ। ਜਦੋਂ ਸ਼ਾਮ ਨੂੰ ਕਾਲਜ ਤੋਂ ਆਇਆ ਕਰੋਗੇ ਤਾਂ ਤੁਹਾਡਾ ਕੋਟ ਉਤਾਰ ਕੇ ਤੁਹਾਨੂੰ ਪਿਆਰ ਨਾਲ ਬਿਠਾਇਆ ਕਰਾਂਗੀ। ਤੁਸੀਂ ਚਾਹ ਪੀਆ ਕਰੋਗੇ ਅਤੇ ਮੈਂ ਤੁਹਾਡੇ ਜੂਤੇ ਖੋਲ੍ਹਿਆ ਕਰਾਂਗੀ। ਪਰਛਾਈ ਦੀ ਤਰ੍ਹਾਂ ਤੁਹਾਡੇ ਨਾਲ ਰਿਹਾ ਕਰਾਂਗੀ। ਤੁਹਾਡੇ ਹਰ ਦੁੱਖ ਵਿਚ ਮੈਂ ਖੁਸ਼ੀ ਭਰ ਦਿਆਂਗੀ। ਜਦੋਂ ਸੌਣ ਲਗੋਗੇ ਤਾਂ ਤੁਹਾਡੇ ਸੀਨੇ 'ਤੇ ਸਿਰ ਰਖ ਕੇ ਸੌਂ ਜਾਇਆ ਕਰਾਂਗੀ। ਠੀਕ ਹੈ ਨਾ? ਸੰਗੀਤ ਜੀ! ਇਹ ਸਭ ਕੁਝ ਕਰਨ ਵਿਚ ਮੈਂ ਆਪਣਾ ਫਰਜ਼ ਸਮਝਾਂਗੀ। ਪਤਨੀ ਦਾ ਇਹੋ ਹੀ ਕੰਮ ਹੈ। ਪਤੀ ਦੇ ਚਰਨਾਂ ਵਿਚ ਹੀ ਪਤਨੀ ਦਾ ਜੀਵਨ ਹੁੰਦਾ ਹੈ। ਉਸ ਦਾ ਸੁੱਖ ਹੁੰਦਾ ਹੈ।

ਸੰਗੀਤ ਜੀ! ਅੰਤ ਵਿਚ ਤੁਹਾਡੇ ਨਾਵਲ ਦਾ 'ਪਲਾਟ' ਪੜਿਆ ਹੈ। ਬਹੁਤ ਵਧੀਆ 'ਪਲਾਟ' ਹੈ ਦੁਖ, ਗ਼ਮ ਅਤੇ ਅਸਫ਼ਲਤਾ ਦੀ ਇਕ ਹੋਰ ਦਾਸਤਾਨ ਤੁਹਾਡੀ ਕਲਮ ਪੇਸ਼ ਕਰ ਰਹੀ ਹੈ। ਕੀ ਇਸ ਤਰ੍ਹਾਂ ਨਹੀਂ ਹੋ ਸਕਦਾ ਕਿ ਨਾਵਲ ਦਾ ਹੀਰੋ ਅੰਤ ਵਿਚ ਜ਼ਿੰਦਾ ਰਹੇ ਅਤੇ ਸ਼ਾਦੀ ਕਰ ਲਵੇ। ਪਰ ਨਹੀਂ, ਦੁੱਖ ਦਾ ਜਿਹੜਾ ਨਕਸ਼ਾ ਤੁਸੀਂ ਪੇਸ਼ ਕਰ ਰਹੇ ਹੋ ਉਸ ਵਿਚ ਹੀ ਜਾਨ ਹੈ। ਕੋਈ ਤਬਦੀਲੀ ਕਰਨੀ ਠੀਕ ਨਹੀਂ। ਨਾਵਲ ਨੂੰ ਛੇਤੀ ਹੀ ਪੂਰਾ ਕਰ ਲੈਣਾ। ਜਦੋਂ ਤਕ ਮੈਂ ਆਵਾਂ ਤਦ ਤਕ ਪੂਰਾ ਹੋ ਜਾਣਾ ਚਾਹੀਦਾ ਹੈ ਅਤੇ ਪ੍ਰੈਸ ਵਿਚ ਭੇਜਣ ਤੋਂ ਪਹਿਲਾਂ ਮੈਂ ਪੜ੍ਹਨਾ ਚਾਹੁੰਦੀ ਹਾਂ। ਹੋਰ ਸਭ ਠੀਕ ਹੈ। ਚਿੱਠੀ ਦਾ ਉਤਰ ਜਲਦੀ ਦੇਣਾ। ਹਾਂ! ਮੈਂ ਇਕ ਆਪਣੀ ਫੋਟੋ ਭੇਜ ਰਹੀ ਹਾਂ ਜਿਹੜੀ ਹੁਣੇ ਹੀ ਖਿਚਵਾਈ ਹੈ। ਆਪਣੀ ਇਕ ਨਵੀਂ ਤਸਵੀਰ ਭੇਜਣੀ। ਚਿੱਠੀ ਦੀ ਉਡੀਕ ਵਿਚ।

ਮੈਂ ਹਾਂ ਕੇਵਲ ਆਪ ਦੀ

◆

-ਕਵਿਤਾ

ਬਹੁਤ ਪਿਆਰੀ ਕਵਿਤਾ!

ਪਿਆਰ ਦੀ ਮਿਠੀ ਯਾਦ! ਤੁਹਾਡੀ ਸਭ ਤੋਂ ਲੰਮੀ ਚਿੱਠੀ ਮਿਲੀ। ਪੜ੍ਹ ਕੇ ਸਭ ਦਾ ਹਾਲ ਪਤਾ ਲੱਗਾ। ਉਤਰ ਦੇਣ ਵਿਚ ਜ਼ਰਾ ਦੇਰ ਹੋ ਗਈ ਹੈ ਇਸ ਲਈ ਮਾਫ ਕਰਨਾ। ਮੈਂ ਨਾਵਲ ਲਿਖਣ ਵਿਚ ਇੰਨਾ ਰੁਝਿਆ ਹੋਇਆ ਸਾਂ ਕਿ ਉਤਰ ਦੇਣ ਦਾ ਵਕਤ ਵੀ ਨਹੀਂ ਮਿਲਿਆ। ਕਿਉਂਕਿ ਜਦੋਂ ਲਿਖਣ ਦਾ 'ਮੂਡ' ਬਣ ਜਾਂਦਾ ਹੈ ਤਾਂ ਫਿਰ ਕੁਝ ਵੀ ਚੰਗਾ ਨਹੀਂ ਲਗਦਾ। ਲਿਖਾਰੀ ਉਸ Situation ਵਿਚ ਆਪਣੇ ਆਪ ਨੂੰ ਗਵਾ ਦੇਂਦਾ ਹੈ ਅਤੇ ਦੂਸਰੀ ਤਰਫ ਉਸ ਦਾ ਦਿਮਾਗ ਨਹੀਂ ਜਾ ਸਕਦਾ। ਹੁਣ ਮੇਰਾ ਨਾਵਲ ਅਖੀਰਲੀ ਮੰਜ਼ਿਲ ਤੇ ਪਹੁੰਚ ਗਿਆ ਹੈ ਅਤੇ ਚਾਰ ਪੰਜ ਦਿਨਾਂ ਵਿਚ ਮੁਕੰਮਲ ਹੋ ਜਾਏਗਾ।

ਤੁਸੀਂ ਵੀ ਚਿੱਠੀ ਦਾ ਉਤਰ ਦੇਰ ਨਾਲ ਦਿਤਾ ਸੀ ਕਿਉਂਕਿ ਵਿਆਹ ਵੇਖਣ ਗਏ ਸੀ। ਤੁਸੀਂ ਤਾ ਖਿਆਲਾਂ ਵਿਚ ਵਿਆਹ ਕਰ ਲਿਆ ਹੈ। ਸੁਹਾਗ ਰਾਤ ਤਕ ਵੀ ਪਹੁੰਚ ਗਏ। ਬੜੇ ਤੇਜ਼ ਹੋ ਤੁਸੀਂ। ਹਰ ਇਕ ਕੰਮ Supersonic Speed ਤੇ ਕਰਦੇ ਹੋ। ਤੁਸੀਂ ਤਾਂ ਆਪਣਾ ਹੀ ਵਿਆਹ ਵੇਖਦੇ ਰਹੇ। ਬਹੁਤ ਅਨੰਦ ਆਇਆ ਹੋਵੇਗਾ? ਹੈ ਨਾ? ਮੈਂ ਤਾਂ ਸਿਰਫ਼ ਸੁਪਨਾ ਹੀ ਵੇਖਿਆ ਸੀ ਤੁਸੀਂ ਤਾਂ ਵਿਆਹ ਵੀ ਵੇਖ ਲਿਆ।

ਖ਼ੈਰ ਕਵਿਤਾ ਜੀ ਵਿਆਹ ਅਸੀਂ ਛੇਤੀ ਹੀ ਕਰ ਲਵਾਂਗੇ। ਜਨਵਰੀ ਜਾਂ ਫਰਵਰੀ ਦੇ ਮਹੀਨੇ ਵਿਚ ਵਿਆਹ ਕਰਾਂਗੇ ਕਿਉਂਕਿ ਸਰਦੀ ਵੀ ਹੁੰਦੀ ਹੈ। ਕੀ ਖਿਆਲ ਹੈ? ਬਾਕੀ ਤਦ ਤਕ ਤਾਂ ਹਰ ਰਾਤ ਸੁਪਨੇ ਵਿਚ ਆ ਜਾਇਆ ਕਰੋ। ਸੀਨੇ 'ਤੇ ਸਿਰ ਰੱਖ ਕੇ ਸੌਂ ਜਾਇਆ ਕਰੋ। ਮੈਨੂੰ ਵੀ ਬਹੁਤ ਚੰਗਾ ਲਗਦਾ ਹੈ। ਤੁਹਾਡਾ ਸਿਰ ਮੇਰੇ ਸੀਨੇ ਉਤੇ ਹੋਏਗਾ ਅਤੇ ਮੇਰੀਆਂ ਉਂਗਲਾਂ ਤੁਹਾਡੇ ਰੇਸ਼ਮੀ ਅਤੇ ਮੁਲਾਇਮ ਵਾਲਾਂ ਵਿਚ ਕਲੋਲ ਕਰਿਆ ਕਰਨਗੀਆਂ। ਤੁਸੀਂ ਸੌਂ ਜਾਇਆ ਕਰੋਗੇ ਫਿਰ ਮੈਂ ਵੀ ਸੌਂ ਜਾਇਆ ਕਰਾਂਗਾ। ਠੀਕ ਹੈ ਨਾ? ਕੋਈ ਸ਼ਰਾਰਤ ਨਹੀਂ ਕਰਿਆ ਕਰਾਂਗਾ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਮੈਨੂੰ ਸ਼ਰਾਰਤੀ ਕਹੋ।

ਤੁਸੀਂ ਆਪਣੇ ਪੱਤਰ ਵਿਚ ਦਾਰਜੀਲਿੰਗ ਦੀ ਸੁੰਦਰਤਾ ਦੀ ਬਹੁਤ ਪ੍ਰਸੰਸਾ ਕੀਤੀ ਹੈ। ਜਾਪਦਾ ਹੈ ਤੁਹਾਨੂੰ ਬਹੁਤ ਚੰਗਾ ਲਗਿਆ ਹੈ। ਠੀਕ ਹੈ ਸ਼ਾਦੀ ਤੋਂ ਬਾਅਦ 'ਹਨੀਮੂਨ' ਮਨਾਉਣ ਅਸੀਂ ਉਥੇ ਹੀ ਜਾਵਾਂਗੇ। ਖੁਸ਼ ਹੋ ਨਾ? ਖਿਆਲ ਰਖਣਾ ਕਿਤੇ ਕੰਚਨਚੰਗਾ ਦੀ ਸੁੰਦਰਤਾ ਵਿਚ ਮਸਤ ਹੋ ਕੇ ਤੁਹਾਨੂੰ ਮੈਂ ਹੀ ਨਾ ਭੁੱਲ ਜਾਵਾਂ।

ਹਾਂ ਤੁਸੀਂ ਕਦੋਂ ਆ ਰਹੇ ਹੋ? ਤਰੀਖ ਲਿਖਣੀ ਤਾਂ ਕਿ ਮੈਂ ਤੁਹਾਨੂੰ ਚੰਡੀਗੜ੍ਹ ਆ ਕੇ ਮਿਲ ਲਵਾਂ ਅਤੇ ਉਥੋਂ ਇਕੱਠੇ ਚਲੇ ਆਵਾਂਗੇ। ਛੇਤੀ ਆਉਣ ਦੀ ਕੋਸ਼ਿਸ਼ ਕਰਨੀ। ਸਿਰਫ ਪੰਦਰਾਂ ਦਿਨ ਦੀ ਛੁੱਟੀ ਲੈ ਕੇ ਆਉਗੇ? ਪੰਦਰਾਂ ਦਿਨ ਤਾਂ ਬੜੇ ਥੋੜੇ

ਹਨ। ਖ਼ੈਰ! ਕੁਝ ਨਾ ਹੋਣ ਤੋਂ ਕੁਝ ਹੋਣਾ ਤਾਂ ਚੰਗਾ ਹੈ। ਤੁਹਾਡੇ ਆਣ ਤਕ ਮੇਰਾ ਨਾਵਲ ਪੂਰਾ ਹੋ ਜਾਏਗਾ। ਕਵਿਤਾ ਜੀ! ਮੈਨੂੰ ਬੜੀ ਖੁਸ਼ੀ ਹੈ ਕਿ ਤੁਸੀਂ ਮੇਰੇ ਨਾਵਲਾਂ ਵਿਚ ਬੜੀ ਦਿਲਚਸਪੀ ਲੈਂਦੇ ਹੋ। ਤੁਹਾਡੇ ਅਤੇ ਮੇਰੇ ਵਿਚਾਰ ਬਹੁਤ ਮਿਲਦੇ ਹਨ।

ਤੁਹਾਡੇ ਇਥੇ ਆਉਣ ਨਾਲ ਮੇਰੀ ਬਿਮਾਰੀ ਦੂਰ ਹੋ ਜਾਏਗੀ। ਸ਼ਾਦੀ ਤੋਂ ਬਾਦ ਤਾਂ ਮੈਂ ਬਿਲਕੁਲ ਹੀ ਠੀਕ ਹੋ ਜਾਵਾਂਗਾ। ਤੁਸੀਂ ਕਿਸੇ ਵੀ ਚੀਜ਼ ਦੀ ਚਿੰਤਾ ਨਹੀਂ ਕਰਨੀ। ਹੋਰ ਜਿਸ ਤਰ੍ਹਾਂ ਕਿ ਇਕ ਪਤਨੀ ਵਿਚ ਗੁਣ ਹੋਣੇ ਚਾਹੀਦੇ ਹਨ ਉਹ ਸਾਰੇ ਹੀ ਗੁਣ ਤੁਹਾਡੇ ਵਿਚ ਹਨ। ਮੇਰੇ ਮਨਪਸੰਦ ਦਾ ਪ੍ਰੋਗਰਾਮ ਲਿਖਿਆ ਹੈ ਤੁਸੀਂ। ਮੈਂ ਵੀ ਇਹੋ ਹੀ ਚਾਹੁੰਦਾ ਹਾਂ। ਪਰ ਮੈਂ ਤੁਹਾਨੂੰ ਜ਼ਿਆਦਾ ਤਕਲੀਫ ਨਹੀਂ ਦਿਆਂਗਾ। ਜਿਸ ਤਰ੍ਹਾਂ ਤੁਸੀਂ ਮੇਰੀ ਖੁਸ਼ੀ ਚਾਹੁੰਦੇ ਹੋ ਇਸ ਤਰ੍ਹਾਂ ਮੈਂ ਵੀ ਤੁਹਾਨੂੰ ਖੁਸ਼ ਰਖਿਆ ਕਰਾਂਗਾ।

ਕਵਿਤਾ ਜੀ ਮੇਰਾ ਤਾਂ ਮਨ ਕਰਦਾ ਹੈ ਕਿਸੇ 'ਹਿਲ ਸਟੇਸ਼ਨ' 'ਤੇ ਹੀ ਵੱਸੀਏ। ਸਦਾ ਹੀ ਮੌਸਮ ਸੁਹਾਵਣਾ ਰਿਹਾ ਕਰੇਗਾ। ਇਹੋ ਜਿਹੇ ਮੌਸਮ ਦਾ ਵੀ ਅਸਰ ਪਿਆਰ ਤੇ ਬੜਾ ਰਹਿੰਦਾ ਹੈ। ਇਸਤਰੀ ਸਾਵਨ ਦੇ ਮਹੀਨੇ ਵਿਚ ਪਤੀ ਨਾਲ ਕਿੰਨਾ ਹੀ ਪਿਆਰ ਕਰਦੀ ਹੈ? ਪਰ ਪਹਾੜਾਂ ਤੇ ਤਾਂ ਸਦਾ ਹੀ ਸਾਵਨ ਰਹਿੰਦਾ ਹੈ। ਇਕ ਛੋਟਾ ਜਿਹਾ ਘਰ ਬਣਾਵਾਂਗੇ। ਸਿਰਫ ਦੋ ਬੱਚੇ ਹੋਣਗੇ ਇਸ ਤੋਂ ਜ਼ਿਆਦਾ ਨਹੀਂ। ਕੀ ਖਿਆਲ ਹੈ? ਉਹਨਾਂ ਦੇ ਭਵਿੱਖ ਲਈ ਅਸੀਂ ਬਹੁਤ ਕੁਝ ਕਰਾਂਗੇ। ਇਕ ਨੂੰ ਮੈਂ ਡਾਕਟਰ ਬਣਾਵਾਂਗਾ ਅਤੇ ਦੂਸਰੇ ਨੂੰ ਵਕੀਲ। ਛੋਟੇ ਜਿਹੇ ਪਰਿਵਾਰ ਵਿਚ ਕਿੰਨੀ ਹੀ ਖੁਸ਼ਹਾਲੀ ਹੋਵੇਗੀ। ਜਦੋਂ ਮੈਂ ਕਾਲਜ ਤੋਂ ਆਇਆ ਕਰਾਂਗਾ ਤਾਂ ਦੋਨੋਂ ਬੱਚੇ ਮੇਰੀਆਂ ਲੱਤਾਂ ਨਾਲ ਚਮੜ ਜਾਇਆ ਕਰਨਗੇ। ਇਕ ਨੂੰ ਚੁਕਿਆ ਕਰਾਂਗਾ ਤਾਂ ਦੂਸਰਾ ਨਰਾਜ਼ ਹੋ ਜਾਇਆ ਕਰੇਗਾ ਇਸ ਲਈ ਮੈਂ ਦੋਹਾਂ ਨੂੰ ਹੀ ਇਕੱਠਿਆਂ ਚੁਕਿਆ ਕਰਾਂਗਾ। ਦੋਨੋਂ ਖੁਸ਼ ਹੋ ਜਾਇਆ ਕਰਨਗੇ। ਉਨ੍ਹਾਂ ਦੀ ਮੁਸਕਰਾਹਟ ਸਾਰੇ ਦਿਨ ਦੀ ਦਿਮਾਗੀ ਥਕਾਵਟ ਨੂੰ ਦੂਰ ਕਰ ਦਿਆ ਕਰੇਗੀ। ਉਨ੍ਹਾਂ ਦਾ ਭਵਿੱਖ ਉਨ੍ਹਾਂ ਦੀਆਂ ਅੱਖਾਂ ਵਿਚੋਂ ਦਿਸੇਗਾ। ਉਸ ਵਕਤ ਮੈਂ ਤੇ ਤੁਸੀਂ ਕਿੰਨੇ ਖੁਸ਼ ਹੋਇਆ ਕਰਾਂਗੇ।

ਕਵਿਤਾ ਜੀ! ਇਕ ਛੋਟੀ ਜਿਹੀ ਘਟਨਾ ਯਾਦ ਆ ਗਈ ਹੈ ਕਿ ਜਦੋਂ ਮੈਂ ਛੋਟਾ ਸਾਂ ਮੇਰੇ ਪਿਤਾ ਜੀ ਇਕ ਦਿਨ ਕਾਫ਼ੀ ਦਿਨਾਂ ਪਿਛੋਂ ਘਰ ਆਏ। ਉਹ ਬਾਹਰ ਕਿਤੇ ਕੰਮ 'ਤੇ ਗਏ ਹੋਏ ਸਨ। ਉਨ੍ਹਾਂ ਨੂੰ ਕਿੰਨੇ ਹੀ ਦਿਨਾਂ ਬਾਦ ਵੇਖ ਕੇ ਮੈਂ ਉਨ੍ਹਾਂ ਵੱਲ ਭੱਜ ਕੇ ਗਿਆ। ਉਨ੍ਹਾਂ ਦੀ ਗੋਦ ਵਿਚ ਉਸ ਵਕਤ ਮੇਰਾ ਛੋਟਾ ਭਰਾ ਸੀ। ਪਿਤਾ ਜੀ ਉਸ ਨੂੰ ਉਤਾਰ ਕੇ ਮੈਨੂੰ ਚੁੱਕਣ ਲੱਗੇ ਤਾਂ ਮੇਰੀ ਮਾਂ ਨੇ ਮੇਰੇ ਮੂੰਹ 'ਤੇ ਜ਼ੋਰ ਨਾਲ ਇਕ ਚਪੇੜ ਮਾਰੀ। ਸਾਰੀ ਉਮੰਗ ਦਿਲ ਵਿਚ ਸੁਕੜ ਕੇ ਰਹਿ ਗਈ। ਅੱਖਾਂ ਵਿਚ ਅੱਥਰੂ ਨਿਕਲ ਆਏ। ਮੈਂ ਛੋਟਾ ਜਿਹਾ ਮੂੰਹ ਲੈ ਕੇ ਮੁੜ ਗਿਆ। ਪਿਤਾ ਜੀ ਦੀਆਂ ਬਾਹਾਂ ਵੀ ਫੈਲੀਆਂ ਹੀ ਰਹਿ ਗਈਆਂ। ਅੱਖਾਂ ਵੇਖਦੀਆਂ ਰਹੀਆਂ। ਮੂੰਹ ਬੰਦ ਰਿਹਾ। ਉਹ ਕੁਝ ਬੋਲ ਨਾ ਸਕੇ। ਸ਼ਾਇਦ ਉਨ੍ਹਾਂ ਦੇ ਦਿਲ ਦੀਆਂ ਤਰੰਗਾਂ ਵਿਚ ਵੀ

ਤੁਫ਼ਾਨ ਪੈਦਾ ਹੋਇਆ ਸੀ ਪਰ ਉਹ ਤੁਫ਼ਾਨ ਇਕ ਪਹਾੜ ਦੇ ਅੱਗੇ ਕੀ ਕਰ ਸਕਦਾ ਸੀ? ਕਵਿਤਾ ਜੀ! ਇਸ ਤਰ੍ਹਾਂ ਇਕ ਬੱਚੇ ਦੀਆਂ ਖਾਹਿਸ਼ਾਂ ਨੂੰ ਨਫ਼ਰਤ ਦੀ ਚੱਕੀ ਵਿਚ ਪੀਸ ਦਿੱਤਾ ਜਾਏ ਤਾਂ ਉਸ ਦਾ ਜੀਵਨ ਕੀ ਬਣੇਗਾ? ਮੈਂ ਆਪਣੇ ਬੱਚਿਆਂ ਨੂੰ ਬਹੁਤ ਪਿਆਰ ਕਰਾਂਗਾ। ਨਫਰਤ ਨਾਂ ਦੀ ਚੀਜ਼ ਉਨ੍ਹਾਂ ਦੀ ਝੋਲੀ ਤਕ ਨਹੀਂ ਪਹੁੰਚੇਗੀ।

ਕਵਿਤਾ ਜੀ! ਇਸ ਸਮੇਂ ਬਾਰਿਸ਼ ਸ਼ੁਰੂ ਹੋ ਗਈ ਹੈ। ਪਹਿਲੇ ਤਾਂ ਕਣੀਆਂ ਵਰ੍ਹਦੀਆਂ ਸਨ, ਹੁਣ ਬਹੁਤ ਜ਼ੋਰ ਦਾ ਮੀਂਹ ਵਰ੍ਹਣ ਲੱਗ ਪਿਆ ਹੈ। ਮੀਂਹ ਦਾ ਮੇਰੇ ਜੀਵਨ ਵਿਚ ਬਹੁਤ ਮਹੱਤਵ ਹੈ। ਮੈਂ ਬਹੁਤ ਖੁਸ਼ ਹੁੰਦਾ ਹਾਂ ਬਾਰਿਸ਼ ਵਿਚ। ਸ਼ਾਇਦ ਇਸ ਲਈ ਕਿ ਇਹ ਮੇਰੇ ਸੜਦੇ ਦਿਲ ਨੂੰ ਠੰਡ ਪਹੁਚਾਉਂਦੀ ਹੈ। ਮੈਂ ਮੀਂਹ ਵਿਚ ਕੱਪੜੇ ਉਤਾਰ ਕੇ ਬੈਠ ਜਾਂਦਾ ਹਾਂ ਤੇ ਭਿੱਜਦਾ ਰਹਿੰਦਾ ਹਾਂ। ਮਨ ਮੋਰ ਦੀ ਤਰ੍ਹਾਂ ਨੱਚਣ ਲੱਗ ਪੈਂਦਾ ਹੈ ਪਰ ਅੱਜ ਤਾਂ ਤੁਹਾਡੀ ਯਾਦ ਆ ਗਈ ਹੈ। ਤੁਸੀਂ ਮੇਰੇ ਕੋਲ ਹੁੰਦੇ ਤਾਂ ਕਿੰਨਾ ਚੰਗਾ ਹੁੰਦਾ? ਤੁਹਾਡੀ ਝੋਲੀ ਵਿਚ ਸਿਰ ਰੱਖ ਕੇ ਲੇਟ ਜਾਂਦਾ ਅਤੇ ਲੀਨ ਹੋ ਜਾਂਦਾ ਮੋਸਮ ਦੀ ਮਸਤੀ ਵਿਚ। ਤੁਹਾਡੀ ਫੋਟੋ ਮੇਰੇ ਸਾਹਮਣੇ ਮੁਸਕਰਾ ਰਹੀ ਹੈ। ਸ਼ਾਇਦ ਮੇਰੇ ਮਨਘੜਤ ਵਿਚਾਰਾਂ 'ਤੇ ਹੱਸ ਰਹੀ ਹੈ। ਚਲੋ ਕੋਈ ਗੱਲ ਨਹੀਂ। ਹੱਸ ਲਵੋ, ਤੁਸੀਂ ਤਾਂ ਹੱਸਣ ਲਈ ਹੀ ਪੈਦਾ ਹੋਏ ਹੋ। ਹੋਰ ਸਭ ਠੀਕ ਹੈ। ਪੱਤਰ ਦਾ ਉਤਰ ਛੇਤੀ ਦੇਣਾ। ਦੇਰ ਨਹੀਂ ਕਰਨੀ ਅਤੇ ਇਸ ਵਾਰੀ ਆਉਣ ਦੀ ਤਾਰੀਖ ਜ਼ਰੂਰ ਲਿਖਣੀ।

ਤੁਹਾਡਾ

◆ **-ਸੰਗੀਤ**

ਕਸੌਲੀ — ਪੰਦਰਾਂ

ਮੇਰੀ ਪਿਆਰੀ!

ਪਿਆਰ! ਉਤਰ ਦੀ ਉਡੀਕ ਤੋਂ ਪਹਿਲੇ ਹੀ ਦੂਸਰਾ ਪੱਤਰ ਲਿਖ ਰਿਹਾ ਹਾਂ। ਇਸ ਸਮੇਂ ਬਿਸਤਰੇ 'ਤੇ ਲੇਟਿਆ ਹੋਇਆ ਹਾਂ। ਕਾਫੀ ਬੁਖਾਰ ਹੈ। ਜ਼ੁਕਾਮ ਅਤੇ ਖੰਘ ਵੀ ਹੈ। ਗਲੇ ਵਿਚੋਂ ਆਵਾਜ਼ ਨਹੀਂ ਨਿਕਲਦੀ। ਪਰਸੋਂ ਤੁਹਾਨੂੰ ਲਿਖਣ ਤੋਂ ਬਾਦ ਮੈਂ ਬਾਰਿਸ਼ ਵਿਚ ਲੇਟਿਆ ਰਿਹਾ। ਮੌਸਮ ਬਹੁਤ ਠੰਢਾ ਸੀ ਅਤੇ ਮੈਂ ਸਿਹਤ ਦੀ ਕੋਈ ਵੀ ਪ੍ਰਵਾਹ ਨਾ ਕੀਤੀ ਅਤੇ ਆਦਤ ਤੋਂ ਮਜਬੂਰ ਹੋ ਕੇ ਬਾਰਿਸ਼ ਵਿਚ ਨਹਾਉਣ ਲੱਗ ਪਿਆ। ਜਦੋਂ ਦੂਸਰੇ ਦਿਨ ਜਾਗ ਆਈ ਤਾਂ ਬਹੁਤ ਬੁਖਾਰ ਅਤੇ ਜ਼ੁਕਾਮ ਸੀ। ਕਲ ਸਾਰਾ ਦਿਨ ਹੀ ਬੁਖਾਰ ਰਿਹਾ। ਇਸ ਵਕਤ ਵੀ 103 ਡਿਗਰੀ ਬੁਖਾਰ ਹੈ। ਕੁਝ ਪਹਿਲਾਂ ਡਾਕਟਰ ਆਇਆ ਸੀ ਅਤੇ ਇੰਜੈਕਸ਼ਨ ਲਗਾ ਕੇ ਚਲਾ ਗਿਆ ਹੈ। ਅਸਲ ਵਿਚ ਅਗਰ ਮੈਂ ਥੋੜੀ ਜਿਹੀ ਬਰਾਂਡੀ ਪੀ ਲੈਂਦਾ ਤਾਂ ਇਸ ਤਰ੍ਹਾਂ ਨਹੀਂ ਹੋਣਾ ਸੀ। ਖ਼ੈਰ ਘਬਰਾਉਣ ਵਾਲੀ ਕੋਈ ਗੱਲ ਨਹੀਂ ਛੇਤੀ ਹੀ ਠੀਕ ਹੋ

ਜਾਵਾਂਗਾ।

ਕਵਿਤਾ ਜੀ! ਜਦੋਂ ਮਨੁੱਖ ਬੀਮਾਰ ਹੋ ਜਾਂਦਾ ਹੈ ਤਾਂ ਕਿਸੇ ਦੀ ਹਮਦਰਦੀ ਲਈ ਤਰਸਦਾ ਹੈ। ਦੂਸਰੇ ਦੀ ਹਮਦਰਦੀ ਉਸ ਦੇ ਦੁੱਖ ਨੂੰ ਘੱਟ ਕਰ ਦਿੰਦੀ ਹੈ। ਹਮਦਰਦੀ ਵੀ ਤਾਂ ਉਹੋ ਕਰ ਸਕਦਾ ਹੈ ਜਿਸ ਦੇ ਦਿਲ ਵਿਚ ਪਿਆਰ ਹੋਵੇ। ਹਮਦਰਦੀ ਦੀ ਬੁਨਿਆਦ ਵੀ ਪਿਆਰ ਹੈ। ਇਹ ਪਿਆਰ ਵੀ ਵੇਖੋ ਕਿੰਨੀ ਜ਼ਾਲਮ ਚੀਜ਼ ਹੈ। ਮਨੁੱਖੀ ਜੀਵਨ ਦੇ ਹਰ ਪਹਿਲੂ ਦੀ ਬੁਨਿਆਦ ਪਿਆਰ ਹੈ। ਇਸ ਤੋਂ ਬਿਨਾਂ ਮਨੁੱਖ ਦਾ ਜੀਵਨ ਵੀ ਪਤਝੜ ਵਰਗਾ ਹੈ। ਇਕ ਬੀਮਾਰ ਦੇ ਕੋਲ ਸਦਾ ਹੀ ਕੋਈ ਰਹੇ ਤਾਂ ਉਸ ਦਾ ਮਨ ਲੱਗਾ ਰਹਿੰਦਾ ਹੈ। ਮੈਂ ਜਦੋਂ ਵੀ ਬੀਮਾਰ ਹੁੰਦਾ ਹਾਂ ਕਮਰੇ ਦੀ ਛੱਤ ਵੱਲ ਵੇਖਦਾ ਰਹਿੰਦਾ ਹਾਂ। ਨਾ ਕੋਈ ਹਮਦਰਦ ਹੁੰਦਾ ਹੈ ਤੇ ਨਾ ਕੋਈ ਹਮਸਫ਼ਰ। ਪਾਣੀ ਦਾ ਘੁੱਟ ਪਿਲਾਉਣ ਵਾਲਾ ਕੋਈ ਨਹੀਂ ਹੁੰਦਾ। ਕਲ੍ਹ ਸਾਰਾ ਦਿਨ ਮੈਂ ਇਸ ਬਾਰੇ ਹੀ ਸੋਚਦਾ ਰਿਹਾ ਕਿ ਜੀਵਨ ਵਿਚ ਕੋਈ ਸਾਥੀ ਜ਼ਰੂਰ ਹੋਣਾ ਚਾਹੀਦਾ ਹੈ।

ਬਸ ਬੀਮਾਰੀ ਦੇ ਵਲਵਲੇ ਵਿਚ ਆ ਕੇ ਇਹ ਪੱਤਰ ਲਿਖ ਰਿਹਾ ਹਾਂ ਕਿਉਂਕਿ ਮੇਰੇ ਹਮਦਰਦ ਅਤੇ ਰਹਿਬਰ ਤੁਸੀਂ ਹੀ ਹੋ ਅਤੇ ਦਿਲ ਦੀਆਂ ਭਾਵਨਾਵਾਂ ਨੂੰ ਤੁਹਾਡੇ ਅੱਗੇ ਪ੍ਰਗਟ ਕਰ ਕੇ ਮੈਨੂੰ ਤਸੱਲੀ ਹੁੰਦੀ ਹੈ। ਮੇਰਾ ਇਕੱਲਾਪਨ ਕੁਝ ਘੱਟ ਜਾਂਦਾ ਹੈ। ਤੁਹਾਨੂੰ ਪੱਤਰ ਲਿਖਦਿਆਂ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਮੇਰੇ ਕੋਲ ਬੈਠੇ ਹੋ ਅਤੇ ਮੈਂ ਤੁਹਾਡੇ ਨਾਲ ਗੱਲਾਂ ਕਰ ਰਿਹਾ ਹਾਂ।

ਅੱਜ ਇਥੇ ਕਾਫੀ ਠੰਡ ਹੈ। ਸ਼ਾਇਦ ਮੈਨੂੰ ਹੀ ਲਗ ਰਹੀ ਹੈ ਬੁਖਾਰ ਦੇ ਕਾਰਨ। ਹਾਂ ਸਵੇਰ ਦੀ ਤਾਂ ਮੈਂ ਚਾਹ ਵੀ ਨਹੀਂ ਪੀਤੀ। ਹੁਣ ਪੱਤਰ ਬੰਦ ਕਰਦਾ ਹਾਂ। ਉਤਰ ਛੇਤੀ ਦੇਣਾ।

◆

ਤੁਹਾਡਾ **–ਸੰਗੀਤ**

ਕਲਕੱਤਾ **ਸੋਲ੍ਹਾਂ**

ਬਹੁਤ ਪਿਆਰੇ ਸੰਗੀਤ ਜੀ!

ਬਹੁਤ ਬਹੁਤ ਪਿਆਰ ਅਤੇ ਮਿੱਠੀ ਯਾਦ! ਤੁਹਾਡਾ ਪ੍ਰੇਮ ਪੱਤਰ ਮਿਲਿਆ। ਪੜ੍ਹ ਕੇ ਬਹੁਤ ਖੁਸ਼ੀ ਹੋਈ। ਮੈਂ ਬਹੁਤ ਦਿਨਾਂ ਤੋਂ ਉਡੀਕ ਕਰ ਰਹੀ ਸੀ ਅਤੇ ਕਦੀ-ਕਦੀ ਖਿੱਝ ਆ ਜਾਂਦੀ ਸੀ ਪਰੰਤੂ ਪੱਤਰ ਪੜ੍ਹਨ ਤੋਂ ਪਤਾ ਲੱਗਾ ਕਿ ਤੁਸੀਂ ਲਿਖਣ ਵਿਚ ਰੁਝੇ ਹੋਏ ਸੀ। ਜਾਣ ਕੇ ਮੇਰਾ ਸਾਰਾ ਗੁੱਸਾ ਉਤਰ ਗਿਆ। ਠੀਕ ਹੈ ਕਲਾਕਾਰ ਦਾ ਮੂਡ ਹੀ ਨਿਰਾਲਾ ਹੁੰਦਾ ਹੈ ਇਸ ਲਈ ਮੈਂ ਆਪਣੀ ਗਲਤੀ ਦੀ ਮਾਫੀ ਮੰਗਦੀ ਹਾਂ। ਉਮੀਦ ਹੈ ਕਿ ਮੇਰੀ ਚਿੱਠੀ ਮਿਲਣ ਤਕ ਤੁਹਾਡਾ ਨਾਵਲ ਪੂਰਾ ਹੋ ਗਿਆ ਹੋਵੇਗਾ।

ਸੰਗੀਤ ਜੀ! ਮੈਂ ਪੰਦਰਾਂ ਸਿਤੰਬਰ ਨੂੰ ਛੁੱਟੀ ਲਵਾਂਗੀ ਅਤੇ ਸਤਾਰਾਂ ਦੀ ਸਵੇਰ

ਨੂੰ ਚੰਡੀਗੜ੍ਹ ਪਹੁੰਚ ਜਾਵਾਂਗੀ। ਤੁਸੀਂ ਚੰਡੀਗੜ੍ਹ ਆ ਜਾਣਾ। ਅਗਰ ਨਾ ਵੀ ਆ ਸਕੇ ਤਾਂ ਕੋਈ ਗੱਲ ਨਹੀਂ ਮੈਂ ਆਪ ਹੀ ਕਸੋਲੀ ਪਹੁੰਚ ਜਾਵਾਂਗੀ। ਤੁਹਾਡੇ ਨਾਲ ਸਿਰਫ ਦਸ ਦਿਨ ਰਹਿ ਸਕਾਂਗੀ। ਇਨ੍ਹਾਂ ਦਸਾਂ ਦਿਨਾਂ ਵਿਚ ਵਿਆਹ ਦਾ ਪੂਰਾ ਫੈਸਲਾ ਕਰ ਲੈਣਾ। ਮੈਂ ਤੁਹਾਨੂੰ ਹੁਣ ਇਕੱਲਿਆਂ ਨਹੀਂ ਰਹਿਣ ਦੇਣਾ। ਬਾਹਰ ਦੀ ਰੋਟੀ ਨਹੀਂ ਖਾਣ ਦੇਣੀ। ਦੋ ਮਹੀਨੇ ਅੰਦਰ ਸ਼ਾਦੀ ਪੱਕੀ ਕਰ ਦਿਉ। ਜਨਵਰੀ ਫਰਵਰੀ ਦੀ ਉਡੀਕ ਕਿਉਂ ਕਰਨੀ ਹੈ ਉਨ੍ਹਾਂ ਦਿਨਾਂ ਵਿਚ ਦਰੱਖਤਾਂ ਤੋਂ ਕੋਈ ਸ਼ਹਿਦ ਥੋੜੀ ਚੋਂਦੀ ਹੈ? ਇਸ ਲਈ ਦੁਸਹਿਰੇ ਦੀਆਂ ਛੁੱਟੀਆਂ ਵਿਚ ਵਿਆਹ ਹੋ ਜਾਏ ਤਾਂ ਠੀਕ ਹੈ। ਤੁਹਾਨੂੰ ਪਤਾ ਹੀ ਹੈ ਕਿ ਬੰਗਾਲੀ 'ਦੁਰਗਾ' ਪੂਜਾ ਕਿਸ ਤਰ੍ਹਾਂ ਮਨਾਉਂਦੇ ਹਨ। ਇਸ ਪੂਜਾ ਦੀ ਭੇਟ ਸਾਡੇ ਲਈ ਸ਼ਾਦੀ ਹੋਵੇਗੀ। ਠੀਕ ਹੈ ਨਾ? ਮੇਰੇ ਉਥੇ ਪਹੁੰਚਣ ਵਿਚ ਸਿਰਫ ਦਸ ਬਾਰਾਂ ਦਿਨ ਰਹਿ ਗਏ ਹਨ। ਇਹਨਾਂ ਬਾਰਾਂ ਦਿਨਾਂ ਵਿਚ ਆਪਣਾ ਫੈਸਲਾ ਠੀਕ ਤਰ੍ਹਾਂ ਕਰ ਲੈਣਾ। ਮੈਂ ਕੋਈ ਵੀ ਬਹਾਨਾ ਨਹੀਂ ਸੁਣਾਂਗੀ। ਸਮਝੇ?

ਸੰਗੀਤ ਜੀ! ਤੁਹਾਡੇ ਕਹਿਣ ਤੋਂ ਬਿਨਾਂ ਹੀ ਮੈਂ ਸਵੇਰੇ ਸ਼ਾਮ ਭਗਵਾਨ ਕੋਲੋਂ ਇਹੋ ਹੀ ਮੰਗਦੀ ਹਾਂ ਕਿ ਤੁਸੀਂ ਤੰਦਰੁਸਤ ਅਤੇ ਠੀਕ ਹੋ ਜਾਵੋ। ਮੈਂ ਉਸ ਵਕਤ ਤੋਂ ਹੀ ਆਪ ਜੀ ਦੀ ਹੋ ਗਈ ਸਾਂ ਜਦ ਤੁਹਾਨੂੰ ਵੇਖਿਆ ਸੀ। ਪਤਨੀ ਲਈ ਪਤੀ ਹੀ ਉਸ ਦਾ ਦੇਵਤਾ ਹੁੰਦਾ ਹੈ। ਉਸ ਦੀ ਖੁਸ਼ੀ ਅਤੇ ਸਿਹਤ ਦੀ ਪ੍ਰਾਥਨਾ ਸਦਾ ਹੀ ਕਰਦੀ ਰਹਿੰਦੀ ਹੈ। ਉਸ ਦੀ ਹਰ ਕਲਪਨਾ ਦਾ ਅਭਿਨੇਤਾ ਉਸ ਦਾ ਪਤੀ ਹੁੰਦਾ ਹੈ। ਸੰਗੀਤ ਜੀ! ਮੈਂ ਸਦਾ ਹੀ ਤੁਹਾਡੇ ਖਿਆਲਾਂ ਵਿਚ ਰਹਿੰਦੀ ਹਾਂ। ਇਹੋ ਹੀ ਸੋਚਦੀ ਰਹਿੰਦੀ ਹਾਂ ਕਿ ਤੁਸੀਂ ਕਿਸ ਤਰ੍ਹਾਂ ਹੋਵੋਗੇ। ਇਸ ਲਈ ਲਗਪਗ ਹਰ ਰੋਜ਼ ਮੈਂ ਸੁਪਨੇ ਵਿਚ ਤੁਹਾਡੇ ਕੋਲ ਹੁੰਦੀ ਹਾਂ। ਤੁਸੀਂ ਜਿਵੇਂ ਲਿਖਿਆ ਹੈ ਉਂਜ ਹੀ ਮੇਰਿਆਂ ਵਾਲਾ ਵਿਚ ਉਂਗਲਾਂ ਪਾ ਕੇ ਕਲੋਲ ਕਰਦੇ ਰਹਿੰਦੇ ਹੋ। ਕਦੀ-ਕਦੀ ਤਾਂ ਸ਼ਰਾਰਤ ਵੀ ਕਰ ਬੈਠਦੇ ਹੋ ਪਰ ਮੈਂ ਤੁਹਾਨੂੰ ਸ਼ਰਾਰਤੀ ਨਹੀਂ ਕਹਿੰਦੀ। ਠੀਕ ਹੈ ਨਾ? ਹੁਣ ਤਾਂ ਖੁਸ਼ ਹੋ?

ਸੰਗੀਤ ਜੀ! ਬਾਕੀ 'ਹਿੱਲ ਸਟੇਸ਼ਨ' 'ਤੇ ਵੱਸਣ ਦਾ ਇਰਾਦਾ ਤਾਂ ਬੜਾ ਠੀਕ ਹੈ। ਮੇਰੀ ਵੀ ਇਹੋ ਹੀ ਇਛਾ ਹੈ। ਸੰਗੀਤ ਜੀ! ਇਸ ਤਰ੍ਹਾਂ ਲਗ ਰਿਹਾ ਹੈ ਜਿਵੇਂ ਪਹਾੜਾਂ ਦੀਆਂ ਚੋਟੀਆਂ ਨਾਲ ਟਕਰਾ ਕੇ ਤੁਹਾਡੇ ਪਿਆਰ ਭਰੇ ਗੀਤ ਮੈਨੂੰ ਬੁਲਾ ਰਹੇ ਹੋਣ। ਮੇਰਾ ਮਨ ਵੀ ਕੁਝ ਘਬਰਾ ਰਿਹਾ ਹੈ ਪਤਾ ਨਹੀਂ ਕੀ ਗੱਲ ਹੈ? ਖ਼ੈਰ! ਮੈਂ ਇਹ ਪੱਤਰ ਅਧੂਰਾ ਹੀ ਛੱਡ ਕੇ ਬਾਹਰ ਜਾ ਰਹੀ ਹਾਂ ਕਿ ਫਿਰ ਆ ਕੇ ਲਿਖਾਂਗੀ।

ਸੰਗੀਤ ਜੀ! ਹੁਣ ਹੀ ਬਾਹਰੋਂ ਆਈ ਹਾਂ। ਆਪ ਜੀ ਦੀ ਦੂਸਰੀ ਚਿੱਠੀ ਮਿਲੀ। ਪੜ੍ਹਦਿਆਂ ਹੀ ਹੱਥ ਕੰਬਣ ਲੱਗ ਪਏ। ਦਿਲ ਘਬਰਾ ਗਿਆ ਇਹ ਪੜ੍ਹ ਕੇ ਕਿ ਤੁਸੀਂ ਬੀਮਾਰ ਹੋ। ਕਿੰਨੇ ਲਾਪਰਵਾਹ ਹੋ ਤੁਸੀਂ? ਆਪਣੀ ਸਿਹਤ ਦੀ ਤੁਹਾਨੂੰ ਬਿਲਕੁਲ ਹੀ ਚਿੰਤਾ ਨਹੀਂ। ਬੱਚਿਆਂ ਵਾਗੂੰ ਮੀਂਹ ਵਿਚ ਖੇਡਣ ਲੱਗ ਪਏ। ਕੀ ਕੋਈ ਚੰਗੀ ਗੱਲ ਹੈ? ਤੁਸੀਂ ਜਾਣਦੇ ਵੀ ਹੋ ਕਿ ਇਕੱਲੇ ਹੋ ਕਦੀ ਕੁਝ ਹੋ ਜਾਏ ਤਾਂ ਕੋਈ

ਦੇਖ-ਭਾਲ ਕਰਨ ਵਾਲਾ ਨਹੀਂ, ਫਿਰ ਇਹੋ ਜਿਹੀਆਂ ਗਲਤੀਆਂ ਕਿਉਂ ਕਰਦੇ ਹੋ? ਇਹ ਬੁਰੀ ਗੱਲ ਹੈ। ਮੈਨੂੰ ਬਿਲਕੁਲ ਠੀਕ ਨਹੀਂ ਲੱਗਦਾ ਕਿ ਤੁਸੀਂ ਆਪਣੀ ਸਿਹਤ ਬਾਰੇ ਇੰਨੇ ਲਾਪ੍ਰਵਾਹ ਬਣੇ ਰਹੋ। ਮੈਂ ਕਲ੍ਹ ਹੀ ਛੁੱਟੀ ਲੈ ਕੇ ਆ ਰਹੀ ਹਾਂ ਅਤੇ ਅੱਠ ਸਤੰਬਰ ਦੀ ਸਵੇਰ ਨੂੰ ਚੰਡੀਗੜ੍ਹ ਪਹੁੰਚ ਜਾਵਾਂਗੀ। ਤੁਹਾਨੂੰ ਚੰਡੀਗੜ੍ਹ ਆਉਣ ਦੀ ਕੋਈ ਲੋੜ ਨਹੀਂ। ਤੁਸੀਂ ਅਰਾਮ ਕਰਨਾ ਮੈਂ ਆਪੇ ਹੀ ਕਸੌਲੀ ਪਹੁੰਚ ਜਾਵਾਂਗੀ। ਸ਼ਾਇਦ ਇਹ ਪੱਤਰ ਵੀ ਤੁਹਾਨੂੰ ਉਸ ਦਿਨ ਹੀ ਮਿਲੇ ਜਿਸ ਦਿਨ ਮੈਂ ਪਹੁੰਚਾਂਗੀ। ਜੇਕਰ ਮੈਂ ਤੁਹਾਨੂੰ ਕਿਧਰੇ ਬਾਹਰ ਘੁੰਮਦੇ ਫਿਰਦੇ ਵੇਖਿਆ ਤਾਂ ਬਹੁਤ ਗੁੱਸੇ ਹੋਵਾਂਗੀ। ਵੈਸੇ ਜਾਣ ਲਈ ਪਿਤਾ ਜੀ ਕੋਲੋਂ ਪੁੱਛਣਾ ਹੈ ਅਤੇ ਛੁੱਟੀ ਵੀ ਲੈਣੀ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਪਿਤਾ ਜੀ ਮਨ੍ਹਾ ਨਹੀਂ ਕਰਨਗੇ ਅਤੇ ਛੁੱਟੀ ਵੀ ਮਿਲ ਜਾਵੇਗੀ। ਅਗਰ ਛੁੱਟੀ ਨਾ ਵੀ ਮਿਲੀ ਫਿਰ ਵੀ ਮੈਂ ਆ ਰਹੀ ਹਾਂ। ਅੱਠ ਸਤੰਬਰ ਨੂੰ ਤੁਹਾਡੇ ਕੋਲ ਹੋਵਾਂਗੀ।

ਸੰਗੀਤ ਜੀ! ਪਿਆਰ ਸੱਚਮੁੱਚ ਹੀ ਬੜੀ ਜ਼ਾਲਮ ਚੀਜ਼ ਹੈ। ਦਿਲ ਅਤੇ ਦਿਮਾਗ ਨੂੰ ਕਾਬੂ ਕਰ ਲੈਂਦਾ ਹੈ। ਮਨੁੱਖ ਨਾ ਕੁਝ ਸੋਚ ਸਕਦਾ ਹੈ ਅਤੇ ਨਾ ਕੁਝ ਸਮਝ ਸਕਦਾ ਹੈ। ਹਮਦਰਦੀ ਤਾਂ ਪਿਆਰ ਦੀ ਸਭ ਤੋਂ ਵੱਡੀ ਭੇਂਟ ਹੈ। ਇਸ ਤੋਂ ਬਿਨਾਂ ਪਿਆਰ ਹੋ ਹੀ ਨਹੀਂ ਸਕਦਾ। ਮੁਸੀਬਤ ਵਿਚ ਪਿਆਰ ਕਰਨ ਵਾਲਾ ਦਿਲ ਸਹਾਰਾ ਚਾਹੁੰਦਾ ਹੈ। ਸਹਾਰੇ ਦੇ ਆਸਰੇ ਮਨੁੱਖ ਕੋਈ ਵੀ ਤਕਲੀਫ ਸਹਿ ਸਕਦਾ ਹੈ। ਸੰਗੀਤ ਜੀ! ਚਿੰਤਾ ਨਹੀਂ ਕਰਨੀ। ਮੈਂ ਤੁਹਾਨੂੰ ਜੀਵਨ ਦੀ ਹਰ ਮੁਸ਼ਕਲ ਵਿਚ ਸਾਥ ਦਿਆਂਗੀ। ਹਰ ਥਾਂ ਤੇ ਤੁਹਾਡਾ ਸਹਾਰਾ ਬਣਾਂਗੀ। ਤੁਹਾਨੂੰ ਕਦੀ ਕਮਜ਼ੋਰ ਨਹੀਂ ਹੋਣ ਦਿਆਂਗੀ। ਕਦੀ ਤੁਹਾਨੂੰ ਇਕੱਲਾਪਨ ਨਹੀਂ ਤੰਗ ਕਰੇਗਾ। ਅੱਜ ਸਵੇਰ ਦਾ ਹੀ ਮੇਰਾ ਮਨ ਬੇਚੈਨ ਸੀ। ਵੈਸੇ ਤਾਂ ਦੋ ਤਿੰਨ ਦਿਨ ਤੋਂ ਦਿਲ ਕਾਹਲਾ ਪੈ ਰਿਹਾ ਸੀ। ਸ਼ਾਇਦ ਤੁਹਾਡੇ ਬੀਮਾਰ ਹੋਣ ਦਾ ਅਸਰ ਮੇਰੇ ਦਿਲ ਤੋਂ ਵੀ ਪਿਆ ਹੈ। ਇਹੋ ਹੀ ਕਾਰਨ ਹੈ ਹੋਰ ਕੋਈ ਨਹੀਂ। ਤੁਹਾਡੇ ਕੋਲ ਪਹੁੰਚਣ ਤਕ ਇਹ ਦਿਨ ਪਤਾ ਨਹੀਂ ਕਿਸ ਤਰ੍ਹਾਂ ਨਿਕਲਣਗੇ। ਹੁਣ ਬੰਦ ਕਰਦੀ ਹਾਂ ਇਸ ਪੱਤਰ ਨੂੰ। ਮਿਲਣ ਦੀ ਉਡੀਕ ਵਿਚ।

ਆਪ ਜੀ ਦੀ

◆ **-ਕਵਿਤਾ**

ਭਾਰਾ ਦੂਜਾ

ਧੁਆਂਖੀ ਧੁੱਪ / 65

ਬਹੁਤ ਹੀ ਪਿਆਰੀ ਕਵਿਤਾ ਜੀ!

ਬਹੁਤ ਬਹੁਤ ਪਿਆਰ! ਮੈਂ ਇਥੇ ਬਿਲਕੁਲ ਠੀਕ ਹਾਂ ਅਤੇ ਆਸ ਹੈ ਕਿ ਤੁਸੀਂ ਅੱਜ ਠੀਕ ਤਰ੍ਹਾਂ ਕਲਕੱਤੇ ਪਹੁੰਚ ਗਏ ਹੋਵੋਗੇ। ਪਰਸੋਂ ਸ਼ਾਮ ਨੂੰ ਗੱਡੀ 'ਤੇ ਚੜ੍ਹਾ ਕੇ ਮੇਰੀ ਕੀ ਹਾਲਤ ਹੋਈ ਮੈਂ ਦੱਸ ਨਹੀਂ ਸਕਦਾ। ਸਾਰੀ ਰਾਤ ਨੀਂਦ ਨਹੀਂ ਆਈ। ਇੰਜ ਲਗ ਰਿਹਾ ਸੀ ਜਿਵੇਂ ਮੇਰੇ ਸਰੀਰ ਵਿਚੋਂ ਕੋਈ ਆਤਮਾ ਹੀ ਕੱਢ ਕੇ ਲੈ ਗਿਆ ਹੋਵੇ। ਮੈਂ ਬੇਸੁਧ ਜਿਹਾ ਬੁੱਤ ਬਣ ਕੇ ਆਪਣੇ ਕਮਰੇ ਵਿਚ ਆ ਗਿਆ। ਕਮਰਾ ਹੀ ਖਾਣ ਨੂੰ ਆ ਰਿਹਾ ਸੀ। ਹਰ ਇਕ ਸ਼ੈ ਬੇਜਾਨ ਲਗਣ ਲਗ ਪਈ ਸੀ। ਕਲ੍ਹ ਦਾ ਦਿਨ ਵੀ ਯਾਦ ਵਿਚ ਤੜਫਦੇ ਹੋਏ ਨਿਕਲਿਆ।

ਕਵਿਤਾ ਜੀ! ਜਿਹੜੇ ਦਸ ਦਿਨ ਅਸੀਂ ਇਕੱਠੇ ਗੁਜ਼ਾਰੇ ਹਨ ਉਨ੍ਹਾਂ ਦਿਨਾਂ ਦੀ ਯਾਦ ਮੈਂ ਜੀਵਨ ਭਰ ਨਹੀਂ ਭੁਲਾ ਸਕਦਾ। ਸੱਚੇ ਪਿਆਰ ਦਾ ਗਿਆਨ ਮੈਨੂੰ ਪਹਿਲੀ ਵਾਰੀ ਹੋਇਆ ਹੈ। ਇਨ੍ਹਾਂ ਦਿਨਾਂ ਵਿਚ ਮੈਨੂੰ ਤੁਸੀਂ ਇਕ ਨਵਾਂ ਜੀਵਨ ਦਿਤਾ ਹੈ ਜਿਸ ਜੀਵਨ ਵਿਚ ਜੀਣ ਦੀ ਤਾਂਘ ਹੈ, ਖੁਸ਼ ਰਹਿਣ ਦੀ ਉਮੰਗ ਹੈ।

ਅੱਠ ਸਤੰਬਰ ਨੂੰ ਜਦੋਂ ਤੁਸੀਂ ਅਚਾਨਕ ਹੀ ਆ ਗਏ ਤਾਂ ਬਿਜਲੀ ਦੀ ਤਰ੍ਹਾਂ ਮੇਰੇ ਸਰੀਰ ਵਿਚ ਫੁਰਤੀ ਫੈਲ ਗਈ। ਦਿਲ ਖੁਸ਼ੀ ਨਾਲ ਭਰ ਗਿਆ। ਮੇਰਾ ਚਿਹਰਾ ਹੈਰਾਨੀ ਨਾਲ ਲਾਲ ਹੋ ਗਿਆ। ਅੱਖਾਂ ਵਿਚ ਚਮਕ ਆ ਗਈ। ਸਾਰੇ ਦੁੱਖ ਦਰਦ ਭੁੱਲ ਗਿਆ। ਜਿਵੇਂ ਸੰਸਾਰ ਦੀ ਹਰ ਖੁਸ਼ੀ ਮਿਲ ਗਈ ਹੋਵੇ। ਮੈਂ ਕਿਸ ਤਰ੍ਹਾਂ ਬਿਸਤਰੇ ਵਿਚੋਂ ਉਠ ਕੇ ਤੁਹਾਡੇ ਗਲੇ ਲਗ ਗਿਆ? ਜਿਵੇਂ ਜਨਮਾਂ-ਜਨਮਾਂ ਤੋਂ ਇਕ ਦੂਜੇ ਨੂੰ ਜਾਣਦੇ ਸਾਂ। ਕਵਿਤਾ ਜੀ! ਉਸ ਵਕਤ ਤਾਂ ਮੈਨੂੰ ਕੁਝ ਵੀ ਨਹੀਂ ਸੁਝਿਆ। ਦਿਲ ਅਤੇ ਦਿਮਾਗ 'ਤੇ ਪਿਆਰ ਦਾ ਪਰਦਾ ਪੈ ਗਿਆ ਸੀ। ਬਾਦ ਵਿਚ ਜਦੋਂ ਹੋਸ਼ ਆਈ ਤਾਂ ਮੈਨੂੰ ਸ਼ਰਮ ਆਈ ਸੀ। ਪਰ ਕਿਉਂ? ਮੈਂ ਸੋਚਿਆ ਤੁਸੀਂ ਕੀ ਸੋਚੋਗੇ ਕਿ ਸੰਗੀਤ ਕਿੰਨਾ ਬੇ-ਸ਼ਰਮ ਹੈ? ਪਰ ਡਾਰਲਿੰਗ ਪਿਆਰ ਸ਼ਰਮ, ਧਰਮ ਨੂੰ ਕੁਝ ਨਹੀਂ ਸਮਝਦਾ। ਅੰਨ੍ਹਾ ਹੈ ਨਾ ਇਸ ਲਈ।

ਕਵਿਤਾ ਜੀ! ਇਸ ਦੌਰਾਨ ਵਿਚ ਅਸੀਂ ਇਕ ਦੂਜੇ ਦੇ ਕਿੰਨੇ ਹੀ ਨਜ਼ਦੀਕ ਆ ਗਏ। ਇਕ ਦੂਜੇ ਨੂੰ ਕਿੰਨਾ ਹੀ ਸਮਝ ਲਿਆ। ਜਿਹੜੇ ਗੁਣ ਤੁਸੀਂ ਆਪਣਿਆਂ ਪੱਤਰਾਂ ਵਿਚ ਨਹੀਂ ਸੀ ਲਿਖ ਸਕਦੇ ਉਨ੍ਹਾਂ ਗੁਣਾਂ ਨੂੰ ਵੇਖਣ ਦਾ ਮੌਕਾ ਮਿਲਿਆ। ਤੁਸੀਂ ਸੱਚ-ਮੁੱਚ ਹੀ ਇਹੇ ਸਬੂਤ ਦਿਤਾ ਹੇ ਕਿ ਤੁਸੀਂ ਇਕ ਪੂਰਨ ਇਸਤਰੀ ਹੋ ਅਤੇ ਇਕ ਆਦਰਸ਼ ਪਤਨੀ ਬਣਨ ਦੇ ਯੋਗ ਹੋ। ਕਵਿਤਾ ਜੀ! ਇਕ ਘਟਨਾ ਮੇਰੀਆਂ ਅੱਖਾਂ ਅੱਗੇ ਆ ਰਹੀ ਹੈ। ਯਾਦ ਹੈ ਨੌਂ ਸਤੰਬਰ ਨੂੰ ਜਦੋਂ ਮੈਂ ਬਦੋਬਦੀ ਘੁੰਮਣ ਜਾਣ ਲਈ ਕਹਿ ਰਿਹਾ ਸੀ ਤੇ ਤੁਸੀਂ ਗੁੱਸੇ ਨਾਲ ਮੈਨੂੰ ਡਾਂਟਿਆ ਸੀ ਜਿਵੇਂ ਮੈਂ ਸਕੂਲ ਦਾ ਬੱਚਾ ਹੁੰਦਾ ਹਾਂ। ਮੈਨੂੰ ਬੜਾ ਹਾਸਾ ਆਇਆ ਸੀ ਤੇ ਮੈਂ ਕਿਹਾ ਸੀ, "ਮੈਂ ਹੁਣ

ਬਿਲਕੁਲ ਠੀਕ ਹਾਂ ਟੀਚਰ! ਇਕ ਦਮ ਭਾਲੋ। (ਬੰਗਾਲੀ ਸ਼ਬਦ ਹੈ)" ਫਿਰ ਤੁਸੀਂ ਵੀ ਹੱਸ ਪਏ ਸੀ। ਤੁਹਾਨੂੰ ਹੱਸਦੇ ਵੇਖ ਕੇ ਮੈਂ ਝਟਪਟ ਬਿਸਤਰੇ ਵਿਚੋਂ ਉਠ ਪਿਆ ਤਿਆਰ ਹੋਣ ਲਈ। ਜਦੋਂ ਤੁਸੀਂ ਰੁਕਾਣ ਲਗੇ ਸੀ ਤਾਂ ਮੈਂ ਫਿਰ ਤੁਹਾਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ ਸੀ। ਫਿਰ ਤੁਸੀਂ ਮੰਨ ਗਏ ਸੀ। ਯਾਦ ਹੈ ਇਕ ਵਾਰੀ ਤੁਸੀਂ ਕਿਹਾ ਸੀ, "ਤੁਹਾਡੀਆਂ ਬਾਹਾਂ ਵਿਚ ਕੋਈ ਜਾਦੂ ਹੈ ਜਦੋਂ ਵੀ ਬਾਹਾਂ ਵਿਚ ਲੈ ਲੈਂਦੇ ਹੋ ਬਸ ਹਰ ਚੀਜ਼ ਲਈ ਹਾਂ ਕਰਵਾ ਲੈਂਦੇ ਹੋ। ਤੁਹਾਡੀ ਇਹ ਗੱਲ ਯਾਦ ਆਉਂਦਿਆਂ ਹੀ ਮੈਨੂੰ ਹਾਸਾ ਆ ਜਾਂਦਾ ਹੈ।

ਕਵਿਤਾ ਜੀ! ਉਸ ਸ਼ਾਮ ਨੂੰ ਪਹਿਲੀ ਵਾਰ ਅਸੀਂ ਇਕੱਠੇ ਘੁੰਮਣ ਨਿਕਲੇ ਸੀ। ਮੌਸਮ ਕਿੰਨਾ ਹੀ ਚੰਗਾ ਸੀ। ਹਰ ਫੁੱਲ ਵੇਖ ਕੇ ਮੁਸਕਰਾ ਰਿਹਾ ਸੀ। ਹਰ ਕਲੀ ਨੇ ਘੁੰਡ ਚੁੱਕ ਲਿਆ ਸੀ ਸਾਨੂੰ ਵੇਖਣ ਲਈ। ਹਰ ਭੰਵਰਾ ਡੋਲ ਗਿਆ ਸੀ ਤੁਹਾਡੀ ਸੁੰਦਰਤਾ ਨੂੰ ਵੇਖ ਕੇ। ਸੂਰਜ ਦੀਆਂ ਅਖੀਰਲੀਆਂ ਕਿਰਨਾਂ ਦਾ ਵੀ ਦਿਲ ਨਹੀਂ ਸੀ ਕਰਦਾ ਪਹਾੜਾਂ ਪਿਛੇ ਲੁਕ ਜਾਣ ਨੂੰ। ਪਤਾ ਹੈ ਕਿਸ ਤਰ੍ਹਾਂ ਬੱਦਲਾਂ ਦੇ ਨਾਲ 'ਅੱਖਾਂ-ਮੀਟੀ' ਖੇਲ ਰਹੀਆਂ ਸਨ ਉਹ ਕਿਰਨਾਂ। ਘੜੀ-ਮੁੜੀ ਬੱਦਲਾਂ ਦੇ ਸਫੇਦ ਟੁਕੜੇ ਅੱਗੇ ਆ ਜਾਂਦੇ ਸਨ ਪਰ ਫਿਰ ਵੀ ਕੋਈ ਨਾ ਕੋਈ ਕਿਰਨ ਸਿਰ ਬਾਹਰ ਕੱਢ ਹੀ ਲੈਂਦੀ ਸੀ। ਕਵਿਤਾ ਜੀ! ਮੇਰੇ ਜੀਵਨ ਵਿਚ ਇਹੋ ਜਿਹੀ ਅਜ਼ਾਦ ਅਤੇ ਖੁਸ਼ ਸ਼ਾਮ ਕਦੀ ਨਹੀਂ ਸੀ ਆਈ। ਉਸ ਸ਼ਾਮ ਨੂੰ ਤਾਂ ਹਰ ਇਕ ਚੀਜ਼ ਰੰਗੀਨ ਲਗ ਰਹੀ ਸੀ। ਉਸ ਰੰਗੀਨ ਸ਼ਾਮ ਵਿਚ ਅਸੀਂ ਦੋਨੋਂ ਹੀ ਅਕਾਸ਼ ਦੇ ਅਜ਼ਾਦ ਪੰਛੀਆਂ ਦੀ ਤਰ੍ਹਾਂ ਘੁੰਮ ਰਹੇ ਸਾਂ। ਤੁਹਾਡੀਆਂ ਪਿਆਰੀਆਂ ਗੱਲਾਂ ਵਿਚ ਕਿੰਨਾ ਰਸ ਸੀ, ਪਿਆਰ ਸੀ ਅਤੇ ਜਾਦੂ ਸੀ। ਤੁਸੀਂ ਘੜੀ-ਮੁੜੀ ਨਸ਼ੀਲੀਆਂ ਅੱਖਾਂ ਨਾਲ ਮੇਰੇ ਵੱਲ ਵੇਖਦੇ ਸੀ ਤਾਂ ਮੈਂ ਆਪਣੇ ਆਪ ਨੂੰ ਇਕ ਦੋਸ਼ੀ ਸਮਝਦਾ ਸਾਂ। ਉਹਨਾਂ ਅੱਖਾਂ ਦੀ ਤਾਬ ਮੈਂ ਸਹਾਰ ਨਹੀਂ ਸਾਂ ਸਕਦਾ। ਉਸ ਸ਼ਾਮ ਨੂੰ ਜਦੋਂ ਤੁਹਾਡਾ ਪੈਰ ਤਿਲਕ ਗਿਆ ਸੀ ਅਤੇ ਮੈਂ ਤੁਹਾਡਾ ਹੱਥ ਫੜ ਲਿਆ ਸੀ। ਉਸ ਵਕਤ ਤਾਂ ਮੇਰਾ ਸਾਰਾ ਸਰੀਰ ਹੀ ਕੰਬ ਉਠਿਆ ਸੀ।

ਉਸ ਤੋਂ ਬਾਦ ਅਸੀਂ ਹੋਟਲ ਵਿਚ ਆ ਗਏ ਸੀ। ਯਾਦ ਹੈ ਬਹੁਤ ਠੰਡ ਹੋ ਗਈ ਸੀ ਅਤੇ ਮੈਨੂੰ ਬੁਖਾਰ ਹੋ ਗਿਆ ਸੀ। ਤੁਸੀਂ ਮੇਰੇ ਕੋਲ ਹੀ ਬੈਠੇ ਰਹੇ। ਕਿੰਨੀ ਦੇਰ ਤਕ ਜਾਗਦੇ ਰਹੇ? ਕਦੀ-ਕਦੀ ਮੇਰਾ ਹੱਥ ਜਦੋਂ ਤੁਹਾਡੇ ਸਰੀਰ ਨਾਲ ਲਗ ਜਾਂਦਾ ਸੀ ਤਾਂ ਇਕ ਕੰਬਣੀ ਜਿਹੀ ਬਦਨ ਵਿਚ ਪੈਦਾ ਹੋ ਜਾਂਦੀ ਸੀ। ਕਵਿਤਾ ਜੀ! ਉਹ ਰਾਤ ਵੀ ਇਕ ਸਹਿਮੀ ਹੋਈ ਰਾਤ ਸੀ। ਉਪਰੋਂ ਸਰਦੀ ਪੈ ਰਹੀ ਸੀ, ਮੇਰੇ ਸਰੀਰ ਵਿਚ ਗਰਮੀ ਸੀ, ਤੁਹਾਡੇ ਮਨ ਵਿਚ ਤੜਪ ਸੀ ਪਰ ਵਿਚਕਾਰ ਇਕ ਸ਼ਰਮ ਦਾ ਪਰਦਾ ਸੀ ਜਿਸ ਨੂੰ ਕੋਈ ਵੀ ਸਾਡੇ ਵਿਚੋਂ ਨਹੀਂ ਸੀ ਮਿਟਾ ਸਕਿਆ। ਸ਼ਰਮ ਅਤੇ ਧਰਮ ਦੋ ਇਹੋ ਜਿਹੀਆਂ ਦੀਵਾਰਾਂ ਹਨ ਜਿਨ੍ਹਾਂ ਨੂੰ ਪਾਰ ਕਰਨਾ ਇਕ ਸਾਧਾਰਣ ਮਨੁੱਖ ਲਈ ਬਹੁਤ ਹੀ ਕਠਿਨ ਹੈ। ਇਨ੍ਹਾਂ ਦੀਵਾਰਾਂ ਵਿਚ ਕਈ ਅਰਮਾਨ ਮਚਲ ਕੇ ਰਹਿ ਜਾਂਦੇ ਹਨ। ਕਈ ਇਛਾਵਾਂ ਜ਼ਬਾਨ ਤਕ ਹੀ ਨਹੀਂ ਆਉਂਦੀਆਂ ਕਿ

ਕੁਚਲੀਆਂ ਜਾਂਦੀਆਂ ਹਨ। ਰਿਸ਼ਤੇ ਬਣਨ ਤੋਂ ਪਹਿਲੇ ਹੀ ਟੁੱਟ ਜਾਂਦੇ ਹਨ। ਬਸ ਇਹੋ ਹੀ ਸ਼ਰਮ ਦੀ ਦੀਵਾਰ ਸੀ ਸਾਡੇ ਵਿਚਕਾਰ।

ਕਵਿਤਾ ਜੀ! ਉਸ ਤੋਂ ਦੂਸਰੇ ਦਿਨ ਸਵੇਰੇ ਹੀ ਮੈਂ ਠੀਕ ਹੋ ਗਿਆ ਸਾਂ ਕਿਉਂਕਿ ਜਿਸ ਵਕਤ ਮੈਂ ਨੀਂਦ ਤੋਂ ਜਾਗਿਆ ਸਾਂ ਤੁਸੀਂ ਚਾਹ ਦੀ ਪਿਆਲੀ ਲੈ ਕੇ ਮੇਰੇ ਸਾਹਮਣੇ ਖੜੇ ਸੀ। ਸਿਰ 'ਤੇ ਸਾੜ੍ਹੀ ਦਾ ਪੱਲਾ ਲੈ ਕੇ, ਬਿਲਕੁਲ ਇਕ ਸੁਹਾਗਣ ਦੀ ਤਰ੍ਹਾਂ, ਤੁਹਾਡੇ ਚਿਹਰੇ ਦੀ ਉਹ ਭਿੰਨੀ-ਭਿੰਨੀ ਮੁਸਕਰਾਹਟ ਨੇ ਮੇਰਾ ਸਾਰਾ ਦੁੱਖ ਦੂਰ ਕਰ ਦਿਤਾ ਸੀ। ਤੁਹਾਡਾ ਚਿਹਰਾ ਇਕ ਖਿਲੀ ਹੋਈ ਤਾਜ਼ਾ ਕਲੀ ਦੀ ਤਰ੍ਹਾਂ ਮੁਸਕਰਾ ਰਿਹਾ ਸੀ, ਅੱਖਾਂ ਵਿਚ ਖੁਮਾਰੀ ਦੀ ਝਲਕ ਸੀ, ਬਦਨ ਵਿਚ ਮਦਹੋਸ਼ੀ ਦੀ ਮਹਿਕ ਸੀ। ਮੈਂ ਲਲਚਾਈਆਂ ਹੋਈਆਂ ਅੱਖਾਂ ਨਾਲ ਤੁਹਾਨੂੰ ਕਿੰਨੀ ਦੇਰ ਤਕ ਵੇਖਦਾ ਰਿਹਾ। ਤੁਸੀਂ ਵੀ ਪਤਾ ਨਹੀਂ ਕਿਸ ਡੂੰਘਿਆਈ ਵਿਚ ਗਵਾਚ ਗਏ ਸੀ? ਅਸੀਂ ਭੁੱਲ ਗਏ ਸੀ ਕਿ ਚਾਹ ਦੀ ਪਿਆਲੀ ਹੱਥ ਵਿਚ ਹੈ। ਪਤਾ ਨਹੀਂ ਉਹ ਪਿਆਲੀ ਕਦੋਂ ਤੁਸੀਂ ਮੇਜ਼ 'ਤੇ ਰੱਖ ਦਿੱਤੀ ਸੀ ਅਤੇ ਕਦੋਂ ਤੁਸੀਂ ਮੇਰੀਆਂ ਬਾਹਾਂ ਵਿਚ ਆ ਗਏ ਸੀ। ਬਾਹਾਂ ਦੀ ਜਕੜ ਉਸ ਵਕਤ ਕਮਜ਼ੋਰ ਹੋਈ ਸੀ ਜਦੋਂ ਪਿਆਰ ਦਾ ਅੰਮ੍ਰਿਤ ਸਾਡੀਆਂ ਰਗਾਂ ਵਿਚ ਜਾ ਚੁੱਕਿਆ ਸੀ। ਜਿਹੜਾ ਪਰਦਾ ਰਾਤ ਨੂੰ ਨਹੀਂ ਸੀ ਹਟਿਆ ਉਹ ਪਰਦਾ ਭਾਵਨਾਵਾਂ ਦੀ ਹਨੇਰੀ ਨਾਲ ਆਪਣੇ ਆਪ ਹੀ ਹਟ ਗਿਆ। ਅਸੀਂ ਦੋਨੋਂ ਇਕ ਹੋ ਗਏ ਸੀ। ਆਤਮਾ ਸ਼ਾਂਤ ਹੋ ਗਈ ਸੀ। ਚਾਹ ਦੀ ਪਿਆਲੀ ਵੀ ਠੰਡੀ ਹੋ ਗਈ ਸੀ। ਕਵਿਤਾ ਜੀ! ਇਹ ਪਿਆਰ ਤਾਂ ਸਚਮੁਚ ਹੀ ਇਕ ਪਾਗਲਪਨ ਹੈ। ਕੁਝ ਵੀ ਸੋਚਣ ਨਹੀਂ ਦਿੰਦਾ। ਵੱਡੇ-ਵੱਡੇ ਅਕਲਮੰਦਾਂ ਦਾ ਦਿਮਾਗ ਵੀ ਖਰਾਬ ਕਰ ਦਿੰਦਾ ਹੈ।

ਉਸ ਦਿਨ ਤੋਂ ਬਾਦ ਅਸੀਂ ਪਿਆਰ ਦੇ ਇਸ ਪਵਿੱਤਰ ਪੌਦੇ ਨੂੰ ਕਿੰਨੀ ਵਾਰੀ ਹੀ ਪਵਿੱਤਰ ਭਾਵਨਾਵਾਂ ਦੇ ਅੰਮ੍ਰਿਤ ਨਾਲ ਸਿੰਜਿਆ। ਜਿਸ ਪਿਆਰ ਨੂੰ ਮੈਂ ਪਾਪ ਸਮਝਦਾ ਸਾਂ ਉਹ ਹੀ ਪੁੰਨ ਲੱਗਣ ਲੱਗ ਪਿਆ। ਉਸ ਸ਼ਾਮ ਨੂੰ ਅਸੀਂ ਦੁਰਗਾ ਮੰਦਰ ਵਿਚ ਜਾ ਕੇ ਇਕ ਦੂਸਰੇ ਨੂੰ ਆਪਣਾ ਜੀਵਨ ਸਾਥੀ ਸਵੀਕਾਰ ਕਰ ਲਿਆ ਸੀ। ਇਵੇਂ ਹੀ ਲਗਦਾ ਸੀ ਜਿਵੇਂ ਕਈ ਜਨਮਾਂ ਦੀ ਸਾਡੀ ਸਾਧਨਾ ਪੂਰੀ ਹੋ ਗਈ ਹੈ। ਲੇਕਿਨ ਕਵਿਤਾ ਜੀ! ਇਹੋ ਜਿਹੇ ਆਤਮਾਵਾਂ ਦੇ ਮਿਲਨ ਨੂੰ ਸਾਡਾ ਸਮਾਜ ਵਿਆਹ ਨਹੀਂ ਕਹਿੰਦਾ। ਸਾਨੂੰ ਸਮਾਜ ਪਤੀ ਅਤੇ ਪਤਨੀ ਦਾ ਦਰਜਾ ਨਹੀਂ ਦੇ ਸਕਦਾ ਜਦ ਤਕ ਕਿ ਅਸੀਂ ਸਮਾਜ ਦੇ ਸਾਹਮਣੇ ਇਕ ਦੂਜੇ ਨੂੰ ਧਾਰਮਿਕ ਬੰਧਨਾਂ ਦੀ ਜ਼ੰਜੀਰ ਵਿਚ ਜਕੜ ਨਹੀਂ ਲੈਂਦੇ। ਲੋਕ ਕਹਿੰਦੇ ਹਨ ਸੱਚੇ ਪਿਆਰ ਵਿਚ ਵਾਸ਼ਨਾ ਦਾ ਪ੍ਰਵੇਸ਼ ਹੋ ਜਾਏ ਤਾਂ ਪਵਿਤਰਤਾ ਨਹੀਂ ਰਹਿੰਦੀ ਪਰ ਮੈਂ ਇਸ ਨੂੰ ਗਲਤ ਸਮਝਦਾ ਹਾਂ। ਵਾਸ਼ਨਾ ਪ੍ਰੇਮੀਆਂ ਦੇ ਪਿਆਰ ਨੂੰ ਹੋਰ ਵੀ ਮਜ਼ਬੂਤ ਕਰਦੀ ਹੈ ਕਿਉਂਕਿ ਆਤਮਾ ਦੇ ਨਾਲ-ਨਾਲ ਸਰੀਰ ਵੀ ਇਕ ਹੋ ਜਾਂਦੇ ਹਨ। ਕਵਿਤਾ ਜੀ! ਮੈਂ ਛੇਤੀ ਹੀ ਸਾਰੇ ਸਮਾਜ ਦੇ ਸਾਹਮਣੇ ਤੁਹਾਨੂੰ ਆਪਣੀ ਅਰਧਾਂਗਨੀ ਬਣਾ ਕੇ ਇਕ ਸਵਰਗ ਵਰਗਾ ਜੀਵਨ ਗੁਜ਼ਾਰਾਂਗਾ। ਜਿਹੜੀਆਂ ਗੱਲਾਂ ਮੈਨੂੰ ਕੇਵਲ ਇਕ ਵਿਚਾਰ ਲਗਦੀਆਂ ਸਨ

ਉਹ ਹੁਣ ਸੱਚ ਦਿਸਣ ਲੱਗ ਪਈਆਂ ਹਨ। ਇਕ ਲੇਖਕ ਹੋਣ ਦੇ ਨਾਤੇ ਮੈਂ ਸਿਰਫ ਕਲਪਨਾ ਕਰਦਾ ਹੁੰਦਾ ਸਾਂ ਪਰ ਹੁਣ ਉਹ ਕਲਪਨਾਵਾਂ ਵੀ ਹਕੀਕਤ ਜਾਪਦੀਆਂ ਹਨ। ਤੁਸੀਂ ਸ਼ਾਦੀ ਦੀ ਤਿਆਰੀ ਕਰੋ ਤੇ ਸ਼ਾਦੀ ਜਨਵਰੀ ਵਿਚ ਹੋ ਜਾਣੀ ਚਾਹੀਦੀ ਹੈ ਪਰ ਤੁਸੀਂ ਤਿਆਰੀ ਵੀ ਕੀ ਕਰਨੀ ਹੈ? ਕੋਈ ਤਿਆਰੀ ਨਹੀਂ ਕਰਨੀ। ਅਸੀਂ ਕਿਹੜਾ ਲੋਕਾਂ ਵਾਂਗ ਇਕ ਵੱਡੀ ਬਰਾਤ ਲੈ ਕੇ ਆਉਣੀ ਹੈ। ਹਜ਼ਾਰਾਂ ਦਾ ਦਾਜ ਤਿਆਰ ਕਰਨਾ ਹੈ। ਸਾਡੀ ਸ਼ਾਦੀ ਬੜੀ ਸਧਾਰਣ ਹੋਣੀ ਚਾਹੀਦੀ ਹੈ। ਮੈਂ ਇਕ ਸਮਾਜਿਕ ਲੇਖਕ ਹਾਂ। ਅਗਰ ਮੇਰੇ ਵਿਚ ਹੀ ਤਰੁੱਟੀਆਂ ਹੋਣ ਤਾਂ ਮੈਂ ਸਮਾਜ-ਸੁਧਾਰ ਕੀ ਕਰ ਸਕਾਂਗਾ? ਸਾਡੇ ਦੇਸ਼ ਵਿਚ ਦਾਜ ਆਦਿ ਦਾ ਜਿਹੜਾ ਰਿਵਾਜ ਚਲ ਰਿਹਾ ਹੈ ਉਸ ਨੂੰ ਖਤਮ ਕਰਨ ਲਈ ਮੈਂ ਤਾਂ ਕਈ ਲੇਖ ਲਿਖੇ ਹਨ। ਇਸ ਲਈ ਕਵਿਤਾ ਜੀ! ਇਹ ਖਿਆਲ ਰੱਖਣਾ ਕਿ ਕਿਸੇ ਕਿਸਮ ਦਾ ਦਾਜ ਨਹੀਂ ਬਨਾਉਣਾ, ਨਹੀਂ ਤਾਂ ਮੇਰੇ ਪਾਠਕਾਂ ਨੂੰ ਬਹੁਤ ਦੁਖ ਹੋਏਗਾ। ਮੇਰੇ ਵਿਆਹ ਨੂੰ ਵੇਖ ਕੇ ਲੋਕ ਇਹ ਕਹਿਣ ਕਿ ਸੰਗੀਤ ਨੇ ਬਹੁਤ ਹੀ ਸਧਾਰਣ ਵਿਆਹ ਕੀਤਾ ਹੈ। ਠੀਕ ਹੈ ਨਾ? ਬਾਕੀ ਮਾਤਾ ਜੀ ਅਤੇ ਪਿਤਾ ਜੀ ਨੂੰ ਪ੍ਰਣਾਮ!

ਕੇਵਲ ਤੁਹਾਡਾ

-ਸੰਗੀਤ

◆

ਕਲਕੱਤਾ ਦੋ

ਬਹੁਤ ਹੀ ਪਿਆਰੇ ਸੰਗੀਤ ਜੀ!

ਪਿਆਰ ਹੀ ਪਿਆਰ! ਤੁਹਾਡਾ ਖਤ ਮਿਲਿਆ। ਮੈਂ ਬਹੁਤ ਹੀ ਉਤਾਵਲੀ ਸਾਂ ਅਤੇ ਤੁਹਾਡੀ ਸਿਹਤ ਦੀ ਬਹੁਤ ਚਿੰਤਾ ਸੀ ਪਰੰਤੂ ਆਪਣੀ ਸਿਹਤ ਬਾਰੇ ਤੁਸੀਂ ਕੁਝ ਨਹੀਂ ਲਿਖਿਆ ਕੀ ਕਾਰਨ ਹੈ? ਹਰ ਖ਼ਤ ਵਿਚ ਆਪਣੀ ਸਿਹਤ ਦਾ ਹਾਲ ਜ਼ਰੂਰ ਲਿਖਿਆ ਕਰੋ। ਖ਼ਤ ਪੜ੍ਹ ਕੇ ਕਸੋਲੀ ਵਿਚ ਗੁਜ਼ਾਰੇ ਹਰ ਦਿਨ ਦੀ ਯਾਦ ਆ ਗਈ।

ਸੰਗੀਤ ਜੀ! ਇਥੇ ਪਹੁੰਚੇ ਮੈਨੂੰ ਪੰਜ ਦਿਨ ਹੋ ਗਏ ਹਨ। ਇੰਜ ਜਾਪਦਾ ਹੈ ਜਿਵੇਂ ਤੁਹਾਡੇ ਕੋਲੋਂ ਜੁਦਾ ਹੋਇਆਂ ਇਕ ਸਦੀ ਬੀਤ ਗਈ ਹੈ। ਕਲਕੱਤੇ ਦੀ ਹਰ ਥਾਂ ਉਜਾੜ ਅਤੇ ਬੀਆਬਾਨ ਲਗਦੀ ਹੈ, ਘਰ ਦੀਆਂ ਕੰਧਾਂ ਖਾਣ ਨੂੰ ਆਉਂਦੀਆਂ ਹਨ। ਸਭ ਦੇ ਹੁੰਦੇ ਹੋਏ ਵੀ ਲਗਦਾ ਹੈ ਕਿ ਮੈਂ ਇਕੱਲੀ ਹਾਂ। ਕਾਲਜ ਵਿਚ ਵੀ ਮਨ ਨਹੀਂ ਲਗਦਾ। ਜਾਂਦੀ ਵਾਰੀ ਇਤਨੀ ਖੁਸ਼ੀ ਸੀ। ਗੱਡੀ ਵਿਚ ਬੈਠੇ ਹੋਏ ਮਨ ਘੜੀ-ਮੁੜੀ ਮਚਲਦਾ ਸੀ, ਹਰ ਤਮੰਨਾ ਅੰਗੜਾਈ ਲੈਂਦੀ ਸੀ। ਮੈਂ ਇਹੋ ਹੀ ਸੋਚਦੀ ਸਾਂ

ਕਿ ਕਦੋਂ ਤੁਹਾਡੇ ਕੋਲ ਪਹੁੰਚਾਂਗੀ ਪਰੰਤੂ ਵਾਪਸ ਆਉਣ ਵੇਲੇ ਉਹੋ ਹੀ ਸਫ਼ਰ ਮੈਨੂੰ ਬਹੁਤ ਬੋਰ ਮਹਿਸੂਸ ਹੋਇਆ। ਹਰ ਇਕ ਯਾਤਰੀ ਮੈਨੂੰ ਬੁਰਾ ਲਗਦਾ ਸੀ ਤੇ ਮਚਲੇ ਹੋਏ ਮਨ ਦੀ ਹਰ ਇਕ ਤਮੰਨਾ ਸ਼ਾਂਤ ਹੋ ਗਈ ਸੀ। ਸਾਹ ਘੁੱਟਦਾ ਜਾਂਦਾ ਸੀ। ਸੰਗੀਤ ਜੀ! ਮੈਂ ਕਿੰਨਾ ਹੀ ਰੋਈ ਹਾਂ ਕਹਿ ਨਹੀਂ ਸਕਦੀ। ਮੈਂ ਆਪਣਾ ਸਭ ਕੁਝ ਤੁਹਾਡੇ ਕੋਲ ਛੱਡ ਆਈ ਹਾਂ। ਆਪਣੇ ਮਨ ਨੂੰ ਤੁਹਾਡੇ ਚਰਨਾਂ 'ਤੇ ਅਰਪਣ ਕਰ ਆਈ ਹਾਂ। ਜਦੋਂ ਮਨ ਹੀ ਕੋਲ ਨਾ ਹੋਵੇ ਤਾਂ ਮਨੁੱਖ ਕੀ ਕਰ ਸਕਦਾ ਹੈ? ਜਦੋਂ ਮਨ ਹੀ ਤੁਸਾਂ ਨੇ ਜਿੱਤ ਲਿਆ ਤਾਂ ਮੇਰੇ ਕੋਲ ਕੀ ਰਹਿ ਗਿਆ? ਚੰਨ ਜੀ! ਮੇਰਾ ਹੁਣ ਦਿਲ ਇਥੇ ਨਹੀਂ ਲਗੇਗਾ। ਮੈਨੂੰ ਛੇਤੀ ਹੀ ਆਪਣੇ ਚਰਨਾਂ ਵਿਚ ਲੈ ਜਾਉ।

ਸੰਗੀਤ ਜੀ! ਖ਼ਤ ਵਿਚ ਤੁਸਾਂ ਪਿਆਰ ਦੇ ਪਾਗਲਪਨ ਦਾ ਇਜ਼ਹਾਰ ਕੀਤਾ ਹੈ। ਚੰਨ ਜੀ! ਜਿਥੇ ਮਨ ਸਾਫ਼ ਹੋਣ, ਕੋਈ ਖੁਦਗਰਜ਼ੀ ਨਾ ਹੋਏ ਉਥੇ ਹਰ ਇਕ ਕਾਰਜ ਪਵਿਤਰ ਹੁੰਦਾ ਹੈ। ਤੁਸੀਂ ਪ੍ਰਮਾਤਮਾ ਦੇ ਸਾਹਮਣੇ ਮੈਨੂੰ ਪਤਨੀ ਸਵੀਕਾਰ ਕਰ ਚੁੱਕੇ ਹੋ ਫਿਰ ਕਿਸ ਚੀਜ਼ ਦਾ ਡਰ ਹੈ? ਵੈਸੇ ਸਮਾਜਿਕ ਤੌਰ 'ਤੇ ਸਾਨੂੰ ਛੇਤੀ ਹੀ ਵਿਆਹ ਕਰ ਲੈਣਾ ਚਾਹੀਦਾ ਹੈ। ਪਿਤਾ ਜੀ ਨੂੰ ਮੈਂ ਸਭ ਕੁਝ ਦੱਸ ਦਿਤਾ ਹੈ। ਤੁਹਾਡੇ ਚਰਿੱਤਰ ਨੂੰ ਉਹ ਬਹੁਤ ਉਚਾ ਅਤੇ ਸੁੱਚਾ ਮੰਨਦੇ ਹਨ।

ਸੰਗੀਤ ਜੀ! ਉਸ ਸਹਿਮੀ ਹੋਈ ਪਹਿਲੀ ਰਾਤ ਦੇ ਸਾਗਰ ਵਿਚ ਕਿੰਨੇ ਹੀ ਅਰਮਾਨ ਡੁੱਬ ਕੇ ਖਤਮ ਹੋ ਗਏ ਸਨ ਪਰ ਦੂਸਰੀ ਸਵੇਰ ਨੂੰ ਕਿਸ ਤਰ੍ਹਾਂ ਉਹ ਡੁੱਬੇ ਹੋਏ ਅਰਮਾਨ ਪਿਆਰ ਦੇ ਤੂਫਾਨ ਨਾਲ ਸਾਗਰ ਦੀਆਂ ਲਹਿਰਾਂ ਵਿਚੋਂ, ਨਿਕਲ ਆਏ ਅਤੇ ਤੁਹਾਡੇ ਪਹਿਲੂ ਵਿਚ ਆ ਕੇ ਇਛਾਵਾਂ ਦੀ ਮੰਜ਼ਿਲ ਤਕ ਪਹੁੰਚ ਗਏ। ਹੋਸ਼ ਆਉਣ 'ਤੇ ਮੈਂ ਹੈਰਾਨ ਸਾਂ ਕਿ ਕਿਸ ਤਰ੍ਹਾਂ ਆਪਣੇ ਹੋਸ਼ ਗਵਾ ਬੈਠੀ ਸਾਂ ਪਰ ਇਹ ਸੋਚ ਕੇ ਸੰਤੋਖ ਹੋ ਗਿਆ ਕਿ ਮੈਂ ਪੈਦਾ ਹੀ ਕੇਵਲ ਤੁਹਾਡੇ ਲਈ ਹੋਈ ਹਾਂ।

ਤੁਹਾਡੇ ਪੱਤਰ ਨੇ ਕਸੌਲੀ ਦੇ ਹਰ ਇਕ ਦਿਨ ਦੀ ਯਾਦ ਤਾਜ਼ਾ ਕਰ ਦਿੱਤੀ ਹੈ। ਬਰਫਾਂ ਦੀਆਂ ਢੱਕੀਆਂ ਹੋਈਆਂ ਚੋਟੀਆਂ ਕਿਵੇਂ ਪਿਆਰ ਦਾ ਸੰਦੇਸ਼ ਦਿੰਦੀਆਂ ਸਨ। ਸ਼ਾਮ ਨੂੰ ਢਲਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਕਿਵੇਂ ਆਪਣੇ ਰੰਗ ਵਿਚ ਰੰਗ ਲੈਂਦੀਆਂ ਸਨ? ਉਸ ਸ਼ਾਮ ਜਦੋਂ ਦੁਰਗਾ ਮੰਦਿਰ ਤੋਂ ਇਕ ਦੂਸਰੇ ਨੂੰ ਆਪਣਾ ਸਾਥੀ ਸਵੀਕਾਰ ਕਰ ਕੇ ਆ ਰਹੇ ਸਾਂ ਤਾਂ ਰਸਤੇ ਵਿਚ ਭੇਡਾਂ ਦਾ ਇਕ ਇੱਜੜ ਵੇਖਿਆ ਸੀ। ਦਿਨ ਦੀਆਂ ਥੱਕੀਆਂ ਹੋਈਆਂ ਭੇਡਾਂ ਜਿਹੜੀਆਂ ਜੰਗਲ ਵਿਚੋਂ ਚਰ ਕੇ ਆਈਆਂ ਸਨ ਘਰ ਪਹੁੰਣ ਲਈ ਕਿੰਨੀਆਂ ਉਤਾਵਲੀਆਂ ਸਨ। ਤਰ੍ਹਾਂ ਤਰ੍ਹਾਂ ਦੀਆਂ ਅਵਾਜ਼ਾਂ ਅਤੇ ਚੀਕਾਂ ਕੱਢਦੀਆਂ ਹੋਈਆਂ ਨੱਚਦੀਆਂ ਅਤੇ ਛਾਲਾਂ ਮਾਰਦੀਆਂ ਉਹ ਘਰਾਂ ਨੂੰ ਵਧ ਰਹੀਆਂ ਸਨ। ਕਿੰਨਾ ਪਿਆਰਾ ਦ੍ਰਿਸ਼ ਸੀ? ਅਸੀਂ ਉਥੇ ਹੀ ਖੜੇ ਹੋ ਕੇ ਵੇਖਦੇ ਰਹੇ। ਕਿੰਨੀ ਹੀ ਧੂੜ ਉਨ੍ਹਾਂ ਦੇ ਪਿਛੇ ਉਡ ਕੇ ਇਹ ਦੱਸ ਰਹੀ ਸੀ ਕਿ ਇੱਜੜ ਜਾ ਰਿਹਾ ਹੈ। ਉਹਨਾਂ ਵਿਚੋਂ ਇਕ ਆਜੜੀ ਬੰਸਰੀ ਦੀ ਸੁਰ 'ਤੇ ਕਿਵੇਂ ਇਕ ਮਸਤ ਗੀਤ ਦੀ ਧੁਨ ਵਜਾ ਰਿਹਾ ਸੀ। ਉਸ ਬੰਸਰੀ ਦੀ ਮਿਠਾਸ ਨੂੰ ਤਾਂ ਸੁਣ

ਕੇ ਹੀ ਮੇਰੇ ਖਿਆਲ ਵਿਚ ਸਾਰੀਆਂ ਭੇਡਾਂ ਰੱਜ ਜਾਂਦੀਆਂ ਹੋਣਗੀਆਂ। ਬੰਸਰੀ ਦੀ ਸੁਰ 'ਤੇ ਨੱਚ ਉਠਦੀਆਂ ਹੋਣਗੀਆ। ਚੰਨ ਜੀ! ਸੰਗੀਤ ਵਿਚ ਕਿੰਨਾ ਹੀ ਜਾਦੂ ਹੈ ਇਹੋ ਹੀ ਕਾਰਨ ਹੈ ਕਿ ਤੁਸੀਂ ਵੀ ਜਾਦੂਗਰ ਹੋ। ਹੈ ਨਾ?

ਸੰਗੀਤ ਜੀ! ਕਦੀ-ਕਦੀ ਮੈਂ ਤੁਹਾਡੇ ਬਾਰੇ ਸੋਚ ਕੇ ਕਾਫੀ ਗੰਭੀਰ ਹੋ ਜਾਂਦੀ ਹਾਂ। ਤੁਸੀਂ ਤਾਂ ਕਦੀ-ਕਦੀ ਇਕ ਦਮ ਹੀ ਗੰਭਰਿ ਹੋ ਜਾਂਦੇ ਹੋ। ਕੀ ਕਾਰਨ ਹੈ? ਮੈਂ ਕਿੰਨੀ ਵਾਰੀ ਹੀ ਤੁਹਾਨੂੰ ਪੁੱਛਿਆ ਪਰ ਤੁਸੀਂ ਕਦੀ ਨਹੀਂ ਦੱਸਿਆ। ਉਸ ਦਿਨ ਯਾਦ ਹੈ ਜਦੋਂ ਅਸੀਂ ਕਸੋਲੀ ਤੋਂ ਕਾਲਕਾ ਗਏ ਸੀ? ਨਹਿਰ ਦੇ ਕਿਨਾਰੇ ਬੈਠ ਕੇ ਤੁਸੀਂ ਆਪਣੀ ਨਵੀਂ ਜ਼ਿੰਦਗੀ ਦੇ ਬਾਰੇ ਕੁਝ ਕਹਿ ਰਹੇ ਸੀ। ਕੀ ਕਹਿ ਰਹੇ ਸੀ? ਹਾਂ ਤੁਸੀਂ ਕਹਿ ਰਹੇ ਸੀ ਕਿ ਅਸੀਂ ਸ਼ਿਮਲੇ ਜਾ ਕੇ ਵੱਸਾਂਗੇ। ਉਥੇ ਹੀ ਇਕ ਛੋਟਾ ਜਿਹਾ ਬੰਗਲਾ ਬਣਾਵਾਂਗੇ ਜਿਸ ਦਾ ਨਾਂ ਮਧੂਕੁੰਜ ਰੱਖਾਂਗੇ। ਮੈਂ ਪੁੱਛਿਆ ਸੀ ਕਿ ਮਧੂਕੁੰਜ ਕਿਉਂ ਰਖਾਂਗੇ? ਤੇ ਤੁਸੀਂ ਕਿਹਾ ਸੀ ਕਿਉਂਕਿ ਮਧੂ ਨਾਂ ਤੁਹਾਨੂੰ ਬਹੁਤ ਚੰਗਾ ਲਗਦਾ ਹੈ। ਫਿਰ ਤੁਸੀਂ ਇਕ ਲੰਬਾ ਸਾਹ ਲੈ ਕੇ ਨਹਿਰ ਦੇ ਪਾਣੀ ਦੀਆਂ ਤਰੰਗਾਂ ਵਿਚ ਗੁੰਮ ਹੋ ਗਏ। ਕਿਸੇ ਬੀਤੀ ਘਟਨਾ ਦੇ ਭੰਵਰ ਵਾਂਗ ਮੰਡਰਾਉਣ ਲਗ ਗਏ। ਉਸ ਤੋਂ ਬਾਦ ਮਨ ਸਾਰਾ ਦਿਨ ਉਚਾਟ ਰਿਹਾ। ਤੁਸੀਂ ਆਪਣੇ ਆਪ ਨੂੰ ਬਿਲਕੁਲ ਹੀ ਕਾਬੂ ਨਾ ਕਰ ਸਕੇ। ਮੈਂ ਤੁਹਾਡੀ ਉਦਾਸੀ ਦਾ ਕਾਰਨ ਕਿੰਨੀ ਵਾਰੀ ਪੁੱਛਿਆ ਪਰ ਤੁਸੀਂ ਨਹੀਂ ਦੱਸਿਆ। ਅਸੀਂ ਜਿਸ ਇਛਾ ਅਤੇ ਚਾਅ ਨਾਲ ਕਾਲਕਾ ਗਏ ਸੀ ਉਹ ਇਛਾ ਵੀ ਪੂਰੀ ਨਾ ਹੋਈ ਤੇ ਛੇਤੀ ਹੀ ਵਾਪਸ ਆਉਣਾ ਪਿਆ। ਸੰਗੀਤ ਜੀ! ਤੁਸੀਂ ਕਿਸੇ ਗੱਲ ਨੂੰ ਛੁਪਾਉਂਦੇ ਰਹੇ। ਮੈਂ ਤੁਹਾਨੂੰ ਕਿੰਨੀ ਵਾਰੀ ਕਿਹਾ ਹੈ ਕਿ ਆਪਣੇ ਵਿਚ ਤੇ ਮੇਰੇ ਵਿਚ ਕੋਈ ਭੇਦ ਭਾਵ ਨਾ ਸਮਝਿਆ ਕਰੋ। ਮੇਰਾ ਤਨ ਮਨ ਤੁਹਾਡਾ ਹੈ। ਤੁਹਾਡਾ ਦੁੱਖ ਮੇਰਾ ਦੁੱਖ ਹੈ, ਤੁਹਾਡਾ ਸੁੱਖ ਮੇਰਾ ਸੁੱਖ ਹੈ। ਫਿਰ ਤੁਸੀਂ ਕਦੀ-ਕਦੀ ਝਿਜਕ ਕਿਉਂ ਜਾਂਦੇ ਹੋ? ਗੱਲ ਕਰਦੇ ਹੋਏ ਰੁਕ ਕਿਉਂ ਜਾਂਦੇ ਹੋ?

ਚੰਨ ਜੀ! ਤੁਹਾਡੇ ਨਾਲ ਰਹਿਣ ਤੇ ਪਤਾ ਲੱਗਾ ਹੈ ਕਿ ਤੁਸੀਂ ਵੀਨਾ ਦੀ ਯਾਦ ਨੂੰ ਪੂਰੀ ਤਰ੍ਹਾਂ ਦਿਲ ਵਿਚੋਂ ਨਹੀਂ ਕੱਢ ਸਕੇ। ਜਦੋਂ ਕਦੀ ਉਸ ਨੂੰ ਯਾਦ ਕਰਦੇ ਹੋ ਤਾਂ ਤੜਪ ਉਠਦੇ ਹੋ। ਹਰ ਇਕ ਨਾਲ ਨਫਰਤ ਕਰਨ ਲੱਗ ਪੈਂਦੇ ਹੋ। ਕਿਸੇ ਨਾਲ ਬੋਲਦੇ ਵੀ ਨਹੀਂ। ਆਪਣੇ ਆਪ ਨੂੰ ਕਮਰੇ ਦੀ ਚਾਰ-ਦੀਵਾਰੀ ਵਿਚ ਬੰਦ ਕਰ ਕੇ ਸਾਰਾ ਦਿਨ ਯਾਦਾਂ ਦੇ ਨਾਲ ਲੜਦੇ ਰਹਿੰਦੇ ਹੋ। ਉਸ ਰਾਤ ਵੀਨਾ-ਵੀਨਾ ਪੁਕਾਰਦੇ ਰਹਿੰਦੇ ਹੋ। ਤੁਹਾਡਾ ਇਹ ਪਾਗਲਪਨ ਮੈਨੂੰ ਬਿਲਕੁਲ ਚੰਗਾ ਨਹੀਂ ਲਗਦਾ। ਯਾਦਾਂ ਤਾਂ ਇਨਸਾਨ ਨੂੰ ਖੋਖਲਾ ਕਰ ਦਿੰਦੀਆਂ ਹਨ। ਤਬਾਹ ਅਤੇ ਬਰਬਾਦ ਕਰ ਦਿੰਦੀਆਂ ਹਨ। ਵੀਨਾ, ਵੀਨਾ, ਵੀਨਾ! ਵੀਨਾ ਨਾ ਹੋ ਗਈ ਤੁਹਾਡੀ ਜਾਨ ਹੀ ਹੋ ਗਈ। ਕੀ ਤੁਸੀਂ ਉਸ ਨੂੰ ਭੁੱਲ ਨਹੀਂ ਸਕਦੇ। ਉਸ ਦੀ ਯਾਦ ਨੂੰ ਦਿਲ ਵਿਚੋਂ ਕੱਢ ਨਹੀਂ ਸਕਦੇ? ਮੈਂ ਤੁਹਾਡੇ ਨਾਲ ਕਿੰਨਾ ਪਿਆਰ ਕਰਦੀ ਹਾਂ? ਦੁਨੀਆ ਦੀ ਹਰ ਇਕ ਖੁਸ਼ੀ ਨੂੰ ਤੁਹਾਡੇ ਲਈ ਠੋਕਰ ਮਾਰਨ ਨੂੰ ਤਿਆਰ ਹਾਂ। ਕੀ ਤੁਸੀਂ ਵੀਨਾ ਨੂੰ ਦਿਲ ਵਿਚੋਂ ਕੱਢ

ਕੇ ਮੈਨੂੰ ਨਹੀਂ ਵਸਾ ਸਕਦੇ। ਤੁਹਾਡੀਆਂ ਇਹੋ ਜਿਹੀਆਂ ਹਰਕਤਾਂ ਵੇਖ ਕੇ ਮੈਨੂੰ ਡਰ ਲਗਦਾ ਹੈ। ਜਿਸ ਖੁਸ਼ਹਾਲ ਭਵਿੱਖ ਦਾ ਸੁਪਨਾ ਵੇਖਦੀ ਹਾਂ ਉਹ ਸੁਪਨਾ ਗਮਗੀਨ ਲਗਣ ਲਗਦਾ ਹੈ। ਜੇਕਰ ਇੰਜ ਹੀ ਕਰਦੇ ਰਹੇ ਤਾਂ ਮੈਂ ਖੁਸ਼ ਕਿਸ ਤਰ੍ਹਾਂ ਰਹਿ ਸਕਾਂਗੀ ਤੇ ਤੁਹਾਨੂੰ ਕਿਵੇਂ ਖੁਸ਼ ਰਖਾਂਗੀ? ਬਾਕੀ ਸਭ ਠੀਕ ਹੈ। ਮੈਂ ਹੋਰ ਕੁਝ ਨਾ ਲਿਖਦੀ ਹੋਈ ਪੱਤਰ ਨੂੰ ਬੰਦ ਕਰਦੀ ਹਾਂ।

ਆਪ ਜੀ ਦੀ

◆ **–ਕਵਿਤਾ**

ਕਸੌਲੀ ਤਿੰਨ

ਪਿਆਰੀ ਕਵਿਤਾ!

ਦਿਲ ਭਰ ਕੇ ਪਿਆਰ ਪਹੁੰਚੇ। ਤੁਹਾਡਾ ਪਿਆਰ ਅਤੇ ਅਧਿਕਾਰ ਭਰਿਆ ਪੱਤਰ ਪ੍ਰਾਪਤ ਹੋਇਆ। ਪੜ੍ਹ ਕੇ ਸਭ ਹਾਲ ਦਾ ਪਤਾ ਲਗਿਆ। ਪਿਛਲੀਆਂ ਯਾਦਾਂ ਦੀਆਂ ਕੁਝ ਝਲਕੀਆਂ ਤੁਸੀਂ ਆਪਣੇ ਖ਼ਤ ਵਿਚ ਪੇਸ਼ ਕੀਤੀਆਂ ਹਨ ਤੇ ਲਿਖਿਆ ਹੈ ਕਿ ਤੁਸੀਂ ਕਾਫੀ ਇਕੱਲਾਪਨ ਅਨੁਭਵ ਕਰ ਰਹੇ ਹੋ। ਕਾਰਨ ਇਹੋ ਹੀ ਹੈ ਕਿ ਜਦੋਂ ਕੋਈ ਔਰਤ ਸਾਜਨ ਦੇ ਰੰਗ ਵਿਚ ਇਕ ਵਾਰੀ ਰੰਗੀ ਜਾਂਦੀ ਹੈ ਤਾਂ ਉਹ ਸਦਾ ਹੀ ਸਾਜਨ ਨਾਲ ਰਹਿਣਾ ਚਾਹੁੰਦੀ ਹੈ। ਉਸ ਨੂੰ ਹਰ ਇਕ ਚੀਜ਼ ਬੇਸਵਾਦ ਲਗਦੀ ਹੈ। ਖ਼ੈਰ ਕੋਈ ਗੱਲ ਨਹੀਂ। ਥੋੜੇ ਦਿਨਾਂ ਦਾ ਸਵਾਲ ਹੈ ਆਪਣੇ ਮਨ ਨੂੰ ਕਿਸੇ ਤਰ੍ਹਾਂ ਲਗਾਈ ਰੱਖੋ। ਅਸੀਂ ਬੜੀ ਛੇਤੀ ਹੀ ਇਕ ਹੋ ਜਾਵਾਂਗੇ। ਫਿਰ ਕਦੀ ਕੋਈ ਸਾਨੂੰ ਵਿਛੋੜ ਨਹੀਂ ਸਕੇਗਾ। ਸਾਡਾ ਪਿਆਰ ਜਿਹੜਾ ਕਿ ਕਈ ਜਨਮਾਂ ਤੋਂ ਭਟਕ ਰਿਹਾ ਹੈ ਇਸ ਜਨਮ ਵਿਚ ਅਮਰ ਹੋ ਜਾਏਗਾ।

ਕਵਿਤਾ ਜੀ! ਤੁਸੀਂ ਆਪਣੇ ਖ਼ਤ ਦੇ ਅਖੀਰ ਵਿਚ ਕਾਫੀ ਗੁੱਸਾ ਪ੍ਰਗਟ ਕੀਤਾ ਹੈ ਕਿਉਂਕਿ ਮੈਨੂੰ ਵੀਨਾ ਦੀ ਜ਼ਾਲਮ ਯਾਦ ਕਦੀ-ਕਦੀ ਤੜਫਾਉਣ ਲਗ ਪੈਂਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੋਈ ਵੀ ਔਰਤ ਨਹੀਂ ਚਾਹੁੰਦੀ ਕਿ ਉਸ ਦਾ ਪ੍ਰੇਮੀ ਜਾਂ ਪਤੀ ਕਿਸੇ ਦੂਸਰੀ ਔਰਤ ਦੀਆਂ ਯਾਦਾਂ ਨੂੰ ਜੀਣ ਦਾ ਸਹਾਰਾ ਸਮਝੇ। ਮੈਂ ਖੁਦ ਵੀ ਚਾਹੁੰਦਾ ਹਾਂ ਕਿ ਵੀਨਾ ਨੂੰ ਬਿਲਕੁਲ ਹੀ ਭੁੱਲ ਜਾਵਾਂ। ਮੇਰੇ ਦਿਲ ਦੀਆਂ ਕੰਧਾਂ ਤੋਂ ਉਸ ਦੀ ਜਿਹੜੀ ਤਸਵੀਰ ਲਟਕ ਰਹੀ ਹੈ ਉਸ ਨੂੰ ਤੋੜ ਕੇ ਬਾਹਰ ਸੁੱਟ ਦਿਆਂ। ਕਿਸੇ ਹਦ ਤਕ ਮੈਂ ਉਸ ਨੂੰ ਭੁੱਲਣ ਵਿਚ ਕਾਮਯਾਬ ਹੋ ਗਿਆ ਹਾਂ ਪਰ ਉਸ ਤਸਵੀਰ ਨੂੰ ਤੋੜ ਕੇ ਨਹੀਂ ਸੁੱਟ ਸਕਿਆ। ਜਦੋਂ ਵੀ ਉਸ ਤਸਵੀਰ 'ਤੇ ਝਾਤੀ ਪੈਂਦੀ ਹੈ ਤਾਂ ਯਾਦਾਂ ਫਿਰ ਤਾਜ਼ੀਆਂ ਹੋ ਜਾਂਦੀਆਂ ਹਨ। ਮੈਂ ਤੜਫ ਉਠਦਾ ਹਾਂ। ਯਾਦਾਂ ਤੋਂ ਕਦੀ ਛੁਟਕਾਰਾ ਨਹੀਂ ਮਿਲਦਾ ਕਵਿਤਾ! ਚਾਹੇ ਮਨੁੱਖ ਕਿੰਨਾ ਵੀ ਸੁਖੀ ਨਾ ਹੋ ਜਾਏ। ਹਰ ਇਕ ਯਾਦ ਦੇ ਉਬਲਦੇ ਲਾਵੇ ਨੂੰ ਦਬਾਉਣ ਦੀ ਕੋਸ਼ਿਸ਼ ਕਰਦਾ ਹੈ।

ਕੋਈ ਵੀ ਆਪਣੇ ਦਿਲ 'ਤੇ ਹੱਥ ਰੱਖ ਕੇ ਨਹੀਂ ਕਹਿ ਸਕਦਾ ਹੈ ਕਿ ਉਹ ਬੀਤੇ ਜੀਵਨ ਨੂੰ ਭੁੱਲ ਬੈਠਾ ਹੈ। ਬੀਤਿਆ ਹੋਇਆ ਹਰ ਦਿਨ ਭਵਿੱਖ ਲਈ ਇਕ ਯਾਦ ਛੱਡ ਜਾਂਦਾ ਹੈ। *If one is frank enough to admit, then the base of every one's future is his past* ਜੇਕਰ ਕੋਈ ਕਹੇ ਕਿ ਉਹ ਪੁਰਾਣੀਆਂ ਯਾਦਾਂ ਨੂੰ ਭੁਲ ਬੈਠਾ ਹੈ ਤਾਂ ਉਹ ਇਕ ਫਰੇਬ ਹੋਏਗਾ, ਇਕ ਝੂਠ ਹੋਏਗਾ। ਯਾਦਾਂ ਦੱਬੀਆਂ ਰਹਿੰਦੀਆਂ ਹਨ ਜੇਕਰ ਕੋਈ ਉਹਨਾਂ ਨੂੰ ਫੋਲਣ ਦੀ ਕੋਸ਼ਿਸ਼ ਨਾ ਕਰੇ। ਯਾਦਾਂ ਮਿਟਦੀਆਂ ਨਹੀਂ ਮਿਟਾ ਦਿੰਦੀਆਂ ਹਨ। ਇਹਨਾਂ ਦਾ ਰਿਸ਼ਤਾ ਮਨੁੱਖ ਦੀ ਆਤਮਾ ਨਾਲ ਹੁੰਦਾ ਹੈ। ਜਦ ਤਕ ਆਤਮਾ ਦਾ ਰਿਸ਼ਤਾ ਮਨੁੱਖ ਨਾਲ ਹੁੰਦਾ ਹੈ ਤਦ ਤਕ ਇਹ ਮਨੁੱਖ ਦਾ ਪਿਛਾ ਨਹੀਂ ਛਡਦੀਆਂ। ਖੈਰ! ਇਹ ਤਾਂ ਫਜ਼ੂਲ ਗੱਲਾਂ ਹਨ ਪਰ ਜਦੋਂ ਸ਼ਾਦੀ ਹੋ ਜਾਏਗੀ ਤਾਂ ਮੈਂ ਉਸ ਕਮਬਖ਼ਤ ਵੀਨਾ ਦਾ ਕਦੀ ਜ਼ਿਕਰ ਵੀ ਨਹੀਂ ਕਰਾਂਗਾ।

ਕਵਿਤਾ ਜੀ! ਤੁਹਾਡੇ ਸਾਹਮਣੇ ਮੈਂ ਜਿਹੜੀ ਦਰਖਾਸਤ ਨੌਕਰੀ ਲਈ ਭੇਜੀ ਸੀ ਉਸ ਦਾ ਹੁਣੇ ਹੀ ਉਤਰ ਆਇਆ ਹੈ। ਇੰਟਰਵਿਊ ਲਈ ਮੈਨੂੰ ਪਹਿਲੀ ਨਵੰਬਰ ਨੂੰ ਬੁਲਾਇਆ ਹੈ। ਮੈਨੂੰ ਪੂਰੀ ਉਮੀਦ ਹੈ ਕਿ ਮੈਂ ਉਥੇ ਇਤਿਹਾਸ ਵਿਭਾਗ ਵਿਚ 'ਪ੍ਰੋਫ਼ੈਸਰ' ਨਿਯੁਕਤ ਹੋ ਜਾਵਾਂਗਾ। ਮੈਂ ਇਥੋਂ ਥੋੜੇ ਦਿਨਾਂ ਤਕ ਵਾਪਸ ਡਗਸ਼ਈ ਚਲਾ ਜਾਵਾਂਗਾ। ਮੇਰਾ ਨਾਵਲ ਹਾਲੀ ਪੂਰਾ ਨਹੀਂ ਹੋਇਆ। ਤੁਹਾਡੇ ਇਥੇ ਰਹਿਣ ਸਮੇਂ ਤਾਂ ਵਕਤ ਹੀ ਨਹੀਂ ਮਿਲਿਆ ਤੇ ਹੁਣ ਤੁਹਾਡੀਆਂ ਯਾਦਾਂ ਹੀ ਨਹੀਂ ਲਿਖਣ ਦਿੰਦੀਆਂ। ਜਦ ਤਕ ਤੁਹਾਨੂੰ ਕੋਲੋਂ ਨਹੀਂ ਸੀ ਵੇਖਿਆ ਦਿਲ ਵਿਚ ਤੜਫ ਘਟ ਸੀ ਪਰ ਜਦੋਂ ਤੋਂ ਤੁਸੀਂ ਗਏ ਹੋ ਹੁਣ ਤੜਫ ਵਧ ਗਈ ਹੈ। ਦਿਲ ਬਿਲਕੁਲ ਹੀ ਨਹੀਂ ਲਗਦਾ। ਸਵੇਰੇ ਉਠਦੇ ਹੀ ਪ੍ਰਭਾਤ ਦੇ ਨਾਲ ਹੀ ਤੁਹਾਡੀ ਯਾਦ ਆ ਜਾਂਦੀ ਹੈ। ਪ੍ਰਭਾਤ ਵੀ ਗੁੰਮ-ਗੁੰਮ ਲਗਦੀ ਹੈ। ਤੁਹਾਡੀ ਦੁਲਹਨ ਦੇ ਰੂਪ ਵਿਚ ਸੱਜੀ ਹੋਈ ਤਸਵੀਰ ਸਾਹਮਣੇ ਖੜੀ ਨਜ਼ਰ ਆਉਂਦੀ ਹੈ। ਹੱਥ ਵਿਚ ਚਾਹ ਦਾ ਪਿਆਲਾ ਲੈ ਕੇ ਮੇਰੇ ਖਿਆਲਾਂ ਦੇ ਪਰਦੇ ਪਿਛੇ ਉਹ ਲੁਕ ਜਾਂਦੀ ਹੈ ਪਲ ਵਿਚ, ਇਕ ਭਿੰਨੀ ਜਿਹੀ ਯਾਦ ਦੀ ਮੁਸਕਰਾਹਟ ਮੇਰੇ ਬੁੱਲ੍ਹਾਂ 'ਤੇ ਖਿਲਾਰ ਜਾਂਦੀ ਹੈ। ਫਿਰ ਮੈਂ ਆਪ ਉਠ ਕੇ ਚਾਹ ਬਣਾਉਂਦਾ ਹਾਂ ਅਤੇ ਚਾਹ ਬਣਾਉਂਦਿਆਂ ਹੋਇਆਂ ਇਹੋ ਹੀ ਸੋਚਦਾ ਹਾਂ ਕਿ ਕਦੋਂ ਕਵਿਤਾ ਸੰਗੀਤ ਵਿਚ ਮਿਲ ਕੇ ਇਕ ਮਿੱਠਾ ਗੀਤ ਬਣੇਗੀ। ਇੰਜ ਹੀ ਜਿਉਂ-ਜਿਉਂ ਦਿਨ ਬੀਤਦਾ ਜਾਂਦਾ ਹੈ ਤੁਹਾਡੀ ਯਾਦ ਵੀ ਜਵਾਨ ਹੁੰਦੀ ਜਾਂਦੀ ਹੈ। ਇਸ ਯਾਦ ਦੀ ਸਿਖਰ ਸ਼ਾਮ ਨੂੰ ਹੱਦ ਹੀ ਪਾਰ ਕਰ ਜਾਂਦੀ ਹੈ ਜਦੋਂ ਕਿ ਮੈਂ ਬਿਸਤਰੇ ਉਥੇ ਲੇਟ ਜਾਂਦਾ ਹਾਂ। ਤੁਹਾਡੇ ਵਾਲਾਂ ਵਿਚ ਉਂਗਲਾਂ ਫੇਰਨ ਦੇ ਬਦਲੇ ਸਰ੍ਹਾਣੇ ਨੂੰ ਛਾਤੀ 'ਤੇ ਰੱਖ ਕੇ ਸੌਂਦੇ ਹੋਏ ਮਿੱਠੇ ਦਿਨਾਂ ਦੀ ਤੜਫ ਨੂੰ ਦਿਲ ਵਿਚ ਦਬਾ ਕੇ ਸੌਂ ਜਾਂਦਾ ਹਾਂ। ਉਸ ਵਕਤ ਕਿੰਨੇ ਹੀ ਅਰਮਾਨ ਸਹਿਮ ਕੇ ਰਹਿ ਜਾਂਦੇ ਹਨ।

ਕਵਿਤਾ ਜੀ! ਕਲ੍ਹ ਰਾਤ ਨੂੰ ਸੌਣ ਲੱਗਿਆਂ ਇਕ ਘਟਨਾ ਯਾਦ ਕਰ ਕੇ ਮੈਨੂੰ ਬੜੀ ਹੱਸੀ ਆਈ। ਤੁਹਾਡੇ ਜਾਣ ਤੋਂ ਪਹਿਲੇ ਦਿਨ ਯਾਦ ਹੈ ਜਦੋਂ ਅਸੀਂ ਸਾਹਮਣੇ

ਵਾਲੀ ਪਹਾੜੀ 'ਤੇ ਚੜ੍ਹੇ ਸੀ ਤਾਂ ਉਤਰਦੇ ਵੇਲੇ ਮੈਂ ਤੁਹਾਨੂੰ ਜ਼ੋਰ ਨਾਲ ਭਜਾਇਆ ਸੀ। ਤੁਸੀਂ ਡਰ ਗਏ ਸੀ ਕਿਉਂਕਿ ਅਚਾਨਕ ਹੀ ਮੈਂ ਤੁਹਾਨੂੰ ਖਿੱਚ ਕੇ ਭੱਜਣ ਲਗ ਪਿਆ ਸੀ। ਤੁਸੀਂ ਤਾਂ ਡਿੱਗਣ ਹੀ ਲਗੇ ਸੀ। ਜਦੋਂ ਮੈਂ ਖੜੋ ਗਿਆ ਤਾਂ ਤੁਸੀਂ ਝਟਪਟ ਹੀ ਮੇਰੇ ਗਲ਼ੇ ਨਾਲ ਲਗ ਗਏ। ਕਿੰਨੀ ਜ਼ੋਰ ਨਾਲ ਤੁਹਾਡਾ ਦਿਲ ਧੜਕ ਰਿਹਾ ਸੀ। ਮੈਂ ਹੱਸੀ ਜਾ ਰਿਹਾ ਸਾਂ ਅਤੇ ਤੁਸੀਂ ਘਬਰਾਈ ਜਾ ਰਹੇ ਸੀ। ਫਿਰ ਜਦੋਂ ਤੁਰਨ ਲਗੇ ਤਾਂ ਵੇਖਿਆ ਕਿ ਤੁਹਾਡੀ ਜੁੱਤੀ ਹੀ ਟੁੱਟ ਗਈ ਸੀ। ਟੁੱਟੀ ਜੁੱਤੀ ਨੂੰ ਵੇਖ ਕੇ ਮੈਂ ਕਿੰਨਾ ਹੱਸਿਆ ਅਤੇ ਤੁਸੀਂ ਕਿੰਨੇ ਹੀ ਖਿਝੇ। ਤੁਸੀਂ ਤਾਂ ਨਰਾਜ਼ ਹੀ ਹੋ ਗਏ ਸੀ। ਸ੍ਰੀਮਤੀ ਜੀ ਪਹਾੜਾਂ ਤੇ ਜੇਕਰ ਰਹਿਣਾ ਹੈ ਤਾਂ ਪਹਾੜਾਂ ਤੇ ਚਲਣਾ ਸਿਖੋ ਨਹੀਂ ਤਾਂ ਕਿਧਰੇ ਫਿਰ ਤਿਲਕ ਪਏ ਤਾਂ ਸੋਟੀ ਦਾ ਹੀ ਸਹਾਰਾ ਲੈਣਾ ਪਏਗਾ। ਸਮਝੇ।

ਕਵਿਤਾ ਜੀ! ਸ਼ਾਦੀ ਤੋਂ ਪਹਿਲੇ ਮੈਂ ਕਲਕੱਤੇ ਆਵਾਂਗਾ ਅਤੇ ਤੁਹਾਡੇ ਪਿਤਾ ਜੀ ਨਾਲ ਗੱਲ-ਬਾਤ ਕਰਾਂਗਾ। ਬਜ਼ੁਰਗਾਂ ਨੂੰ ਮਿਲ ਕੇ ਮੈਨੂੰ ਬਹੁਤ ਹੀ ਖੁਸ਼ੀ ਹੁੰਦੀ ਹੈ। ਮਾਤਾ ਜੀ ਅਤੇ ਪਿਤਾ ਜੀ ਨੂੰ ਮੇਰਾ ਪ੍ਰਣਾਮ ਕਹਿਣਾ। ਚਿੱਠੀ ਦੇ ਜਵਾਬ ਵਿਚ ਦੇਰੀ ਨਹੀਂ ਕਰਨੀ ਅਤੇ ਜਵਾਬ ਡਗਸ਼ਈ ਦੇ ਪਤੇ 'ਤੇ ਦੇਣਾ ਕਿਉਂਕਿ ਮੈਂ ਇਥੋਂ ਦੋ ਤਿੰਨ ਦਿਨ ਤਕ ਚਲਾ ਜਾਵਾਂਗਾ। ਬਾਕੀ ਅਗਲੇ ਪੱਤਰ ਵਿਚ। ਪੱਤਰ ਦੀ ਉਡੀਕ ਵਿਚ।

ਤੁਹਾਡਾ ਆਪਣਾ

◆ **-ਸੰਗੀਤ**

ਕਲਕੱਤਾ **ਚਾਰ**

ਮੇਰੇ ਸੰਗੀਤ ਜੀ!

ਪਿਆਰ ਦੇ ਨਾਲ ਮਿੱਠੀ ਯਾਦ। ਤੁਹਾਡਾ ਪੱਤਰ ਮਿਲਿਆ। ਇਸ ਵਾਰੀ ਵੀ ਤੁਸੀਂ ਪੱਤਰ ਦਾ ਉਤਰ ਦੇਣ ਵਿਚ ਦੇਰ ਕਰ ਦਿਤੀ ਹੈ। ਕਾਰਨ ਮੈਂ ਨਹੀਂ ਪੁੱਛਦੀ ਕਿਉਂਕਿ ਤੁਸੀਂ ਬਹਾਨੇ ਬਨਾਉਣ ਵਿਚ ਬੜੇ ਹੋਸ਼ਿਆਰ ਹੋ। ਖ਼ਤ ਪੜ੍ਹਨ 'ਤੇ ਪਤਾ ਲਗਾ ਕਿ ਤੁਸੀਂ ਪਹਿਲੀ ਨਵੰਬਰ ਨੂੰ ਇੰਟਰਵਿਊ ਲਈ ਜਾ ਰਹੇ ਹੋ। ਪ੍ਰਮਾਤਮਾ ਕਰੇ ਤੁਸੀਂ ਸਫ਼ਲ ਹੋ ਜਾਵੋ ਤੇ ਯੂਨੀਵਰਸਿਟੀ ਵਿਚ ਰੀਡਰ ਦੀ ਪੋਸਟ 'ਤੇ ਸਿਲੈਕਟ ਹੋ ਜਾਵੋ। ਤੁਹਾਡੀ ਕਾਮਯਾਬੀ ਲਈ ਮੈਂ ਮਨੌਤ ਮੰਨਦੀ ਹਾਂ।

ਚੰਨ ਜੀ! ਪਿਛਲੀ ਚਿੱਠੀ ਵਿਚ ਮੈਂ ਭਾਵਨਾਵਾਂ ਦੇ ਪਹਾੜਾਂ ਨਾਲ ਟਕਰਾ ਕੇ ਮਨ ਦੇ ਬੱਦਲਾਂ ਨੂੰ ਵਰਸਾ ਬੈਠੀ ਇਸ ਲਈ ਮੈਂ ਮਾਫ਼ੀ ਚਾਹੁੰਦੀ ਹਾਂ। ਤੁਸੀਂ ਆਪ ਹੀ ਲਿਖਿਆ ਹੈ ਕਿ ਕੋਈ ਵੀ ਔਰਤ ਨਹੀਂ ਚਾਹੁੰਦੀ ਕਿ ਉਸ ਦਾ ਪ੍ਰੇਮੀ ਜਾਂ ਪਤੀ ਕਿਸੇ ਦੂਸਰੀ ਔਰਤ ਦੀ ਯਾਦ ਨੂੰ ਜੀਣ ਦਾ ਸਹਾਰਾ ਸਮਝੇ। ਮੈਂ ਜਾਣਦੀ ਹਾਂ ਕਿ ਯਾਦਾਂ ਦਾ ਸਬੰਧ ਆਤਮਾ ਨਾਲ ਹੁੰਦਾ ਹੈ। ਮੈਂ ਜੋ ਕੁਝ ਵੀ ਲਿਖਿਆ ਹੈ ਉਸ ਨੂੰ

ਮੇਰੀ ਕਮਜ਼ੋਰੀ ਸਮਝਣਾ ਕਿ ਔਰਤ ਵਿਚ ਜਲਨ ਦੀ ਜਵਾਲਾ ਅਧਿਕ ਹੁੰਦੀ ਹੈ ਜਿਵੇਂ ਕਿ ਕਿਹਾ ਹੈ *Woman thy name is jealousy.* ਮੈਂ ਕਾਫੀ ਵਾਰ ਸੋਚਦੀ ਹਾਂ ਕਿ ਤੁਹਾਨੂੰ ਕਦੀ ਵੀ ਕਿਸੇ ਕੰਮ ਤੋਂ ਨਾ ਰੋਕਾਂ ਪਰ ਫਿਰ ਵੀ ਰੋਕ ਬੈਠਦੀ ਹਾਂ। ਮੈਨੂੰ ਇਸ ਤਰ੍ਹਾਂ ਕਰਨ ਦਾ ਹੱਕ ਵੀ ਨਹੀਂ ਹੈ।

ਸੰਗੀਤ ਜੀ! ਤੁਸੀਂ ਪਿਤਾ ਜੀ ਅਤੇ ਮਾਤਾ ਜੀ ਨੂੰ ਮਿਲਣ ਦੀ ਇਛਾ ਪ੍ਰਗਟ ਕੀਤੀ ਹੈ ਇਹ ਹੀ ਉਹਨਾਂ ਦੀ ਇਛਾ ਹੈ। ਉਹ ਵੀ ਤੁਹਾਨੂੰ ਮਿਲਣ ਲਈ ਬਹੁਤ ਕਾਹਲੇ ਹਨ। ਕਦੀ ਇਥੇ ਆਉਣ ਦਾ ਪ੍ਰੋਗਰਾਮ ਬਣਾਉ। ਪਿਤਾ ਜੀ ਤੁਹਾਨੂੰ ਆਪਣੇ ਸਾਰੇ ਰਿਸ਼ਤੇਦਾਰਾਂ ਨਾਲ ਮਿਲਾਉਣਗੇ। ਪਿਤਾ ਜੀ ਨੇ ਤੁਹਾਡਾ ਪਿਛਲਾ ਨਾਵਲ ਪੜ੍ਹਿਆ ਹੈ ਉਸ ਵਕਤ ਤੋਂ ਉਹਨਾਂ ਦੇ ਮਨ ਵਿਚ ਤੁਹਾਡੇ ਲਈ ਬੜਾ ਮਾਣ ਅਤੇ ਆਦਰ ਵਧ ਗਿਆ ਹੈ। ਮੇਰੇ ਚਾਚਾ ਜੀ ਦੋ ਦਿਨ ਪਹਿਲੇ ਇਥੇ ਆਏ ਸੀ। ਉਹਨਾਂ ਦੀ ਲੜਕੀ ਮੇਰੇ ਨਾਲੋਂ ਛੋਟੀ ਹੈ ਅਤੇ ਉਸ ਦੀ ਸ਼ਾਦੀ ਉਹ ਜਲਦੀ ਕਰਨਾ ਚਾਹੁੰਦੇ ਹਨ। ਉਹਨਾਂ ਨੇ ਪਿਤਾ ਜੀ ਨੂੰ ਆ ਕੇ ਮਜਬੂਰ ਕੀਤਾ ਸੀ ਕਿ ਮੇਰੀ ਸ਼ਾਦੀ ਛੇਤੀ ਕਰ ਦੇਣ ਤਾਂ ਕਿ ਫਿਰ ਉਹ ਆਪਣੀ ਲੜਕੀ ਦੀ ਸ਼ਾਦੀ ਕਰ ਸਕਣ। ਪਿਤਾ ਜੀ ਨੇ ਉਨ੍ਹਾਂ ਨੂੰ ਸਾਫ਼ ਕਹਿ ਦਿਤਾ ਹੈ ਕਿ ਉਹ ਆਪਣੀ ਲੜਕੀ ਦੀ ਸ਼ਾਦੀ ਕਰ ਸਕਦੇ ਹਨ ਤੇ ਮੇਰੀ ਸ਼ਾਦੀ ਜਨਵਰੀ ਵਿਚ ਤੁਹਾਡੇ ਨਾਲ ਹੋਏਗੀ। ਚੰਨ ਜੀ! ਜਨਵਰੀ ਤਕ ਤਾਂ ਹਾਲੀ ਤਿੰਨ ਮਹੀਨੇ ਪਏ ਹਨ। ਇਹ ਤਿੰਨ ਮਹੀਨੇ ਕਿਵੇਂ ਗੁਜ਼ਰਨਗੇ। ਇਥੇ ਤਾਂ ਇਕ ਪਲ ਨਹੀਂ ਗੁਜ਼ਰਦਾ। ਰਾਤ ਦੀ ਨੀਂਦ ਦਿਲ ਦਾ ਚੈਨ ਹੀ ਖਤਮ ਹੋ ਗਿਆ ਹੈ। ਕਦੀ-ਕਦੀ ਤਾਂ ਮਨ ਉਦਾਸ ਹੋ ਜਾਂਦਾ ਹੈ ਕਿ ਦਿਲ ਕਰਦਾ ਹੈ ਕਿ ਉਡ ਕੇ ਤੁਹਾਡੇ ਕੋਲ ਆ ਜਾਵਾਂ। ਕਦੀ-ਕਦੀ ਮੇਰੀ ਤਬੀਅਤ ਵੀ ਖਰਾਬ ਹੋ ਜਾਂਦੀ ਹੈ। ਸਿਰ ਦਰਦ ਹੋ ਜਾਂਦਾ ਹੈ, ਲੱਤਾਂ ਦੁਖਣ ਲਗਦੀਆਂ ਹਨ। ਕਾਫੀ ਥਕਾਵਟ ਮਹਿਸੂਸ ਹੁੰਦੀ ਹੈ। ਕਾਲਜ ਦੀਆਂ ਪੌੜੀਆਂ ਚੜ੍ਹਦਿਆਂ ਚੱਕਰ ਜਿਹੇ ਆ ਜਾਂਦੇ ਹਨ। ਪਤਾ ਨਹੀਂ ਕੀ ਕਾਰਨ ਹੈ? ਜਾਪਦਾ ਹੈ ਤੁਹਾਨੂੰ ਯਾਦ ਕਰਨ ਦੇ ਕਾਰਨ ਕਮਜ਼ੋਰੀ ਆ ਗਈ ਹੈ ਕਿਉਂਕਿ ਸਦਾ ਹੀ ਤੁਹਾਡੇ ਬਾਰੇ ਹੀ ਸੋਚਦੀ ਰਹਿੰਦੀ ਹਾਂ। ਅੱਜ ਸਵੇਰੇ ਤਾਂ ਜੀਅ ਕੱਚ ਪੱਕਾ ਜਿਹਾ ਹੋਣ ਲਗ ਪਿਆ ਸੀ, ਰੋਟੀ ਖਾਧੀ ਤਾਂ ਉਲਟੀ ਆ ਗਈ। ਬਹੁਤ ਮੁਸ਼ਕਿਲ ਨਾਲ ਕਾਲਜ ਗਈ। ਖ਼ੈਰ ਕੋਈ ਗੱਲ ਨਹੀਂ ਤੁਸੀਂ ਕੋਈ ਵੀ ਚਿੰਤਾ ਨਹੀਂ ਕਰਨੀ ਮੈਂ ਕੋਈ ਤਾਕਤ ਦੀ ਦਵਾਈ ਇਸਤੇਮਾਲ ਕਰਾਂਗੀ ਤੁਸੀਂ ਆਪਣੀ ਸਿਹਤ ਦਾ ਖਿਆਲ ਰੱਖਣਾ।

ਸੰਗੀਤ ਜੀ! ਰਾਤ ਮੈਨੂੰ ਇਕ ਬਹੁਤ ਹੀ ਪਿਆਰਾ ਸੁਪਨਾ ਆਇਆ। ਜਿਵੇਂ ਕਿ ਤੁਹਾਡੀ ਅਤੇ ਮੇਰੀ ਸ਼ਾਦੀ ਹੋ ਗਈ ਹੈ ਅਤੇ ਅਸੀਂ ਕਿਧਰੇ ਦੂਰ ਜੰਗਲ ਜਿਹੇ ਵਿਚ ਰਹਿਣ ਗਏ ਹਾਂ। ਜੰਗਲ ਵਿਚ ਕੁਟੀਆ ਹੈ। ਤੁਸੀਂ ਕਹਿੰਦੇ ਹੋ ਕਿ ਇਹ ਤੁਹਾਡੀ ਕੁਟੀਆ ਹੈ। ਕੁਟੀਆ ਬਹੁਤ ਹੀ ਸੁਚੱਜੇ ਢੰਗ ਨਾਲ ਸਜਾਈ ਹੋਈ ਹੈ। ਇਕ ਕੋਨੇ ਵਿਚ ਕਿਤਾਬਾਂ ਦੀ ਬਹੁਤ ਵੱਡੀ ਅਲਮਾਰੀ ਪਈ ਹੈ। ਉਸ ਵਿਚ ਜਿਤਨੀਆਂ ਵੀ ਕਿਤਾਬਾਂ ਹਨ ਸਭ ਤੁਹਾਡੀਆਂ ਹੀ ਲਿਖੀਆਂ ਹੋਈਆਂ ਹਨ। ਮੈਂ ਹੈਰਾਨ ਹੁੰਦੀ ਹਾਂ ਕਿ ਐਨੀਆਂ ਸਾਰੀਆਂ ਕਿਤਾਬਾਂ ਤੁਸੀਂ ਕਿਵੇਂ ਲਿਖ ਸਕੇ? ਇਕ

ਬਹੁਤ ਪੁਰਾਣੀ ਤਸਵੀਰ ਵੀ ਉਸ ਅਲਮਾਰੀ ਦੇ ਕੋਲ ਪਈ ਹੈ ਜਿਹੜੀ ਕਿ ਸ਼ਾਇਦ ਲੈਨਿਨ ਦੀ ਹੈ। ਤੁਸੀਂ ਕਾਫੀ ਸੁੰਦਰ ਲਗ ਰਹੇ ਹੋ ਅਤੇ ਮੈਨੂੰ ਕੁਟੀਆ ਦੇ ਇਰਦ -ਗਿਰਦ ਦੀ ਥਾਂ ਦੱਸ ਰਹੇ ਹੋ। ਫਿਰ ਅਸੀਂ ਉਥੇ ਹੀ ਰਹਿਣ ਲਗ ਪੈਂਦੇ ਹਾਂ। ਥੋੜ੍ਹੀ ਦੇਰ ਤਕ ਸਾਡੇ ਘਰ ਇਕ ਲੜਕੀ ਪੈਦਾ ਹੁੰਦੀ ਹੈ। ਤੁਸੀਂ ਉਸ ਨੂੰ ਵੇਖ ਕੇ ਖੁਸ਼ ਨਹੀਂ ਹੁੰਦੇ ਪਰ ਮੈਨੂੰ ਉਹ ਬਹੁਤ ਚੰਗੀ ਲਗਦੀ ਹੈ ਬੜੀ ਸੁੰਦਰ ਬਿਲਕੁਲ ਤੁਹਾਡੇ ਵਰਗੀ। ਬਸ ਇਹੋ ਜਿਹਾ ਸੁਪਨਾ ਹੀ ਵੇਖਿਆ ਮੈਨੂੰ ਪੂਰੀ ਤਰ੍ਹਾਂ ਯਾਦ ਵੀ ਨਹੀਂ ਰਿਹਾ। ਕੁਝ ਨਹਿਰ ਜਿਹੀ ਵੀ ਪਾਰ ਕੀਤੀ ਹੈ ਅਸੀਂ। ਤੁਸੀਂ ਅੱਗੇ ਲੰਘ ਜਾਂਦੇ ਹੋ। ਮੈਂ ਪਿੱਛੇ ਰਹਿ ਜਾਂਦੀ ਹਾਂ ਉਸ ਬੱਚੀ ਦੇ ਨਾਲ। ਆਖਿਰ ਮੈਂ ਵੀ ਨਹਿਰ ਪਾਰ ਕਰ ਲੈਂਦੀ ਹਾਂ ਅਤੇ ਤੁਸੀਂ ਦੂਸਰੇ ਕਿਨਾਰੇ 'ਤੇ ਬੈਠ ਕੇ ਮੇਰੀ ਉਡੀਕ ਕਰਦੇ ਹੋ ਫਿਰ ਅਸੀਂ ਦੋਨੋਂ ਇਕੱਠੇ ਹੀ ਤੁਰਨ ਲਗ ਪੈਂਦੇ ਹਾਂ ਅਤੇ ਇੰਨੀ ਦੇਰ ਨੂੰ ਮੇਰੀ ਨੀਂਦ ਖੁੱਲ੍ਹ ਜਾਂਦੀ ਹੈ। ਜਾਗਣ ਤੋਂ ਬਾਅਦ ਮੈਂ ਬਹੁਤ ਦੇਰ ਤਕ ਇਸ ਸੁਪਨੇ ਬਾਰੇ ਸੋਚਦੀ ਰਹੀ। ਉਸ ਬੱਚੀ ਦੀ ਸੂਰਤ ਹਾਲੀ ਵੀ ਮੇਰੀਆਂ ਅੱਖਾਂ ਅੱਗੇ ਹੈ। ਉਹ ਕੁਟੀਆ ਵੀ ਮੈਨੂੰ ਯਾਦ ਹੈ। ਬਹੁਤ ਹੀ ਸੁੰਦਰ, ਚਾਰੇ ਪਾਸੇ ਜੰਗਲ ਹਨ। ਕੁਟੀਆ ਦੇ ਸਾਹਮਣੇ ਇਕ ਛੋਟੀ ਜਿਹੀ ਨਦੀ ਵਗ ਰਹੀ ਹੈ। ਛੋਟਾ ਜਿਹਾ ਬਗੀਚਾ ਫੁੱਲਾਂ ਦੇ ਨਾਲ ਮਹਿਕ ਰਿਹਾ ਹੈ। ਬਿਲਕੁਲ ਉਹੋ ਜਿਹਾ ਹੀ ਘਰ ਹੈ ਜਿਹੋ ਜਿਹਾ ਮੈਂ ਚਾਹੁੰਦੀ ਹਾਂ। ਇਹ ਸੁਪਨੇ ਕਦੋਂ ਸੱਚੇ ਹੋਣਗੇ ਪ੍ਰਮਾਤਮਾ ਹੀ ਜਾਣਦਾ ਹੈ। ਬਾਕੀ ਸਭ ਠੀਕ ਹੈ। ਚਿੱਠੀ ਦੀ ਇੰਤਜ਼ਾਰ ਵਿਚ।

ਆਪ ਜੀ ਦੀ

◆ **-ਕਵਿਤਾ**

ਡਗਸ਼ਈ ਪੰਜ

ਹਰਦਮ ਯਾਦ ਆਉਣ ਵਾਲੀ ਕਵਿਤਾ!

ਪਿਆਰ! ਮੈਂ ਅੱਜ ਕਸੋਲੀ ਤੋਂ ਵਾਪਸ ਆ ਗਿਆ ਹਾ। ਮੇਰੀ ਕੁਟੀਆ ਮੇਰਾ ਸਵਾਗਤ ਕਰਨ ਲਈ ਬੇਤਾਬ ਸੀ। ਕੋਈ ਢਾਈ ਮਹੀਨੇ ਬਾਅਦ ਅਜ ਵਾਪਸ ਆਇਆ ਹਾਂ। ਇੰਨੀ ਦੇਰ ਮੈਂ ਬਾਹਰ ਕਦੀ ਵੀ ਨਹੀਂ ਰਿਹਾ ਜਦ ਦਾ ਮੈਂ ਇਥੇ ਆ ਕੇ ਰਹਿਣਾ ਸ਼ੁਰੂ ਕੀਤਾ ਹੈ। ਡਗਸ਼ਈ ਇਕ ਛੋਟਾ ਜਿਹਾ ਕਸਬਾ ਹੈ ਕਾਲਕਾ ਅਤੇ ਸ਼ਿਮਲੇ ਦੇ ਵਿਚਕਾਰ। ਮਿਲਟਰੀ ਦੀ ਛਾਉਣੀ ਹੀ ਇਸ ਨੂੰ ਕਹਿ ਸਕਦੇ ਹਾਂ ਕਿਉਂਕਿ ਸਿਵਲ ਅਬਾਦੀ ਤੋਂ ਮਿਲਟਰੀ ਜ਼ਿਆਦਾ ਰਹਿੰਦੀ ਹੈ। ਹਰੇ-ਭਰੇ ਜੰਗਲਾਂ ਨਾਲ ਘਿਰਿਆ ਹੋਇਆ ਇਹ ਕਸਬਾ ਕੁਦਰਤ ਦੀ ਖੂਬਸੂਰਤੀ ਦਾ ਇਕ ਨਮੂਨਾ ਹੈ। ਤਿੰਨ ਸਾਲ ਪਹਿਲੇ ਪਿਆਰ ਦੇ ਮੈਦਾਨ ਵਿਚੋਂ ਹਾਰ ਕੇ ਜਦੋਂ ਮੈਂ ਭਟਕ ਰਿਹਾ ਸਾਂ, ਕੋਈ ਸ਼ਰਣ ਲਭ ਰਿਹਾ ਸਾਂ ਤਾਂ ਇਸ ਥਾਂ ਨੇ ਮੇਰੇ ਦਿਲ ਨੂੰ ਤਸੱਲੀ ਦਿੱਤੀ। ਇਨਸਾਨੀ ਸਭਿਅਤਾ ਤੋਂ ਦੂਰ, ਵੈਰ-ਵਿਰੋਧ ਦੀਆਂ ਹੱਦਾਂ ਤੋਂ ਪਾਰ ਅਤੇ ਇਨਸਾਨੀ

ਨਫ਼ਰਤ ਦੀ ਨਿਗਾਹ ਤੋਂ ਓਹਲੇ ਇਹ ਥਾਂ ਮੈਨੂੰ ਪਸੰਦ ਆਈ। ਮੈਂ ਪਬਲਿਕ ਸਕੂਲ ਦੇ ਕਾਫੀ ਪਿਛੇ ਕਰ ਕੇ ਇਕ ਕੁਟੀਆ ਬਣਾ ਲਈ। ਕਹਾਣੀ ਕਾਰ ਬਣ ਗਿਆ। ਬੇਵਫਾਈ ਅਤੇ ਨਫਰਤ ਦੇ ਅਫਸਾਨੇ ਲਿਖਣ ਲੱਗ ਪਿਆ। ਸਮਾਜ ਦਾ ਮੁਕਾਬਲਾ ਕਰਨ ਲਈ ਮੈਂ ਆਪਣੀ ਕਲਮ ਵਿਚ ਜਾਨ ਪਾਈ। ਉਹ ਦਿਲ ਜਾਗਰਤੀ ਦੀ ਪਾਨ 'ਤੇ ਚੜ੍ਹਾਇਆ ਜਿਹੜਾ ਦਿਲ ਸੌਂ ਗਿਆ ਸੀ। ਜੀਵਨ ਦੀ ਹਾਰ ਨੂੰ ਜਿੱਤ ਵਿਚ ਬਦਲਣ ਦੀ ਕੋਸ਼ਿਸ਼ ਕਰਨ ਲੱਗਾ। ਕਵਿਤਾ ਜੀ ਉਸ ਵਕਤ ਦੁਨੀਆ ਦੇ ਕਿਸੇ ਵੀ ਮਨੁੱਖ ਨੇ ਮੇਰੇ ਨਾਲ ਹਮਦਰਦੀ ਨਹੀਂ ਪ੍ਰਗਟ ਕੀਤੀ। ਕਿੰਨੇ ਦਿਨ ਮੈਂ ਭੁੱਖਾ ਰਿਹਾ, ਪਿਆਸਾ ਰਿਹਾ ਕਦੀ ਕਿਸੇ ਨੇ ਨਹੀਂ ਪੁਛਿਆ। ਕੋਈ ਕਹਾਣੀ ਵਿਕ ਜਾਂਦੀ ਸੀ ਤਾਂ ਚਾਰ ਦਿਨ ਪੇਟ ਭਰ ਕੇ ਰੋਟੀ ਖਾ ਲੈਂਦਾ ਸਾਂ ਨਹੀਂ ਤਾਂ ਟੁੱਟੀ ਜਿਹੀ ਮੰਜੀ 'ਤੇ ਪਿਆ ਤਾਰੇ ਗਿਣਦਾ ਰਹਿੰਦਾ ਸਾਂ। ਮੰਜੀ 'ਤੇ ਪਿਆ ਜਦੋਂ ਤੰਗ ਆ ਜਾਂਦਾ ਤਾਂ ਸਕੂਲ ਦਿਆ ਬੱਚਿਆਂ ਨੂੰ ਵੇਖਣ ਲੱਗ ਪੈਂਦਾ ਜਿਹੜੇ ਮਸਤੀ ਨਾਲ ਖੇਡਦੇ ਹੁੰਦੇ ਸਨ। ਉਸ ਵਕਤ ਮੈਨੂੰ ਇਕ ਲੰਮੇ ਹੌਕੇ ਨਾਲ ਆਪਣਾ ਬਚਪਨ ਯਾਦ ਆ ਜਾਂਦਾ ਸੀ। ਮੇਰੇ ਰੌਂਗਟੇ ਖੜੇ ਹੋ ਜਾਂਦੇ ਸਨ। ਫਿਰ ਮੈਂ ਦਿਲ ਨੂੰ ਤਸੱਲੀ ਦੇ ਲੈਂਦਾ। ਇਹ ਕਹਿ ਕੇ ਮੇਰਾ ਬਚਪਨ ਇਸ ਜੀਵਨ ਤੋਂ ਤਾਂ ਚੰਗਾ ਸੀ। ਭਾਵੇਂ ਕੁੱਟ ਖਾਂਦਾ ਸਾਂ ਜਾਂ ਮਾਂ ਮੈਨੂੰ ਫਿਟਕਾਰਦੀ ਸੀ ਪਰ ਰੋਟੀ ਤਾਂ ਦੋਨੋਂ ਵਕਤ ਮਿਲ ਜਾਂਦੀ ਸੀ। ਭੁੱਖੇ ਤਾਂ ਨਹੀਂ ਰਹਿਣਾ ਪੈਂਦਾ ਸੀ। ਕਵਿਤਾ ਜੀ! ਮਨੁੱਖ ਹਰ ਇਕ ਤਸੀਹਾ ਸਹਾਰ ਲੈਂਦਾ ਹੈ ਪਰ ਭੁੱਖਾ ਨਹੀਂ ਰਹਿ ਸਕਦਾ।

ਉਸ ਵਕਤ ਮੈਂ ਇਕ ਅਸਫਲ ਆਦਮੀ ਸਾਂ। ਭੁੱਖ ਅਤੇ ਤਸੀਹੇ ਸਹਾਰ ਕੇ ਮੈਂ ਸਫਲਤਾ ਵੱਲ ਵਧਦਾ ਰਿਹਾ। ਉਸ ਦੁੱਖ ਅਤੇ ਦਰਦ ਨੇ ਮੇਰੀ ਕਲਮ ਵਿਚ ਜਾਨ ਪਾ ਦਿੱਤੀ ਪਰ ਮੈਂ ਫਿਰ ਵੀ ਸਫਲ ਨਾ ਹੋ ਸਕਿਆ। ਸ਼ਾਇਦ ਸਫਲਤਾ ਨਾਂ ਦੀ ਚੀਜ਼ ਮੇਰੀ ਕਿਸਮਤ ਵਿਚ ਲਿਖੀ ਹੀ ਨਹੀਂ ਸੀ। ਬਹਾਰ ਦਾ ਹਰ ਬੁੱਲਾ ਮੇਰੇ ਲਈ ਪਤਝੜ ਦਾ ਇਕ ਝੱਖੜ ਸਿੱਧ ਹੁੰਦਾ ਸੀ। ਜੀਵਨ ਦੇ ਹਰ ਕਦਮ ਉਤੇ ਰੁਕਾਵਟ ਆ ਜਾਂਦੀ ਸੀ। ਜਿਵੇਂ ਕਿ ਕਿਸਮਤ ਦਾ ਕਾਫਲਾ ਰੁਕ ਹੀ ਗਿਆ ਹੁੰਦਾ ਹੈ। ਫਿਰ ਤੁਸੀਂ ਮੇਰੇ ਜੀਵਨ ਵਿਚ ਸਫਲਤਾ ਦੀ ਕੁੰਜੀ ਲੈ ਕੇ ਆਏ ਅਤੇ ਉਮੀਦ ਦਾ ਹਰ ਦਰਵਾਜ਼ਾ ਖੁੱਲ੍ਹ ਗਿਆ। ਮੇਰੀ ਅਸਫਲਤਾ ਨੂੰ ਸਫਲਤਾ ਦੇ ਅੱਗੇ ਝੁਕਣਾ ਪਿਆ। ਮੇਰੀ ਕੋਸ਼ਿਸ਼ ਸਫਲ ਸਿੱਧ ਹੋਈ ਅਤੇ ਮੈਂ ਇਕ ਸਫਲ ਕਲਾਕਾਰ ਬਣ ਗਿਆ। ਅੱਜ ਜਦੋਂ ਮੈਂ ਵਾਪਸ ਆ ਕੇ ਉਸ ਕੁਟੀਆ ਦਾ ਦਰਵਾਜ਼ਾ ਖੋਲ੍ਹਿਆ ਤਾਂ ਸੈਂਕੜੇ ਹੀ ਚਿੱਠੀਆਂ ਮੇਰੀ ਉਡੀਕ ਕਰ ਰਹੀਆਂ ਸਨ। ਮੈਨੂੰ ਤਾਂ ਵਿਸ਼ਵਾਸ ਹੀ ਨਹੀਂ ਸੀ ਹੋਇਆ। ਜਿਸ ਦੁਨੀਆ ਨੇ ਮੈਨੂੰ ਦੁਤਕਾਰ ਦਿੱਤਾ ਸੀ ਜਿਸ ਸਮਾਜ ਨੇ ਮੈਨੂੰ ਨਫਰਤ ਕੀਤੀ ਸੀ ਪਰ ਉਹੋ ਹੀ ਸਮਾਜ ਪਿਆਰ ਦਾ ਪ੍ਰਗਟਾਵਾ ਕਰ ਰਿਹਾ ਸੀ, ਉਹੋ ਹੀ ਦੁਨੀਆ ਮੈਨੂੰ ਇੱਜ਼ਤ ਦੇ ਰਹੀ ਸੀ। ਮੇਰੀਆਂ ਉਂਗਲਾਂ ਉਨ੍ਹਾਂ ਚਿੱਠੀਆਂ ਨੂੰ ਫਰੋਲਣ ਲਗ ਪਈਆਂ। ਕੋਈ ਕਿਸੇ ਪ੍ਰਕਾਸ਼ਕ ਤੋਂ ਆਈ ਹੈ ਕੋਈ ਕਿਸੇ ਫ਼ਿਲਮ ਨਿਰਮਾਤਾ ਤੋਂ ਆਈ ਸੀ। ਕੋਈ ਅਖ਼ਬਾਰ ਦੇ ਐਡੀਟਰ ਤੋਂ ਆਈ ਅਤੇ ਬਹੁਤ ਸਾਰੀਆਂ ਮੇਰੇ

ਪਾਠਕਾਂ ਤੋਂ ਆਈਆਂ ਹਨ ਜਿਨ੍ਹਾਂ ਨੇ "ਕਰੂਪਤਾ" ਦੀ ਸਫਲਤਾ ਲਈ ਮੈਨੂੰ ਵਧਾਈਆਂ ਭੇਜੀਆਂ ਹਨ। ਇਨ੍ਹਾਂ ਚਿੱਠੀਆਂ ਵਿਚ ਇਕ ਚਿੱਠੀ ਹੈ ਵੀਨਾ ਦੀ। ਹਾਂ ਵੀਨਾ ਦੀ ਜਿਸ ਨੇ ਮੇਰੀ ਸਫਲਤਾ 'ਤੇ ਵਧਾਈ ਭੇਜੀ ਹੈ। ਵਧਾਈ ਹੈ ਜਾਂ ਇਕ ਵਿਅੰਗ ਮੈਂ ਕਹਿ ਨਹੀਂ ਸਕਦਾ ਪਰ ਮੈਂ ਇਸ ਨੂੰ ਵਿਅੰਗ ਹੀ ਸਮਝਾਂਗਾ। ਉਸ ਨੇ ਇਕ ਹੋਰ ਮਜ਼ਾਕ ਕੀਤਾ ਹੈ। ਜਦੋਂ ਮੈਂ ਜੀਣਾ ਚਾਹੁੰਦਾ ਸਾਂ ਉਸ ਨੇ ਮੈਨੂੰ ਠੁਕਰਾ ਦਿੱਤਾ ਸੀ। ਮੇਰੀਆਂ ਭਾਵਨਾਵਾਂ ਨੂੰ ਕੁਚਲ ਦਿੱਤਾ ਸੀ। ਮੇਰੇ ਅਰਮਾਨਾਂ ਨੂੰ ਜ਼ਿੰਦਾ ਹੀ ਸਾੜ ਦਿਤਾ ਸੀ। ਮੈਨੂੰ ਮੌਤ ਦੇ ਅੱਗੇ ਸੁੱਟ ਦਿਤਾ ਸੀ। ਅੱਜ ਉਹੋ ਹੀ ਵੀਨਾ ਮੈਨੂੰ ਮੇਰੇ ਨਾਵਲ ਦੀ ਸਫਲਤਾ 'ਤੇ ਹਾਰਦਿਕ ਵਧਾਈ ਦੇ ਰਹੀ ਹੈ।

ਕਵਿਤਾ ਜੀ! ਉਸ ਦੀ ਦੋ ਸਤਰਾਂ ਦੀ ਇਸ ਚਿੱਠੀ ਨੇ ਮੇਰੇ ਸੀਨੇ ਵਿਚ ਅੱਗ ਲਾ ਦਿੱਤੀ ਹੈ। ਉਸ ਦੀ ਉਸ ਦਿਨ ਵਾਲੀ ਸੂਰਤ ਮੇਰੇ ਅੱਗੇ ਆ ਕੇ ਖੜੀ ਹੋ ਗਈ ਜਿਸ ਦਿਨ ਉਸ ਨੇ ਮੈਨੂੰ ਨੀਚ, ਕਮੀਨਾ, ਲੋਫਰ ਅਤੇ ਅਵਾਰਾ ਕਿਹਾ ਸੀ। ਉਸ ਦੀਆਂ ਉਹ ਸ਼ੇਰਨੀ ਵਰਗੀਆਂ ਅੱਖਾਂ ਮੈਨੂੰ ਇਸ ਵਕਤ ਵੀ ਘੂਰਦੀਆਂ ਦਿਸ ਰਹੀਆਂ ਹਨ। ਉਸ ਦੀ ਸੂਰਤ ਤੋਂ ਮੈਨੂੰ ਨਫਰਤ ਹੋ ਗਈ ਸੀ। ਅੱਜ ਤਿੰਨ ਸਾਲ ਬਾਅਦ ਉਸ ਨੇ ਫਿਰ ਦਿਲ ਦਿਆਂ ਸੁੱਤੇ ਅਰਮਾਨਾਂ ਨੂੰ ਜਗਾਇਆ ਹੈ। ਅੱਜ ਉਸ ਨੂੰ ਫਿਰ ਯਾਦ ਆਇਆ ਹੈ ਕਿ ਕੋਈ ਸੰਗੀਤ ਵੀ ਹੈ। ਕਵਿਤਾ ਚਿੱਠੀ ਦੇ ਲਫਜ ਪੜ੍ਹਦੇ ਹੀ ਮੇਰੇ ਸੀਨੇ ਵਿਚ ਅੱਗ ਲੱਗ ਗਈ। ਮੈਂ ਆਪਣੇ ਦਿਮਾਗ ਨੂੰ ਕਾਬੂ ਨਾ ਕਰ ਸਕਿਆ ਤੇ ਢਾਈ ਮਹੀਨੇ ਬਾਅਦ ਫਿਰ ਸ਼ਰਾਬ ਪੀ ਲਈ। ਉਸ ਅੱਗ ਨੂੰ ਬੁਝਾਉਣ ਲਈ। ਸਾਰੀ ਖੁਸ਼ੀ ਮਿੱਟੀ ਵਿਚ ਭਸਮ ਹੋ ਗਈ। ਉਸ ਜ਼ਾਲਿਮ ਨੇ ਮੇਰਾ ਸੁੱਖ-ਚੈਨ ਖੋਹ ਲਿਆ। ਕਵਿਤਾ... ਇਸ ਵਕਤ ਮੈਂ ਇਕ ਮੱਛੀ ਦੀ ਤਰ੍ਹਾਂ ਤੜਫ ਰਿਹਾ ਹਾਂ। ਮੈਨੂੰ ਕੁਝ ਵੀ ਨਹੀਂ ਸੁਝਦਾ ਕਿ ਮੈਂ ਕੀ ਕਰਾਂ। ਮੇਰੇ ਦਿਲ ਅਤੇ ਦਿਮਾਗ ਵਿਚ ਇਕ ਤੂਫਾਨ ਉਠਿਆ ਹੈ ਜਿਸ ਨੂੰ ਕੋਈ ਵੀ ਰੋਕ ਨਹੀਂ ਸਕਦਾ। ਮੈਨੂੰ ਸਿਰਫ ਇਕ ਹੀ ਸਹਾਰਾ ਦਿਸਦਾ ਹੈ ਕਿ ਇਸ ਤੂਫਾਨ ਤੋਂ ਬਚਣ ਲਈ ਤੇ ਉਹ ਤੁਸੀਂ ਹੋ। ਇਸ ਲਈ ਮੈਂ ਤੁਹਾਨੂੰ ਇਹ ਪੱਤਰ ਲਿਖ ਰਿਹਾ ਹਾਂ। ਕਵਿਤਾ ਨਰਾਜ਼ ਨਹੀਂ ਹੋਣਾ। ਵੀਨਾ ਮੇਰੀ ਕਮਜ਼ੋਰੀ ਸੀ ਅਤੇ ਉਸ ਦੀ ਯਾਦ ਮੇਰੇ ਸੀਨੇ ਨੂੰ ਸਾੜ ਦਿੰਦੀ ਹੈ। ਮੈਂ ਉਸ ਦੀ ਯਾਦ ਨੂੰ ਸਦਾ ਹੀ ਮਿਟਾ ਦਿਆਂਗਾ। ਉਸ ਨੂੰ ਦਿਲੋ ਦਮਾਗ ਵਿਚੋਂ ਕੱਢ ਦਿਆਂਗਾ। ਫਿਰ ਉਹ ਮੈਨੂੰ ਕਦੀ ਕਮਜ਼ੋਰ ਨਹੀਂ ਕਰ ਸਕੇਗੀ। ਮੇਰੇ ਦਿਲ ਉਤੇ ਕਦੀ ਵੀ ਛਾ ਨਹੀਂ ਸਕੇਗੀ। ਬਾਕੀ ਪੱਤਰ ਫਿਰ ਲਿਖਾਂਗਾ। ਮੇਰੀ ਕਲਮ ਅੱਗੇ ਕੁਝ ਨਹੀਂ ਲਿਖ ਸਕਦੀ। ਇਸ ਉਤੇ ਵੀ ਉਹ ਕਮਬਖ਼ਤ ਅਸਰ ਕਰ ਬੈਠੀ ਹੈ।

ਤੁਹਾਡਾ ਸਿਰਫ ਤੁਹਾਡਾ

◆ **-ਸੰਗੀਤ**

ਪਿਆਰੀ ਕਵਿਤਾ!

ਦੋ ਦਿਨ ਪਹਿਲੇ ਮੈਂ ਇਕ ਚਿੱਠੀ ਪਾਈ ਸੀ ਸ਼ਾਇਦ ਮਿਲ ਗਈ ਹੋਵੇ। ਅੱਜ ਫਿਰ ਇਹ ਚਿੱਠੀ ਲਿਖ ਰਿਹਾ ਹਾਂ ਜਿਹੜੀ ਕਿ ਤੁਹਾਡੀ ਚਿੱਠੀ ਦੇ ਉਤਰ ਵਿਚ ਹੈ। ਕਲ੍ਹ ਤੁਹਾਡੀ ਚਿੱਠੀ ਮਿਲੀ ਪੜ੍ਹ ਕੇ ਸਭ ਹਾਲ ਦਾ ਗਿਆਨ ਹੋਇਆ। ਕੀ ਕਾਰਨ ਹੈ ਕਿ ਤੁਸੀਂ ਅੱਜ ਕਲ੍ਹ ਬਹੁਤ ਛੋਟੀ ਚਿੱਠੀ ਲਿਖਣੀ ਸ਼ੁਰੂ ਕਰ ਦਿੱਤੀ ਹੈ। ਇਸ ਤਰ੍ਹਾਂ ਲਗਦਾ ਹੈ ਕਿ ਚਿੱਠੀ ਲਿਖਣ ਵਿਚ ਵੀ ਤੁਹਾਡਾ ਮਨ ਨਹੀਂ ਲਗਦਾ। ਜਿਹੋ ਜਿਹਾ ਮੇਰਾ ਹਾਲ ਹੈ ਵੈਸਾ ਹੀ ਤੁਹਾਡਾ ਵੀ। ਮੇਰੀ ਪ੍ਰੇਸ਼ਾਨੀ ਦਾ ਕਾਰਨ ਤਾਂ ਤੁਹਾਨੂੰ ਪਤਾ ਲਗ ਹੀ ਗਿਆ ਹੋਵੇਗਾ। ਮੇਰਾ ਤਾਂ ਪੁਰਾਣਾ ਜ਼ਖ਼ਮ ਹਰਾ ਹੋ ਗਿਆ ਹੈ, ਫਿਰ ਵੀ ਮੈਂ ਵੱਡੀ ਚਿੱਠੀ ਲਿਖਦਾ ਹਾਂ। ਕਵਿਤਾ ਜੀ! ਤੁਹਾਡੀ ਚਿੱਠੀ ਮੈਨੂੰ ਸਦਾ ਖੁਸ਼ੀ ਦਾ ਝੋਂਕਾ ਦਿੰਦੀ ਸੀ ਪਰ ਅੱਜ ਦੀ ਚਿੱਠੀ ਵਿਚ ਕੋਈ ਖਾਸ ਗੱਲ ਨਹੀਂ ਸੀ। ਮੇਰੀ ਕੁਟੀਆ ਦਾ ਸੁਪਨਾ ਹੀ ਤੁਸੀਂ ਵੇਖਿਆ ਹੈ। ਲੇਕਿਨ ਮੈਂ ਹੈਰਾਨ ਹਾਂ ਤੁਸੀਂ ਮੇਰੀ ਕੁਟੀਆ ਸੁਪਨੇ ਵਿਚ ਕਿਸ ਤਰ੍ਹਾਂ ਵੇਖੀ ਹੈ? ਹੂ-ਬਹੂ ਉਹੀ ਚੀਜ਼ ਜਿਸ ਦਾ ਵਰਨਣ ਤੁਸੀਂ ਕੀਤਾ ਹੈ ਕਿ ਕਿਤਾਬਾਂ ਦੀ ਅਲਮਾਰੀ ਦੇ ਕੋਲ ਮੇਰੇ ਕਮਰੇ ਵਿਚ ਲੈਨਿਨ ਦੀ ਤਸਵੀਰ ਹੈ। ਸਾਹਮਣੇ ਇਕ ਬਗੀਚਾ ਹੈ ਅਤੇ ਪਾਣੀ ਦੀ ਨਦੀ ਚਲਦੀ ਹੈ। ਇਸ ਤੋਂ ਤਾਂ ਇਹੋ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਤੁਹਾਡੀ ਲਗਨ ਸੱਚੀ ਹੈ ਪਰੰਤੂ ਮੇਰੀ ਉਦਾਸੀ ਬਹੁਤ ਵਧਦੀ ਜਾ ਰਹੀ ਹੈ।

ਪਰਸੋਂ ਤੁਹਾਨੂੰ ਚਿੱਠੀ ਲਿਖਣ ਤੋਂ ਬਾਦ ਮੈਂ ਇੰਨਾ ਪ੍ਰੇਸ਼ਾਨ ਹੋ ਗਿਆ ਕਿ ਯਾਦਾਂ ਦਿਆਂ ਖੰਡਰਾਂ ਵਿਚ ਠੋਕਰਾਂ ਖਾਂਦਾ ਰਿਹਾ। ਬਹੁਤ ਸ਼ਰਾਬ ਪੀ ਲਈ ਨਤੀਜਾ ਇਹ ਹੋਇਆ ਕਿ ਮੈਨੂੰ ਸ਼ਾਮ ਨੂੰ ਤਕਲੀਫ ਹੋ ਗਈ। ਦਰਦ ਦਾ ਦੌਰਾ ਪੈ ਗਿਆ। ਬਹੁਤ ਮੁਸ਼ਕਿਲ ਨਾਲ ਸਕੂਲ ਦੇ ਹਸਪਤਾਲ ਵਿਚ ਪਹੁੰਚ ਸਕਿਆ। ਸ਼ੁਕਰ ਹੈ ਪ੍ਰਮਾਤਮਾ ਦਾ ਕਿ ਦੌਰਾ ਭਿਆਨਕ ਨਹੀਂ ਸੀ, ਰਾਤ ਵਿਚ ਹੀ ਠੀਕ ਹੋ ਗਿਆ। ਹੁਣ ਡਾਕਟਰ ਨੇ ਮੈਨੂੰ ਬਿਲਕੁਲ ਅਰਾਮ ਕਰਨ ਦੀ ਨਸੀਹਤ ਕੀਤੀ ਹੈ ਪਰ ਮੈਂ ਅਰਾਮ ਵੀ ਨਹੀਂ ਕਰ ਸਕਦਾ ਕਿਉਂਕਿ ਅਰਾਮ ਨਾਂ ਦੀ ਵਸਤੂ ਮੇਰੇ ਜੀਵਨ ਵਿਚ ਨਹੀਂ ਹੈ। ਧੂਏਂ ਦੀ ਤਰ੍ਹਾਂ ਮੇਰੇ ਅੰਦਰੋਂ ਗੁਬਾਰ ਨਿਕਲਦੇ ਹਨ। ਇੰਨੀ ਸਰਦੀ ਹੁੰਦੇ ਹੋਏ ਵੀ ਮੈਨੂੰ ਗਰਮੀ ਲਗਦੀ ਹੈ। ਕੱਪੜੇ ਪਾੜਨ ਤੇ ਦਿਲ ਕਰ ਆਉਂਦਾ ਹੈ। ਕਲਮ ਨੂੰ ਹੱਥ ਲਗਾਉਣ 'ਤੇ ਜੀਅ ਨਹੀਂ ਕਰਦਾ। ਕਾਗਜਾਂ ਕਾਪੀਆਂ ਤੋਂ ਨਫਰਤ ਹੋ ਗਈ ਹੈ। ਦਿਲ ਕਰਦਾ ਹੈ ਅੱਗ ਲਾ ਦਿਆਂ ਸਾਰੇ ਸੰਸਾਰ ਨੂੰ, ਪਾਗਲ ਹੋ ਜਾਵਾਂ ਅਤੇ ਕੰਧਾਂ ਵਿਚ ਸਿਰ ਮਾਰ ਕੇ ਮਰ ਜਾਵਾਂ। ਸਾਰਾ ਸੰਸਾਰ ਹਨੇਰਾ ਨਜ਼ਰ ਆਉਂਦਾ ਹੈ। ਉਸ ਹਨੇਰੇ ਵਿਚ ਬਹੁਤ ਦੂਰ ਉਮੀਦ ਦਾ ਇਕ ਮੱਧਮ ਜਿਹਾ ਦੀਪ ਦਿਖਾਈ ਦਿੰਦਾ ਹੈ। ਉਹ ਦੀਪ ਵੀ ਟਿਮਟਿਮਾ ਰਿਹਾ ਹੈ। ਅਰਮਾਨਾਂ ਦਾ ਇਕ ਬੁੱਲਾ ਆਉਂਦਾ ਹੈ ਜਿਹੜਾ ਕਿ ਉਸ ਦੀਪ ਨੂੰ ਬੁਝਾਉਣ ਦੀ ਕੋਸ਼ਿਸ਼ ਕਰਦਾ ਹੈ। ਹਾਲੀ ਤਕ ਉਹ ਦੀਪ ਹਰ ਇਕ

ਬੁੱਲੇ ਦਾ ਮੁਕਾਬਲਾ ਕਰ ਰਿਹਾ ਹੈ। ਮੇਰਾ ਉਹ ਦੀਪ ਮੇਰੀ ਕਵਿਤਾ ਹੈ। ਕਵਿਤਾ ਜੀ! ਡਰ ਲਗਦਾ ਹੈ ਕਿ ਕਿਤੇ ਕੋਈ ਜ਼ੋਰ ਦਾ ਬੁੱਲਾ ਆ ਗਿਆ ਤਾਂ ਤੁਹਾਨੂੰ ਵੀ ਮੇਰੇ ਕੋਲੋਂ ਖੋਹ ਕੇ ਨਾ ਲੈ ਜਾਵੇ। ਫਿਰ ਮੈਂ ਕੁਝ ਵੀ ਨਹੀਂ ਕਰ ਸਕਾਂਗਾ, ਮਿਟ ਜਾਵਾਂਗਾ ਇਸ ਸੰਸਾਰ ਤੋਂ, ਕੋਈ ਦਫਨ ਕਰਨ ਵਾਲਾ ਨਹੀਂ ਹੋਵੇਗਾ, ਕੋਈ ਰੋਣ ਵਾਲਾ ਵੀ ਨਹੀਂ ਹੋਵੇਗਾ।

ਕਵਿਤਾ ਜੀ! ਮੈਂ ਆਪਣੀ ਤਕਦੀਰ ਦਾ ਆਪ ਮਾਲਕ ਨਹੀਂ ਹਾਂ। ਮੈਂ ਆਪ ਨਹੀਂ ਜਾਣਦਾ ਕਿ ਮੇਰੇ ਤਕਦੀਰ ਦੀ ਡੋਰ ਕਿਸ ਦੇ ਹੱਥ ਹੈ? ਮੈਂ ਤਾਂ ਇਕ ਕਠਪੁਤਲੀ ਹਾਂ, ਇਕ ਜੀਉਂਦੀ ਜਾਗਦੀ ਲਾਸ਼ ਹਾਂ ਪਤਾ ਨਹੀਂ ਕਦੋਂ ਉਹ ਡੋਰ ਟੁੱਟ ਜਾਵੇ ਤੇ ਮੈਂ ਡਿਗ ਪਵਾਂ ਕਦੀ ਨਾ ਉਠਣ ਲਈ। ਜਿਸ ਦਿਨ ਤੋਂ ਵੀਨਾ ਦੀ ਚਿੱਠੀ ਮਿਲੀ ਹੈ ਉਸ ਦਿਨ ਤੋਂ ਮੈਨੂੰ ਆਪਣੇ ਆਪ ਤੇ ਵਿਸ਼ਵਾਸ ਨਹੀਂ ਰਿਹਾ। ਤੁਹਾਡੀ ਮੁਲਾਕਾਤ, ਬੀਤੇ ਹੋਏ ਦਿਨ ਇਕ ਸੁਪਨਾ ਜਾਪਣ ਲਗ ਪਏ ਹਨ। ਪਤਾ ਨਹੀਂ ਪ੍ਰਮਾਤਮਾ ਨੂੰ ਕੀ ਮਨਜ਼ੂਰ ਹੈ? ਸਮਝ ਨਹੀਂ ਆਉਂਦੀ ਕਿ ਮੈਂ ਉਸ ਚਿੱਠੀ ਨੂੰ ਜ਼ਰੂਰੀ ਕਿਉਂ ਸਮਝ ਰਿਹਾ ਹਾਂ? ਉਸ ਦਾ ਮੇਰੇ ਜੀਵਨ ਨਾਲ ਕੀ ਸਬੰਧ ਹੈ? ਕਵਿਤਾ! ਅੱਜ ਕਲ੍ਹ ਮੈਂ ਇਕੱਲਾਪਨ ਬਹੁਤ ਅਨੁਭਵ ਕਰ ਰਿਹਾ ਹਾਂ। ਮੈਨੂੰ ਸਹਾਰੇ ਦੀ ਜ਼ਰੂਰਤ ਹੈ ਕਵਿਤਾ! ਮੈਨੂੰ ਸਹਾਰਾ ਚਾਹੀਦਾ ਹੈ। ਨਹੀਂ ਤਾਂ ਮੈਂ ਇਕੱਲਾ ਤੜਫ-ਤੜਫ ਕੇ ਦਮ ਤੋੜ ਜਾਵਾਂਗਾ।

ਉਹ ਪ੍ਰਮਾਤਮਾ ਇਹ ਭੁੱਲੀਆਂ ਹੋਈਆਂ ਯਾਦਾਂ ਕਿਉਂ ਤੰਗ ਕਰਦੀਆਂ ਹਨ। ਜਦੋਂ ਤੰਗ ਕਰਨ ਲਗਦੀਆਂ ਹਨ ਤਾਂ ਇਕ-ਇਕ ਕਰ ਕੇ ਸਾਰੀਆਂ ਹੀ ਅੱਖਾਂ ਅੱਗੇ ਗੁਜ਼ਰ ਜਾਂਦੀਆਂ ਹਨ। ਵੇਖੋ ਖਾਂ ਅੱਜ ਗਾਇਤਰੀ ਦੀ ਯਾਦ ਵੀ ਆ ਗਈ। ਗਾਇਤਰੀ ਮੇਰੀ ਛੋਟੀ ਭੈਣ ਜਿਹੜੀ ਕਿ ਮੈਨੂੰ ਯਾਦ ਕਰਦੀ ਹੋਈ ਮਰ ਗਈ। ਅੰਤ ਸਮੇਂ ਮੇਰੇ ਨਾਲ ਇਕ ਵੀ ਗੱਲ ਨਾ ਕਰ ਸਕੀ। ਮੈਨੂੰ ਤਾਂ ਪ੍ਰਮਾਤਮਾ ਨਾਲ ਵੀ ਨਫਰਤ ਹੋ ਗਈ ਹੈ। ਕੀ ਸਾਰੀ ਦੁਨੀਆ ਦੇ ਦੁੱਖ ਸਹਿਣ ਲਈ ਉਸ ਨੇ ਮੈਨੂੰ ਹੀ ਜਨਮ ਦੇਣਾ ਸੀ। ਦੁੱਖਾਂ ਦੇ ਸਿਵਾ ਮੈਨੂੰ ਉਸ ਨੇ ਦਿਤਾ ਹੀ ਕੀ ਹੈ? ਜਿਸ ਨੇ ਮੇਰੇ ਨਾਲ ਪਿਆਰ ਕੀਤਾ ਉਸ ਨੂੰ ਹੀ ਮੇਰੇ ਕੋਲੋਂ ਖੋਹ ਲਿਆ। ਮਾਂ ਨੂੰ ਮੇਰੇ ਕੋਲੋਂ ਖੋਹ ਲਿਆ, ਭੈਣ ਨੂੰ ਅਲੱਗ ਕਰ ਦਿੱਤਾ। ਮੈਂ ਉਸ ਪ੍ਰਮਾਤਮਾ ਕੋਲੋਂ ਹੋਰ ਕੀ ਉਮੀਦ ਕਰਾਂ? ਹੁਣ ਮੁਸ਼ਕਿਲ ਨਾਲ ਖੁਸ਼ੀ ਦੇ ਚਾਰ ਦਿਨ ਵੇਖੇ ਸਨ ਕਿ ਫੋੜੇ ਨੂੰ ਫੇਹ ਦਿੱਤਾ। ਕਵਿਤਾ ਜੀ! ਰੱਬ ਵੀ ਮੈਨੂੰ ਖੁਸ਼ ਵੇਖ ਕੇ ਸੜਦਾ ਹੈ ਅਤੇ ਮੇਰੇ ਨਾਲ ਈਰਖਾ ਕਰਦਾ ਹੈ ਜਿਵੇਂ ਕਿ ਮੈਨੂੰ ਉਸ ਨੇ ਨਹੀਂ ਸ਼ੈਤਾਨ ਨੇ ਪੈਦਾ ਕੀਤਾ ਹੈ।

ਮੈਂ ਪੱਤਰ ਲਿਖ ਕੇ ਤੁਹਾਨੂੰ ਦੁਖੀ ਕਰਦਾ ਹਾਂ ਪਰ ਕੀ ਕਰਾਂ ਮਜਬੂਰ ਹਾਂ। ਮੇਰਾ ਹੋਰ ਕੌਣ ਹੈ ਜਿਸ ਨੂੰ ਆਪਣੇ ਦਿਲ ਦੇ ਦੁੱਖ ਦੱਸਾਂ? ਦੂਸਰੇ ਦਾ ਦੁੱਖ ਸੁਣ ਕੇ ਤਾਂ ਲੋਕੀਂ ਹੱਸਦੇ ਹਨ। ਇਸ ਲਈ ਕਵਿਤਾ ਦੁਖੀ ਨਹੀਂ ਹੋਣਾ। ਮੇਰੇ ਦੁੱਖ 'ਤੇ ਤੁਸੀਂ ਹੱਸਣਾ ਨਹੀਂ। ਚਿੱਠੀ ਦਾ ਜਵਾਬ ਛੇਤੀ ਦੇਣਾ। ਬਸ ਦਿਲ ਬਹੁਤ ਭਰ ਗਿਆ ਹੈ। ਤੁਹਾਡੇ ਉਤਰ ਦੀ ਉਡੀਕ ਵਿਚ।

ਤੁਹਾਡਾ **-ਸੰਗੀਤ**

ਕਦੀ ਨਾ ਭੁੱਲਣ ਵਾਲੇ ਸੰਗੀਤ ਜੀ!

ਬਹੁਤ ਬਹੁਤ ਪਿਆਰ! ਆਪ ਜੀ ਦੀਆਂ ਦੋ ਚਿੱਠੀਆਂ ਇਕੱਠੀਆਂ ਹੀ ਮਿਲੀਆਂ, ਪੜ੍ਹ ਕੇ ਬਹੁਤ ਦੁੱਖ ਹੋਇਆ। ਦੋਨੋਂ ਚਿੱਠੀਆਂ ਇਹੋ ਜਿਹੀਆਂ ਦਰਦਨਾਕ ਹਨ ਕਿ ਮੇਰਾ ਤਨ ਮਨ ਕੰਬ ਗਿਆ। ਦਿਲ ਹਾਰ ਕੇ ਕਦੀ ਵੀ ਤੁਸੀਂ ਇਹੋ ਜਿਹਾ ਪੱਤਰ ਨਹੀਂ ਲਿਖਿਆ। ਵੀਨਾ ਦਾ ਤੁਹਾਡੇ ਜੀਵਨ ਨਾਲ ਹਾਲੀ ਵੀ ਇੰਨਾ ਸਬੰਧ ਹੈ ਮੈਂ ਸੋਚਿਆ ਵੀ ਨਹੀਂ ਸੀ। ਉਸ ਦੀ ਮਾਮੂਲੀ ਜਿਹੀ ਚਿੱਠੀ ਨੂੰ ਤੁਸੀਂ ਐਨੀ ਮਹੱਤਤਾ ਦਿਉਗੇ, ਮੈਂ ਜਾਣਦੀ ਨਹੀਂ ਸੀ। ਇਕ ਇਹੋ ਜਿਹੀ ਲੜਕੀ ਜਿਸ ਦੇ ਜੀਵਨ ਵਿਚ ਸਿਰਫ ਦੌਲਤ ਦਾ ਹੀ ਮਹੱਤਵ ਹੈ, ਔਰਤ ਕਹਿਣ ਦੇ ਯੋਗ ਨਹੀਂ। ਜਦ ਤਕ ਤੁਸੀਂ ਠੋਕਰਾਂ ਖਾਂਦੇ ਰਹੇ ਉਸ ਨੇ ਤੁਹਾਨੂੰ ਪੁੱਛਿਆ ਵੀ ਨਹੀਂ ਪਰ ਜਦੋਂ ਤੁਸੀਂ ਸਫਲਤਾ ਹਾਸਲ ਕਰ ਕੇ ਮਸ਼ਹੂਰੀ ਦੀ ਚੋਟੀ ਵੱਲ ਵਧਣ ਲੱਗੇ ਤਾਂ ਉਸ ਨੇ ਵਧਾਈ ਦਾ ਪੈਗ਼ਾਮ ਭੇਜ ਕੇ ਫਿਰ ਤੁਹਾਨੂੰ ਉਸ ਪ੍ਰੇਸ਼ਾਨੀ ਵਿਚ ਪਾ ਦਿੱਤਾ ਜਿਸ ਵਿਚੋਂ ਤੁਸੀਂ ਨਿਕਲਣ ਦੀ ਕੋਸ਼ਿਸ਼ ਕਰ ਰਹੇ ਸੀ। ਕੀ ਉਹ ਤੁਹਾਡੀ ਸਫਲਤਾ 'ਤੇ ਐਨੀ ਖੁਸ਼ ਹੋਈ ਹੈ? ਅਗਰ ਉਸ ਨੂੰ ਅੱਜ ਖੁਸ਼ੀ ਹੋਈ ਹੈ ਤਾਂ ਉਸ ਵਕਤ ਉਹ ਕਿਥੇ ਸੀ ਜਦੋਂ ਤੁਸੀਂ ਠੋਕਰਾਂ ਖਾ ਰਹੇ ਸੀ? ਸੰਗੀਤ ਜੀ! ਇਹੋ ਜਿਹੀ ਖੁਦਗਰਜ਼ ਲੜਕੀ ਲਈ ਤੁਸੀਂ ਇੰਨੇ ਪ੍ਰੇਸ਼ਾਨ ਅਤੇ ਪਸ਼ੇਮਾਨ ਹੋ? ਮੈਨੂੰ ਬਹੁਤ ਅਫਸੋਸ ਹੈ। ਮੈਂ ਜਾਣਦੀ ਹਾਂ ਕਿ ਇਕ ਕਲਾਕਾਰ ਦਾ ਦਿਲ ਬਹੁਤ ਕੋਮਲ ਹੁੰਦਾ ਹੈ। ਦੁਨੀਆ ਦਾ ਹਰ ਝੱਖੜ, ਹਰ ਤੁਫਾਨ ਕਲਾਕਾਰ ਸਹਿ ਲੈਂਦਾ ਹੈ ਪਰ ਔਰਤ ਦੀ ਯਾਦ ਅੱਗੇ ਹਾਰ ਜਾਂਦਾ ਹੈ। ਪ੍ਰਮਾਤਮਾ ਨੇ ਔਰਤ ਵੀ ਕੀ ਚੀਜ਼ ਬਣਾਈ ਹੈ? ਮਨੁੱਖ ਨੂੰ ਕਿੰਨਾ ਨਿਰਬਲ ਅਤੇ ਕਮਜ਼ੋਰ ਬਣਾ ਦਿੰਦੀ ਹੈ।

ਸੰਗੀਤ ਜੀ! ਔਰਤ ਦੇ ਵੀ ਅਨੇਕ ਰੂਪ ਹਨ। ਕੋਈ ਤਾਂ ਆਪ ਪਿਆਰ ਵਿਚ ਪਾਗਲ ਹੋ ਕੇ ਸਭ ਕੁਝ ਤਿਆਗ ਦਿੰਦੀ ਹੈ, ਕੋਈ ਦੂਸਰੇ ਨੂੰ ਪਿਆਰ ਵਿਚ ਪਾਲਗ ਕਰ ਕੇ ਸਭ ਕੁਝ ਲੁੱਟ ਲੈਂਦੀ ਹੈ। ਕੋਈ ਦੂਸਰਿਆਂ ਲਈ ਖਿਲੌਣਾ ਬਣਦੀ ਹੈ ਅਤੇ ਕੋਈ ਦੂਸਰਿਆਂ ਨੂੰ ਖਿਲੌਣਾ ਬਣਾ ਦਿੰਦੀ ਹੈ। ਵੀਨਾ ਵਰਗੀ ਲੜਕੀ ਨੂੰ ਵੇਖੋ, ਤੁਹਾਡੇ ਅਰਮਾਨਾਂ ਨਾਲ ਖੇਡਦੀ ਰਹੀ। ਤੁਹਾਡੀਆਂ ਉਮੰਗਾਂ ਨੂੰ ਉਮੀਦ ਦੀ ਕਿਰਨ ਵਿਖਾਉਂਦੀ ਰਹੀ। ਤੁਹਾਡੇ ਦਿਲ ਦੀਆਂ ਡੂੰਘਿਆਈਆਂ ਵਿਚ ਰਸ ਗਈ, ਤੁਹਾਡੀ ਆਤਮਾ ਵਿਚ ਸਮਾ ਗਈ। ਤੁਹਾਨੂੰ ਖਿਲੌਣਾ ਬਣਾ ਕੇ ਖੇਲਦੀ ਰਹੀ ਅਤੇ ਜਦੋਂ ਦਿਲ ਭਰ ਗਿਆ ਤਾਂ ਠੋਕਰਾਂ ਖਾਣ ਲਈ ਛੱਡ ਗਈ। ਉਸ ਕੋਲ ਦੌਲਤ ਹੈ, ਪੈਸਾ ਹੈ ਉਹ ਕਿਸੇ ਵੀ ਸੰਗੀਤ ਦੇ ਅਰਮਾਨਾਂ ਨੂੰ ਖਰੀਦ ਸਕਦੀ ਹੈ, ਉਸ ਦਾ ਦਿਲ ਔਰਤ ਦਾ ਦਿਲ ਨਹੀਂ ਹੈ ਬਲਕਿ ਇਕ ਔਰਤ ਦੇ ਸਰੀਰ ਵਿਚ ਜਿਨਸੀ ਦਿਲ ਹੈ। ਉਸ ਦੀਆਂ ਦੋ ਲਾਈਨਾਂ ਦੀ ਚਿੱਠੀ ਨੇ ਤੁਹਾਨੂੰ ਪਾਗਲ ਕਰ ਦਿੱਤਾ, ਬਾਵਰਾ ਬਣਾ ਦਿਤਾ। ਚੰਨ ਜੀ! ਮੈਂ ਨਰਾਜ਼ ਨਹੀਂ ਹੁੰਦੀ, ਨਾ ਹੀ ਨਰਾਜ਼ ਹੋਣ ਦਾ ਮੈਨੂੰ ਕੋਈ ਹੱਕ

ਹੈ।

ਮੈਂ ਜਾਣਦੀ ਹਾਂ ਕਿ ਇਸ ਸਮੇਂ ਤੁਸੀਂ ਦਿਮਾਗੀ ਸੰਤੁਲਨ ਗਵਾ ਬੈਠੇ ਹੋ। ਤੁਹਾਨੂੰ ਕੋਈ ਸਮਝਾਉਣ ਵਿਚ ਸਫਲ ਨਹੀਂ ਹੋ ਸਕਦਾ। ਤੁਹਾਨੂੰ ਸਹਾਰੇ ਦੀ ਲੋੜ ਹੈ ਅਤੇ ਮੇਰਾ ਤੁਹਾਡੇ ਕੋਲ ਹੋਣਾ ਬੜਾ ਜ਼ਰੂਰੀ ਹੈ। ਲੇਕਿਨ ਦੁੱਖ ਤਾਂ ਇਹ ਹੈ ਕਿ ਮੈਨੂੰ ਹੁਣ ਕੋਈ ਛੁੱਟੀ ਨਹੀ ਮਿਲਣੀ। ਹਾਂ ਵਿਜੈ ਦਸ਼ਮੀ (ਦੁਸਹਿਰੇ) ਦੀਆਂ ਛੁੱਟੀਆਂ ਹੋਣ ਹੀ ਵਾਲੀਆਂ ਹਨ। ਕੁਝ ਦਿਨਾਂ ਤਕ ਹੋ ਜਾਣਗੀਆਂ ਫਿਰ ਮੈਂ ਤੁਹਾਡੇ ਕੋਲ ਆ ਸਕਾਂਗੀ। ਤੁਸੀਂ ਇਥੇ ਕਿਉਂ ਨਹੀਂ ਆ ਜਾਂਦੇ? ਉਥੇ ਦੇ ਵਾਤਾਵਰਣ ਤੋਂ ਵੀ ਦੂਰ ਹੋ ਜਾਉਗੇ ਅਤੇ ਇਥੇ ਦਿਲ ਵੀ ਲਗ ਜਾਏਗਾ। ਅੱਗੇ ਤੁਹਾਡੀ ਮਰਜ਼ੀ ਹੈ। ਤੁਸੀਂ ਆਪ ਸਮਝਦਾਰ ਹੋ, ਮੈਂ ਤੁਹਾਨੂੰ ਕੀ ਕਹਿ ਸਕਦੀ ਹਾਂ। ਮੇਰਾ ਕੁਝ ਕਹਿਣਾ ਵੀ ਬੇਵਕੂਫੀ ਹੀ ਹੋਏਗੀ। ਤੁਹਾਡੇ ਕਾਰਨ ਆਪ ਵੀ ਬਹੁਤ ਪ੍ਰੇਸ਼ਾਨ ਹੋ ਗਈ ਹਾਂ। ਪਤਾ ਨਹੀਂ ਅੱਗੇ ਕੀ ਹੋਏਗਾ? ਤੁਸੀਂ ਤਾਂ ਹੁਣ ਵੀਨਾ ਨੂੰ ਹੀ ਰੋਂਦੇ ਰਹਿਣਾ ਬਾਕੀ ਕੁਝ ਨਾ ਕਰਨਾ। ਮੇਰੇ ਖਿਆਲ ਵਿਚ ਤਾਂ ਤੁਸੀਂ ਇਹ ਵੀ ਭੁੱਲ ਗਏ ਹੋਵੋਗੇ ਕਿ ਪਹਿਲੀ ਨਵੰਬਰ ਨੂੰ ਤੁਹਾਡਾ ਇੰਟਰਵਿਯੂ ਹੈ। ਚੰਨ ਜੀ! ਜ਼ਿੰਦਗੀ ਦੇ ਬੀਤੇ ਹਿੱਸੇ ਨੂੰ ਚਾਦਰ ਹੇਠ ਢੱਕ ਦਿਉ ਅਤੇ ਜੀਵਨ ਦੇ ਅਗਲੇ ਹਿੱਸੇ ਨੂੰ ਪ੍ਰਕਾਸ਼ਮਈ ਕਰਨ ਲਈ ਸੋਚੋ।

ਸੰਗੀਤ ਜੀ! ਤੁਹਾਡੀ ਇਸ ਹਾਲਤ ਤੋਂ ਇਹੋ ਹੀ ਪ੍ਰਗਟ ਹੁੰਦਾ ਹੈ ਕਿ ਤੁਹਾਡੇ ਮਨ ਵਿਚ ਮੇਰੇ ਲਈ ਪਿਆਰ ਦੀ ਕੋਈ ਭਾਵਨਾ ਨਹੀਂ ਅਗਰ ਹੈ ਵੀ ਤਾਂ ਇਕ ਮਾਮੂਲੀ ਜਿਹੀ ਕਮਜ਼ੋਰ ਜਿਹੀ ਇਛਾ। ਜਾਂ ਮੈਂ ਇਹ ਕਹਾਂਗੀ ਕਿ ਤੁਹਾਡੇ ਦਿਲ ਵਿਚ ਇਕ ਵਹਿਸ਼ੀ ਪਿਆਸ ਸੀ ਜਿਸ ਨੂੰ ਤੁਸੀਂ ਬੁਝਾ ਬੈਠੇ ਹੋ ਅਤੇ ਹੁਣ ਨਫਰਤ ਕਰਨ ਲਗ ਗਏ ਹੋ। ਮਤਲਬ ਪੂਰਾ ਕਰ ਕੇ ਮੈਨੂੰ ਸਮਾਜ ਦੀਆਂ ਠੋਕਰਾਂ ਖਾਣ ਲਈ ਛੱਡ ਦੇਣਾ ਚਾਹੁੰਦੇ ਹੋ। ਚੰਨ ਜੀ! ਇਸ ਤਰ੍ਹਾਂ ਕਦੀ ਨਹੀਂ ਕਰਨਾ। ਮੇਰਾ ਜੀਵਨ ਜਿਹੜਾ ਅੱਜ ਤਕ ਬਹੁਤ ਖੁਸ਼ ਰਿਹਾ ਹੈ ਕਿਤੇ ਗ਼ਮ ਦੇ ਸਾਗਰ ਦੇ ਵਿਚ ਡੁੱਬ ਕੇ ਨਸ਼ਟ ਨਾ ਹੋ ਜਾਏ। ਪਿਆਰ ਦੇ ਨਾਂ ਤੋਂ ਮੈਨੂੰ ਨਫਰਤ ਹੋ ਜਾਏਗੀ। ਹਰ ਮਨੁੱਖ ਤੋਂ ਨਫਰਤ ਹੋ ਜਾਏਗੀ। ਮੇਰੇ ਦਿਲ ਨੂੰ ਖੇਡ ਦਾ ਮੈਦਾਨ ਨਹੀਂ ਸਮਝਣਾ ਕਿ ਜਦੋਂ ਤੁਹਾਡਾ ਦਿਲ ਕੀਤਾ ਖੇਡ ਲਿਆ ਅਤੇ ਦਿਲ ਕੀਤਾ ਛੱਡ ਕੇ ਚਲੇ ਗਏ। ਮੇਰਾ ਸਰੀਰ ਹੁਣ ਤਕ ਪਵਿੱਤਰ ਸੀ, ਮੈਂ ਆਪਣੇ ਇਸਤਰੀ-ਪਨ ਨੂੰ ਹੁਣ ਤਕ ਸੰਭਾਲ ਕੇ ਰੱਖਿਆ ਹੋਇਆ ਸੀ ਪਰ ਹੁਣ ਤਾਂ ਉਹ ਪੂੰਜੀ ਵੀ ਲੁੱਟੀ ਗਈ ਹੈ। ਔਰਤ ਸਭ ਕੁਝ ਵਾਪਸ ਲੈ ਸਕਦੀ ਹੈ ਪਰ ਆਪਣੀ ਇੱਜ਼ਤ ਤੇ ਆਬਰੂ ਨੂੰ ਵਾਪਸ ਨਹੀਂ ਲੈ ਸਕਦੀ ਜਿਹੜੀ ਪਿਆਰ ਦੇ ਪਾਗਲਪਨ ਵਿਚ ਲੁੱਟੀ ਜਾਏ ਉਹ ਇਸਤਰੀ ਨਹੀਂ ਰਹਿ ਜਾਂਦੀ ਇਹ ਗਿਆਨ ਮੈਨੂੰ ਹੁਣ ਹੋਇਆ ਹੈ।

ਸੰਗੀਤ ਜੀ! ਤੁਸੀਂ ਫਿਰ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਹੈ। ਤੁਸੀਂ ਜਾਣਦੇ ਵੀ ਹੋ ਕਿ ਇਸ ਦਾ ਤੁਹਾਡੀ ਸਿਹਤ ਅਤੇ ਬੀਮਾਰੀ 'ਤੇ ਕੀ ਅਸਰ ਹੈ? ਜਾਣ-ਬੁੱਝ ਕੇ ਤੁਸੀਂ ਜ਼ਹਿਰ ਦੇ ਘੁੱਟ ਭਰਦੇ ਹੋ ਮਿਟ ਜਾਣ ਲਈ। ਵੀਨਾ ਤੇ ਸਿਰਫ ਤੁਹਾਨੂੰ ਮਿਟਾਉਣ 'ਤੇ ਤੁਲੀ ਹੋਈ ਹੈ। ਉਸ ਦੀ ਯਾਦ ਹੀ ਤੁਹਾਨੂੰ ਨਸ਼ਟ ਕਰਨ ਲਈ ਕਾਫੀ

ਹੈ। ਮੈਂ ਪਿਛਲੇ ਪੰਜਾਂ ਮਹੀਨਿਆਂ ਤੋਂ ਜਿਹੜੀਆਂ ਪ੍ਰਾਰਥਨਾਵਾਂ ਕਰਦੀ ਰਹੀ ਹਾਂ ਉਸ ਦਾ ਕੋਈ ਲਾਭ ਨਹੀਂ ਹੈ। ਵੀਨਾ ਦੀ ਯਾਦ ਨੂੰ ਦਫਨ ਕਰ ਦਿਉ ਚੰਨ ਜੀ! ਨਹੀਂ ਤਾਂ ਪ੍ਰਮਾਤਮਾ ਹੀ ਜਾਣਦਾ ਹੈ ਕਿ ਕੀ ਹੋਏਗਾ? ਉਹ ਤੁਹਾਡੀ ਤਬਾਹੀ ਹੈ। ਉਸ ਦੇ ਕਾਰਨ ਤੁਸੀਂ ਸਦਾ ਹੀ ਅਸਫਲ ਰਹੇ ਹੋ। ਉਸ ਦੇ ਕਾਰਨ ਤੁਸੀਂ ਜਵਾਨੀ ਵਿਚ ਹੀ ਇਕ ਭਿਆਨਕ ਰੋਗ ਲਗਾ ਬੈਠੇ ਹੋ, ਸ਼ਰਾਬ ਦੇ ਪਿਆਲਿਆਂ ਵਿਚ ਜਵਾਨੀ ਨੂੰ ਰੋੜ੍ਹ ਦਿਤਾ। ਕੀ ਇਹ ਸਿਆਣਪ ਹੈ? ਦਿਲ ਨੂੰ ਮਜ਼ਬੂਤ ਕਰੋ। ਮੇਰੇ ਜੀਵਨ ਬਾਰੇ ਸੋਚੋ ਜਿਸ ਨੇ ਤੁਹਾਡੇ ਕਦਮਾਂ ਉਤੇ ਜੀਵਨ ਦੀ ਵਾਗ-ਡੋਰ ਇਕ ਮੁਲਾਕਾਤ ਵਿਚ ਹੀ ਰੱਖ ਦਿਤੀ। ਮੈਂ ਸਭ ਕੁਝ ਤੁਹਾਡੇ ਭਲੇ ਲਈ ਹੀ ਲਿਖ ਰਹੀ ਹਾਂ। ਵੈਸੇ ਤਾਂ ਹਰ ਇਕ ਮਨੁੱਖ ਖੁਦਗਰਜ਼ ਹੁੰਦਾ ਹੈ, ਮਤਲਬੀ ਹੁੰਦਾ ਹੈ, ਹਰ ਇਕ ਆਪਣਾ ਲਾਭ ਚਾਹੁੰਦਾ ਹੈ। ਮੈਂ ਜੋ ਕੁਝ ਵੀ ਲਿਖ ਰਹੀ ਹਾਂ ਇਸ ਦਾ ਇਹੋ ਹੀ ਮਤਲਬ ਹੈ ਕਿ ਮੈਨੂੰ ਵੀਨਾ ਨਾਲ ਨਫਰਤ ਹੈ ਜਿਹੜੀ ਕਿ ਤੁਹਾਡੀ ਬਰਬਾਦੀ ਲਈ ਪੈਦਾ ਹੋਈ ਹੈ। ਮੈਂ ਹੋਰ ਕੁਝ ਵੀ ਨਾ ਲਿਖਦੀ ਹੋਈ ਪੱਤਰ ਬੰਦ ਕਰਦੀ ਹਾਂ। ਉਮੀਦ ਹੈ ਕਿ ਤੁਸੀਂ ਮੈਨੂੰ ਖਤ ਲਈ ਹੋਈ ਗੁਸਤਾਖੀ ਲਈ ਮਾਫ ਕਰੋਗੇ।

ਸਿਰਫ ਆਪ ਦੀ

◆ **-ਕਵਿਤਾ**

ਡਰਾਇਵੀ ਅੱਠ

ਮੇਰੇ ਅਰਮਾਨਾਂ ਦੀ ਰਾਣੀ!

ਪਿਆਰ ਪ੍ਰਵਾਨ ਹੋਵੇ! ਤੁਹਾਡਾ ਖ਼ਤ ਮਿਲਿਆ। ਤੁਹਾਡੀਆਂ ਮਜ਼ਬੂਤ ਭਾਵਨਾਵਾਂ ਦਾ ਅਹਿਸਾਸ ਹੋਇਆ। ਤੁਸੀਂ ਮੈਨੂੰ ਯਾਦ ਦਿਵਾਇਆ ਕਿ ਤੁਹਾਡੀ ਜ਼ਿੰਮੇਵਾਰੀ ਵੀ ਮੇਰੇ ਸਿਰ 'ਤੇ ਹੈ। ਕਵਿਤਾ ਜੀ! ਮਾਫ ਕਰ ਦੇਣਾ ਮੇਰੇ ਪਾਗਲਪਨ ਦੇ ਦੌਰੇ ਨੇ ਮੇਰਾ ਦਿਮਾਗ ਹੀ ਖੋਖਲਾ ਕਰ ਦਿਤਾ ਸੀ। ਮੈਂ ਆਪਣੀ ਇਸ ਦੁਨੀਆ ਨੂੰ ਭੁੱਲ ਕੇ ਬਰਬਾਦੀ ਦੇ ਖੰਡਰਾਂ ਵਿਚ ਭਟਕ ਗਿਆ ਸਾਂ। ਬਹਾਰ ਨੂੰ ਛੱਡ ਕੇ ਪੱਤਝੜ ਦੀ ਛਾਂ ਹੇਠ ਚਲਾ ਗਿਆ ਸਾਂ। ਅਸਲੀਅਤ ਨੂੰ ਛੱਡ ਕੇ ਇਕ ਸੁਪਨੇ ਦੇ ਖਿਆਲ ਵਿਚ ਗੁਆਚ ਗਿਆ ਸੀ। ਜਿਹੜੀ ਵੀਨਾ ਮੇਰੀ ਤਬਾਹੀ ਦਾ ਕਾਰਨ ਸੀ ਉਸੇ ਦੇ ਖ਼ਤ ਨੂੰ ਲੈ ਕੇ ਮੈਂ ਫਿਰ ਅਰਮਾਨਾਂ ਦੀ ਖ਼ਾਕ ਵਿਚ ਰੁਲਣ ਲੱਗਾ ਸੀ। ਤੁਹਾਡੇ ਪੱਤਰ ਨੇ ਮੈਨੂੰ ਬਚਾ ਲਿਆ ਹੈ। ਇਸ ਲਈ ਮੈਂ ਤੁਹਾਡਾ ਧੰਨਵਾਦੀ ਹਾਂ।

ਕਵਿਤਾ ਜੀ! ਜਦੋਂ ਮੈਂ ਆਪਣਾ ਤੁਹਾਡੇ ਨਾਲ ਮੁਕਾਬਲਾ ਕਰਦਾ ਹਾਂ ਤਾਂ ਮੈਨੂੰ ਆਪਣੇ ਆਪ ਕੋਲੋਂ ਸ਼ਰਮ ਆਉਣ ਲਗਦੀ ਹੈ। ਤੁਸੀਂ ਕਿੰਨੇ ਪੱਕੇ ਹੋ ਆਪਣੇ ਇਰਾਦੇ ਦੇ ਅਤੇ ਕਿੰਨਾ ਵਿਸ਼ਵਾਸ ਹੈ ਤੁਹਾਨੂੰ ਆਪਣੇ ਆਪ 'ਤੇ। ਲੇਕਿਨ ਮੈਂ ਹਾਂ ਕਿ ਮੈਨੂੰ ਆਪਣੇ ਆਪ 'ਤੇ ਵਿਸ਼ਵਾਸ ਹੀ ਨਹੀਂ। ਮੈਂ ਬਹੁਤ ਹੀ ਕਮਜ਼ੋਰ ਭਾਵਨਾਵਾਂ

ਦਾ ਮਾਲਕ ਹਾਂ। ਜਿਸ ਮਨੁੱਖ ਦੀਆਂ ਭਾਵਨਾਵਾਂ ਹੀ ਕਮਜ਼ੋਰ ਹੋਣ ਉਸ ਦਾ ਜੀਵਨ ਵਿਚ ਕੀ ਇਰਾਦਾ ਹੋ ਸਕਦਾ ਹੈ? ਕੀ ਨਿਸ਼ਾਨਾ ਹੋ ਸਕਦਾ ਹੈ? ਅਤੇ ਕੀ ਸਫਲਤਾ ਮਿਲ ਸਕਦੀ ਹੈ ਉਸ ਨੂੰ? ਮੈਂ ਕਦੀ ਨਹੀਂ ਸੋਚਿਆ ਸੀ ਕਿ ਮੈਂ ਜੀਵਨ ਵਿਚ ਕਦੀ ਕਮਜ਼ੋਰ ਹੋਵਾਂਗਾ ਪਰ ਇਕ ਲੜਕੀ ਦੇ ਝੂਠੇ ਪਿਆਰ ਨੇ ਮੈਨੂੰ ਬਹੁਤ ਹੀ ਕਮਜ਼ੋਰ ਕਰ ਦਿਤਾ। ਔਰਤ ਵੀ ਕੀ ਚੀਜ਼ ਪ੍ਰਮਾਤਮਾ ਨੇ ਬਣਾਈ ਹੈ। ਆਦਮੀ ਦੀ ਸਭ ਤੋਂ ਵੱਡੀ ਕਮਜ਼ੋਰੀ ਜਿਹੜੀ ਪੱਥਰ ਦਿਲ ਨੂੰ ਵੀ ਮੋਮ ਕਰ ਦਿੰਦੀ ਹੈ। ਔਰਤ ਇਕ ਇਹੋ ਜਿਹਾ ਨਸ਼ਾ ਹੈ ਜਿਸ ਦਾ ਸਰੂਰ ਨਹੀ ਚੜ੍ਹਦਾ ਪਰ ਪਿਆਸ ਵਧਦੀ ਰਹਿੰਦੀ ਹੈ। ਅਗਰ ਧਰਤੀ 'ਤੇ ਕੋਈ ਸਰਾਪ ਹੈ ਪ੍ਰਮਾਤਮਾ ਵੱਲੋਂ ਤਾਂ ਉਹ ਕੇਵਲ ਇਸਤਰੀ ਹੈ। ਇਤਹਾਸ ਗਵਾਹ ਹੈ ਕਿ ਵੱਡੀਆਂ ਸਲਤਨਤਾਂ ਇਕ ਇਸਤਰੀ ਦੇ ਕਾਰਨ ਬਰਬਾਦ ਹੋ ਗਈਆਂ। ਰਿਸ਼ੀਆਂ-ਮੁਨੀਆਂ ਦੇ ਜੀਵਨ ਭਰ ਦੀ ਤਪੱਸਿਆ ਪਲ ਵਿਚ ਭੰਗ ਹੋ ਗਈ। ਜਦ ਤਕ ਇਸਤਰੀ ਕਿਸੇ ਦੀ ਪ੍ਰੇਰਨਾ ਬਣੀ ਰਹਿੰਦੀ ਹੈ ਅਤੇ ਤਦ ਤਕ ਉਹ ਪੁਰਸ਼ ਤਰੱਕੀ ਦੀਆਂ ਹੱਦਾਂ ਨੂੰ ਜਿੱਤਦਾ ਰਹਿੰਦਾ ਹੈ ਪਰੰਤੂ ਜਦ ਉਹੋ ਹੀ ਪ੍ਰੇਰਨਾ ਅਸਲੀਅਤ ਦੇ ਰੂਪ ਵਿਚ ਉਸ ਪੁਰਸ਼ ਦੇ ਸਾਹਮਣੇ ਆ ਜਾਂਦੀ ਹੈ ਤਾਂ ਉਸ ਦੀ ਤਰੱਕੀ ਦਾ ਪਤਨ ਹੋ ਜਾਂਦਾ ਹੈ।

ਕਵਿਤਾ ਜੀ! ਮੈਂ ਸਦਾ ਹੀ ਤੁਹਾਨੂੰ ਦੁਖੀ ਕਰਦਾ ਰਿਹਾ ਹਾਂ। ਹਰ ਪੱਤਰ ਵਿਚ ਕੋਈ ਦਰਦਨਾਕ ਘਟਨਾ ਲਿਖਦਾ ਰਿਹਾ ਹਾਂ। ਤੁਹਾਡੇ ਪਿਆਰ ਦੀਆਂ ਤਰੰਗਾਂ ਵਿਚ ਖਲਬਲੀ ਮਚਾਉਂਦਾ ਰਿਹਾ ਹਾਂ। ਤੁਹਾਡੇ ਪਿਆਰ ਦੀ ਮੈਂ ਕਦਰ ਹੀ ਨਹੀਂ ਕੀਤੀ ਜੋ ਕਿ ਮੇਰੀ ਵੱਡੀ ਬੇਵਕੂਫੀ ਹੈ। ਤੁਸੀਂ ਮੈਨੂੰ ਇਕ ਨਵਾਂ ਜੀਵਨ ਦਿਤਾ ਹੈ, ਇਕ ਆਸ ਦਿਤੀ ਹੈ, ਭਵਿੱਖ ਦਾ ਰਸਤਾ ਵਿਖਾਇਆ ਹੈ। ਜਦੋਂ ਮੈਂ ਜੀਵਨ ਦੀ ਗਮਗੀਨ ਸ਼ਾਮ ਵਿਚ ਮੰਜ਼ਿਲ ਦਾ ਰਸਤਾ ਹੀ ਭੁੱਲ ਗਿਆ ਸਾਂ, ਤੁਸੀਂ ਮੇਰੇ ਰਹਿਬਰ ਬਣੇ, ਮੇਰੀ ਉਂਗਲ ਫੜ ਕੇ ਮੈਨੂੰ ਰਸਤੇ 'ਤੇ ਪਾਇਆ। ਮੈਨੂੰ ਇਹ ਸਭ ਕੁਝ ਨਹੀਂ ਭੁੱਲਣਾ ਚਾਹੀਦਾ। ਕਵਿਤਾ ਜੀ! ਅੱਜ ਤੋਂ ਬਾਅਦ ਮੈਂ ਤੁਹਾਨੂੰ ਕਦੀ ਵੀ ਇਹੋ ਜਿਹਾ ਪੱਤਰ ਨਹੀਂ ਲਿਖਾਂਗਾ ਜਿਸ ਵਿਚ ਕਿ ਵੀਨਾ ਦਾ ਜ਼ਿਕਰ ਹੋਵੇ। ਅਗਰ ਵੀਨਾ ਦੀ ਕਦੇ ਭੁੱਲ ਕੇ ਯਾਦ ਵੀ ਆ ਜਾਏ ਤਾਂ ਮੈਂ ਉਸ ਨੂੰ ਦਿਲ ਦੇ ਤਹਿਖਾਨਿਆਂ ਵਿਚ ਹੀ ਕੁਚਲ ਕੇ ਰੱਖ ਦਿਆਂਗਾ। ਉਸ ਦਾ ਮਨਹੂਸ ਸਾਇਆ ਵੀ ਮੇਰੇ ਜੀਵਨ ਨੂੰ ਬਰਬਾਦੀ ਦੇ ਪੈਰਾਂ ਹੇਠ ਕੁਚਲਣ ਲਈ ਕਾਫੀ ਹੈ, ਮੈਂ ਉਸ ਬਰਬਾਦੀ ਦੀ ਮੂਰਤੀ ਨੂੰ ਆਪਣੇ ਜੀਵਨ ਤੋਂ ਅਲੱਗ ਕਰ ਦਿਆਂਗਾ ਤਾਂ ਕਿ ਸਦਾ ਲਈ ਉਸ ਤੋਂ ਛੁਟਕਾਰਾ ਹੋ ਜਾਏ।

ਕਵਿਤਾ ਜੀ! ਮੈਂ ਤੁਹਾਡੇ ਸਹਿਯੋਗ ਨਾਲ ਬਹੁਤ ਵੱਡਾ ਕਲਾਕਾਰ ਬਣਾਂਗਾ, ਆਪਣੀ ਕਲਮ ਵਿਚ ਤੁਹਾਡੇ ਪਿਆਰ ਅਤੇ ਵਫ਼ਾ ਦਾ ਰੰਗ ਭਰ ਦਿਆਂਗਾ, ਸੰਸਾਰ ਮੇਰੇ ਨਾਂ ਉਤੇ ਫ਼ਖ਼ਰ ਕਰੇਗਾ। ਗ਼ਮ ਅਤੇ ਜ਼ਲਾਲਤ ਦੀ ਜ਼ਿੰਦਗੀ ਨੂੰ ਛੱਡ ਕੇ ਖੁਸ਼ੀ ਦੀ ਦੁਨੀਆ ਵਿਚ ਅਸੀਂ ਦੋਨੋਂ ਹੀ ਵੱਸਾਂਗੇ। ਕਵਿਤਾ! ਮੈਂ ਤੈਨੂੰ ਇੰਨੀ ਖੁਸ਼ੀ ਦਿਆਂਗਾ ਕਿ ਤੂੰ ਸੰਭਾਲ ਹੀ ਨਹੀਂ ਸਕੇਂਗੀ। ਦੁਨੀਆ ਭਰ ਦੇ ਸਾਰੇ ਸੁੱਖ ਤੇਰੀ ਝੋਲੀ ਵਿਚ ਭਰ ਦਿਆਂਗਾ। ਮੈਂ ਅਗਲੇ ਪੱਤਰ ਵਿਚ ਸ਼ਾਦੀ ਦੀ ਤਰੀਕ ਲਿਖਾਂਗਾ।

ਜਨਵਰੀ ਤਕ ਮੇਰੇ ਕੋਲੋਂ ਵੀ ਉਡੀਕ ਨਹੀਂ ਹੋਣੀ। ਵਿਆਹ ਉਸ ਤੋਂ ਪਹਿਲੇ ਹੀ ਕਰ ਲੈਣਾ ਠੀਕ ਹੈ। ਮੈਂ ਦੋ ਹਫਤਿਆਂ ਦੇ ਅੰਦਰ ਹੀ ਕਲਕੱਤੇ ਆਵਾਂਗਾ ਅਤੇ ਉਥੇ ਹੀ ਸ਼ਾਦੀ ਕਰ ਕੇ ਤੈਨੂੰ ਨਾਲ ਲੈ ਆਵਾਂਗਾ। ਸਦਾ ਹੀ ਆਪਣੇ ਦਿਲ ਦੇ ਕੋਲ ਅਤੇ ਅੱਖਾਂ ਦੇ ਸਾਹਮਣੇ ਰੱਖਾਂਗਾ। ਤੇਰੀ ਸੁੰਦਰਤਾ ਨੂੰ ਆਪਣੀ ਕਲਮ ਦੀ ਜ਼ਬਾਨ ਤੋਂ ਵਰਨਣ ਕਰ ਕੇ ਕਈ ਕਿਤਾਬਾਂ ਲਿਖ ਦਿਆਂਗਾ। ਕੋਈ ਐਸੀ ਕਸ਼ਿਸ਼ ਹੈ ਜਿਹੜੀ ਕਿ ਮੈਨੂੰ ਤੇਰੇ ਵੱਲ ਬਹੁਤ ਜ਼ੋਰ ਨਾਲ ਖਿੱਚ ਰਹੀ ਹੈ। ਕਵਿਤਾ! ਮੈਂ ਬਹੁਤ ਛੇਤੀ ਆਵਾਂਗਾ।

ਚਿੱਠੀ ਦੁਬਾਰਾ ਪੜ੍ਹਨ 'ਤੇ ਮੈਨੂੰ ਪਤਾ ਲਗਿਆ ਹੈ ਕਿ ਮੈਂ ਪਹਿਲੀ ਵਾਰੀ ਤੁਹਾਡੇ ਲਈ 'ਤੂੰ' ਲਫਜ਼ ਦਾ ਇਸਤੇਮਾਲ ਕੀਤਾ ਹੈ। ਮੈਂ ਇਸ ਲਈ ਮਾਫੀ ਨਹੀਂ ਮੰਗਦਾ ਕਿਉਂਕਿ ਇਸ ਵਿਚ ਜ਼ਿਆਦਾ ਆਪਣਾਪਨ ਅਤੇ ਨਜ਼ਦੀਕੀ ਹੈ। ਇਹ ਵੀ ਪਰਦਾ ਸੀ ਉਠ ਗਿਆ ਹੈ। ਉਮੀਦ ਹੈ ਕਿ ਤੁਸੀਂ ਬੁਰਾ ਮਹਿਸੂਸ ਨਹੀਂ ਕਰੋਗੇ। ਹੋਰ ਮੈਂ ਬਿਲਕੁਲ ਠੀਕ ਹਾਂ, ਮੇਰੀ ਚਿੰਤਾ ਨਹੀਂ ਕਰਨੀ। ਪੱਤਰ ਦਾ ਉਤਰ ਛੇਤੀ ਦੇਣਾ। ਇਸ ਦੇ ਨਾਲ ਹੀ ਮੈਂ ਪੱਤਰ ਬੰਦ ਕਰਦਾ ਹਾਂ, ਸ਼ੁਭ ਕਾਮਨਾਵਾਂ ਦੇ ਨਾਲ।

ਸਿਰਫ ਤੇਰਾ

◆ **–ਸੰਗੀਤ**

ਦਿੱਲੀ ਨੂੰ

ਬਹੁਤ ਹੀ ਪਿਆਰੀ ਕਵਿਤਾ!

ਦਿੱਲੀ ਤੋਂ ਲਿਖੇ ਮੇਰੇ ਇਸ ਪੱਤਰ ਨੂੰ ਵੇਖ ਕੇ ਤੁਹਾਨੂੰ ਕਾਫੀ ਹੈਰਾਨੀ ਹੋਈ ਹੋਵੇਗੀ, ਤੁਹਾਡੀਆਂ ਅੱਖਾਂ ਬੜੀ ਛੇਤੀ ਖਤ ਦੇ ਬਾਕੀ ਹਿੱਸੇ ਨੂੰ ਪੜ੍ਹਨ ਲਈ ਭੱਜੀਆਂ ਹੋਣਗੀਆਂ। ਪ੍ਰਮਾਤਮਾ ਦਾ ਸ਼ੁਕਰ ਹੈ ਕਿ ਮੈਂ ਪੱਤਰ ਲਿਖਣ ਲਈ ਫਿਰ ਜੀਵਨ ਪਾ ਲਿਆ ਹੈ। ਨਹੀਂ ਤਾਂ ਮੇਰਾ ਕਦੀ ਵੀ ਕੋਈ ਖਤ ਤੁਹਾਨੂੰ ਨਾ ਮਿਲਦਾ। ਰੱਬ ਮੈਨੂੰ ਤੁਹਾਡੀਆਂ ਅੱਖਾਂ ਵਿਚ ਇਕ ਬੇਵਫਾ ਅਤੇ ਧੋਖੇਬਾਜ਼ ਬਣਾ ਦਿੰਦਾ। ਕਵਿਤਾ! ਬਾਈ ਅਕਤੂਬਰ ਦੀ ਸ਼ਾਮ ਨੂੰ ਮੈਂ ਫਿਰ ਅਲਸਰ ਦੇ ਦੌਰੇ ਦਾ ਸ਼ਿਕਾਰ ਹੋ ਗਿਆ। ਕਾਰਨ ਸੀ ਫਿਰ ਉਹੋ ਹੀ ਕਮਜ਼ੋਰੀ ਜੋ ਮੈਨੂੰ ਸਦਾ ਹੀ ਨਿਢਾਲ ਕਰ ਦਿੰਦੀ ਹੈ। ਉਸ ਦਿਨ ਦੁਪਹਿਰ ਨੂੰ ਵੀਨਾ ਦਾ ਇਕ ਪੱਤਰ ਆਇਆ ਜਿਸ ਵਿਚ ਉਸ ਨੇ ਬੀਤੀ ਦਾਸਤਾਨ ਦੀਆਂ ਸੁਰਾਂ ਨੂੰ ਫਿਰ ਹਿਲਾ ਦਿਤਾ। ਉਸ ਨੇ ਪੱਤਰ ਵਿਚ ਮਾਫੀ ਮੰਗੀ ਸੀ ਅਤੇ ਆਪਣੇ ਕੀਤੇ ਉਤੇ ਪਛਤਾਵੇ ਦਾ ਪ੍ਰਗਟਾਵਾ ਕੀਤਾ ਸੀ। ਨਾਲੇ ਇਹ ਵੀ ਲਿਖਿਆ ਸੀ ਕਿ ਉਹ ਬਹੁਤ ਦੇਰ ਤੋਂ ਮੈਨੂੰ ਲੱਭ ਰਹੀ ਹੈ ਅਤੇ ਆਪਣੀ ਭੁੱਲ ਨੂੰ ਬਖਸ਼ਾਉਣਾ ਚਾਹੁੰਦੀ ਹੈ। ਜਦ ਮੇਰਾ ਨਾਵਲ "ਕਰੂਪਤਾ" ਪ੍ਰਕਾਸ਼ਿਤ ਹੋਇਆ ਉਦੋਂ ਹੀ ਉਸ ਨੂੰ ਮੇਰਾ ਪਤਾ ਲੱਗਾ। ਅੱਗੇ ਪੱਤਰ ਵਿਚ ਲਿਖਿਆ ਸੀ ਕਿ ਉਹ ਮੈਨੂੰ ਮਿਲਣ ਲਈ

ਡਗਸ਼ਣੀ ਆ ਰਹੀ ਹੈ। ਜਾਣ ਕੇ ਮੇਰੀਆਂ ਅੱਖਾਂ ਅੱਗੇ ਇਕ ਦਮ ਹਨੇਰਾ ਆ ਗਿਆ। ਦਿਲ ਦੀ ਧੜਕਣ ਵਧ ਗਈ, ਖ਼ੂਨ ਖੌਲ੍ਹਣ ਲੱਗ ਪਿਆ। ਸਾਹ ਛੇਤੀ ਨਾਲ ਚਲਣਾ ਸ਼ੁਰੂ ਹੋ ਗਿਆ। ਮੂੰਹ ਸੁੱਕਣ ਲੱਗ ਗਿਆ, ਪਿਆਸ ਵਧਣ ਲੱਗ ਗਈ। ਇਕ ਸੋਚ ਲਗ ਗਈ ਕਿ ਮੈਂ ਕਿਸ ਤਰ੍ਹਾਂ ਉਸ ਦਾ ਸਾਹਮਣਾ ਕਰਾਂਗਾ? ਉਸ ਨੂੰ ਕੀ ਕਹਾਂਗਾ? ਅਤੇ ਕਿਸ ਤਰ੍ਹਾਂ ਉਸ ਨਾਲ ਪੇਸ਼ ਆਵਾਂਗਾ। ਮੇਰੀ ਹਾਲਤ ਬਹੁਤ ਖਰਾਬ ਹੋ ਗਈ। ਖਤਰਨਾਕ ਵਿਚਾਰਾਂ ਨੇ ਮੇਰੀ ਆਤਮਾ ਨੂੰ ਹਿਲੂਣ ਦਿਤਾ ਅਤੇ ਮੈਂ ਵਿਚਾਰ ਬਣਾ ਲਿਆ ਕਿ ਸਵੇਰ ਹੋਣ ਤੋਂ ਪਹਿਲੇ ਹੀ ਮੈਂ ਕੁਟੀਆ ਛੱਡ ਕੇ ਅਲੋਪ ਹੋ ਜਾਵਾਂਗਾ। ਵੀਨਾ ਦੇ ਮੱਥੇ ਵੀ ਨਹੀਂ ਲਗਾਂਗਾ। ਉਸ ਦੀ ਸੂਰਤ ਤਕ ਵੀ ਨਹੀਂ ਵੇਖਾਂਗਾ। ਇਹੋ ਹੀ ਸੋਚਦਾ ਹੋਇਆ ਅਤੇ ਦਿਲ ਨੂੰ ਮਜ਼ਬੂਤ ਬਣਾਉਂਦਾ ਹੋਇਆ ਮੈਂ ਉਥੇ ਜਾ ਵੜਿਆ ਜਿਥੇ ਥੋੜੀ ਦੇਰ ਲਈ ਮੇਰਾ ਹੌਸਲਾ ਬੁਲੰਦ ਹੋ ਜਾਂਦਾ ਹੈ, ਸੰਸਾਰ ਦੇ ਸਾਰੇ ਦੁੱਖ ਭੁੱਲ ਜਾਂਦਾ ਹਾਂ ਅਤੇ ਪਲ ਭਰ ਲਈ ਨਸ਼ੇ ਦੇ ਪੰਘੂੜੇ ਵਿਚ ਅਨੰਦ ਮਾਣਦਾ ਹਾਂ। ਕਵਿਤਾ! ਮੈਂ ਇੰਨੀ ਸ਼ਰਾਬ ਪੀਤੀ ਜਿਸ ਦੀ ਕੋਈ ਹੱਦ ਨਹੀਂ। ਗਲਾ ਖੁਸ਼ਕ ਹੁੰਦਾ ਰਿਹਾ, ਪਿਆਸ ਵਧਦੀ ਰਹੀ ਅਤੇ ਮੈਂ ਪੀਂਦਾ ਰਿਹਾ। ਜਿਵੇਂ ਕਿ ਬਸ ਅਖੀਰਲੀ ਵਾਰ ਹੀ ਪੀਣੀ ਸੀ। ਉਸ ਦਿਨ ਤਾਂ ਮੈਂ ਸ਼ਰਾਬ ਵਿਚ ਹੀ ਡੁੱਬ ਜਾਣਾ ਚਾਹੁੰਦਾ ਸਾਂ। ਜਦੋਂ ਹੱਦ ਹੋ ਗਈ ਪੀਣ ਦੀ ਤਾਂ ਮੈਂ ਉਥੇ ਹੀ ਬੇਹੋਸ਼ ਹੋ ਗਿਆ, ਸਭ ਕੁਝ ਭੁੱਲ ਗਿਆ, ਆਪਣੇ ਤੋਂ ਅਤੇ ਪ੍ਰਮਾਤਮਾ ਤੋਂ ਦੂਰ ਹੋ ਗਿਆ। ਉਸ ਤੋਂ ਬਾਅਦ ਜੋ ਮੇਰੀ ਦਸ਼ਾ ਹੋਈ ਹੈ ਉਹ ਪ੍ਰਮਾਤਮਾ ਕਿਸੇ ਦੀ ਵੀ ਨਾ ਕਰੇ। ਉਲਟੀਆਂ ਸ਼ੁਰੂ ਹੋ ਗਈਆਂ ਅਤੇ ਉਸ ਤੋਂ ਬਾਅਦ ਮੂੰਹ ਵਿਚੋਂ ਖ਼ੂਨ ਨਿਕਲਣਾ ਸ਼ੁਰੂ ਹੋ ਗਿਆ। ਮੈਨੂੰ ਸਕੂਲ ਦੇ ਡਾਕਟਰ ਕੋਲ ਲੈ ਗਏ ਉਸੇ ਹਾਲਤ ਵਿਚ। ਸਵੇਰ ਹੋਣ ਤਕ ਮੈਂ ਬੇਹੋਸ਼ ਪਿਆ ਰਿਹਾ। ਉਸ ਵਕਤ ਹੋਸ਼ ਆਈ ਜਦੋਂ ਮੈਂ ਕਾਰ ਵਿਚ ਦਿੱਲੀ ਜਾ ਰਿਹਾ ਸਾਂ। ਸਵੇਰ ਦਾ ਸਮਾਂ ਸੀ ਅਤੇ ਮੇਰੇ ਨਾਲ ਵੀਨਾ ਕਾਰ ਵਿਚ ਬੈਠੀ ਸੀ। ਉਸ ਦੇ ਉਥੇ ਪਹੁੰਚਣ 'ਤੇ ਡਾਕਟਰ ਨੇ ਕਿਹਾ ਸੀ ਮੈਨੂੰ ਬਹੁਤ ਜਲਦੀ ਦਿੱਲੀ ਪਹੁੰਚਣਾ ਜ਼ਰੂਰੀ ਹੈ। ਇਸ ਹਾਦਸੇ ਦੇ ਕਾਰਨ ਮੈਂ ਦਿੱਲੀ ਦੇ ਇਰਵਨ ਹਸਪਤਾਲ ਵਿਚ ਪਿਆ ਹਾਂ। ਬਿਸਤਰੇ ਤੋਂ ਉਠਣਾ ਵੀ ਮਨ੍ਹਾ ਹੈ। ਇਸ ਸਮੇਂ ਬੜੀ ਮੁਸ਼ਕਲ ਨਾਲ ਇਹ ਪੱਤਰ ਲਿਖ ਰਿਹਾ ਹਾਂ। ਸਾਰੇ ਸੁੱਤੇ ਹੋਏ ਹਨ ਅਤੇ ਮੈਨੂੰ ਪੱਤਰ ਲਿਖਣ ਦਾ ਮੌਕਾ ਮਿਲ ਗਿਆ ਹੈ।

ਕਵਿਤਾ! ਵੀਨਾ ਨੇ ਮੈਨੂੰ 'ਸਪੈਸ਼ਲ' ਕਮਰੇ ਵਿਚ ਰਖਾਇਆ ਹੈ। ਪਰਛਾਵੇਂ ਦੀ ਤਰ੍ਹਾਂ ਮੇਰੇ ਕੋਲ ਬੈਠੀ ਰਹਿੰਦੀ ਹੈ। ਉਸ ਦੇ ਪਿਤਾ ਜੀ ਕਾਰੋਬਾਰ ਦੇ ਜ਼ਰੂਰੀ ਕੰਮ ਛੱਡ ਕੇ ਸਵੇਰੇ ਸ਼ਾਮ ਮੈਨੂੰ ਵੇਖਣ ਆਉਂਦੇ ਹਨ। ਵੀਨਾ ਨੂੰ ਬਹੁਤ ਪਛਤਾਵਾ ਹੈ ਕਿ ਉਸ ਨੇ ਮੈਨੂੰ ਗਲਤ ਸਮਝਿਆ ਸੀ। ਗਲਤ-ਫਹਿਮੀ ਦੀ ਉਹ ਸ਼ਿਕਾਰ ਹੋ ਗਈ ਸੀ। ਜਦੋਂ ਉਸ ਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਉਹ ਪਾਗਲ ਹੀ ਹੋ ਗਈ ਸੀ। ਹੁਣ ਤਕ ਰਾਤ ਦਿਨੇਂ ਰੋਂਦੀ ਰਹੀ। ਪਹਿਲੇ ਤੋਂ ਉਸ ਦੀ ਸਿਹਤ ਵੀ ਚੰਗੀ ਨਹੀਂ ਰਹੀ। ਚਿੰਤਾ ਅਤੇ ਪਛਤਾਵੇ ਨੇ ਉਸ ਨੂੰ ਵੀ ਖਤਮ ਕਰ ਦਿੱਤਾ ਹੈ। ਵੀਨਾ ਦੀ ਇਹ ਹਾਲਤ ਵੇਖ ਕੇ ਮੈਨੂੰ ਬਹੁਤ ਦੁੱਖ ਹੋਇਆ ਅਤੇ ਹਮਦਰਦੀ ਵੀ ਹੋਈ। ਮੈਂ ਵੀ

ਵਿਚਾਰੀ ਨੂੰ ਗਲਤ ਹੀ ਸਮਝਦਾ ਰਿਹਾ। ਬੇ-ਵਫਾ ਅਤੇ ਧੋਖੇਬਾਜ਼ ਕਹਿੰਦਾ ਰਿਹਾ। ਉਸ ਨੂੰ ਗਲਤੀ ਦਾ ਅਹਿਸਾਸ ਕਰਨ ਦਾ ਮੌਕਾ ਵੀ ਨਹੀਂ ਦਿਤਾ। ਜਿਸ ਵੀਨਾ ਨੂੰ ਮੈਂ ਨਫਰਤ ਕਰਦਾ ਸਾਂ, ਜਿਸ ਦੀ ਸੂਰਤ ਨੂੰ ਨਹੀਂ ਵੇਖਣਾ ਚਾਹੁੰਦਾ ਸਾਂ, ਉਹੋ ਹੀ ਵੀਨਾ ਅੱਜ ਕਲ੍ਹ ਮੇਰੀ ਕਿੰਨੀ ਸੇਵਾ ਕਰ ਰਹੀ ਹੈ। ਰਾਤ ਨੂੰ ਚੰਗੀ ਤਰ੍ਹਾਂ ਸੌਂਦੀ ਵੀ ਨਹੀਂ। ਐਨੀ ਖੁਸ਼ ਹੈ ਕਿ ਜਿਵੇਂ ਉਸ ਨੂੰ ਕੋਈ ਅਨਮੋਲ ਵਸਤੂ ਮਿਲ ਗਈ ਹੋਵੇ। ਡਾਕਟਰ ਦੇ ਇਰਦ-ਗਿਰਦ ਰਹਿੰਦੀ ਹੈ ਅਤੇ ਸਦਾ ਹੀ ਮੇਰੇ ਬਾਰੇ ਡਾਕਟਰਾਂ ਤੋਂ ਪੁੱਛਦੀ ਰਹਿੰਦੀ ਹੈ। ਜਿਸ ਨੂੰ ਮੈਂ ਆਪਣੀ ਤਬਾਹੀ ਦੀ ਤਸਵੀਰ ਸਮਝਦਾ ਰਿਹਾ ਹਾਂ ਉਹੀ ਵੀਨਾ ਮੇਰੀ ਅਬਾਦੀ ਦੀ ਮੂਰਤ ਬਣ ਗਈ ਹੈ ਪਰੰਤੂ ਮੈਂ ਚਾਹੁੰਦਾ ਹਾਂ ਕਿ ਉਸ ਉਪਰ ਕੋਈ ਭਾਰ ਨਾ ਪਾਵਾਂ ਅਤੇ ਉਸ ਤੋਂ ਦੂਰ ਰਹਾਂ। ਕਵਿਤਾ! ਮੈਂ ਬਹੁਤ ਕਮਜ਼ੋਰੀ ਅਨੁਭਵ ਕਰ ਰਿਹਾ ਹਾਂ। ਉਠ ਕੇ ਬੈਠਣ ਦੀ ਵੀ ਹਿੰਮਤ ਨਹੀਂ ਪੈਂਦੀ। ਡਾਕਟਰ ਕਹਿੰਦੇ ਹਨ ਕਿ ਮੇਰੀ ਬੀਮਾਰੀ ਕਾਫੀ ਵਧ ਗਈ ਹੈ ਅਤੇ ਇਸ ਤੋਂ ਜਿਆਦਾ ਵਧਣੀ ਠੀਕ ਨਹੀਂ। ਬੀਮਾਰੀ ਦਾ ਇਲਾਜ ਇਥੇ ਨਹੀਂ ਹੋ ਸਕਦਾ, ਇਸ ਲਈ ਕਿਸੇ ਦੂਸਰੇ ਦੇਸ਼ ਵਿਚ ਜਾਣਾ ਬਹੁਤ ਜ਼ਰੂਰੀ ਹੈ। ਸਮਝ ਨਹੀਂ ਆਉਂਦੀ ਕਿ ਕੀ ਕੀਤਾ ਜਾਏ?

ਕਵਿਤਾ! ਇਸ ਵਕਤ ਰਾਤ ਦੇ ਦੋ ਵੱਜਣ ਵਾਲੇ ਹਨ ਵਾਤਾਵਰਨ ਬਿਲਕੁਲ ਸ਼ਾਂਤ ਹੈ। ਥੋੜੀ-ਥੋੜੀ ਸਰਦੀ ਲਗ ਰਹੀ ਹੈ। ਦਿਲ ਕਰਦਾ ਹੈ ਇਥੋਂ ਚੁੱਪ ਕਰ ਕੇ ਨਿਕਲ ਜਾਵਾਂ ਅਤੇ ਕਿਸੇ ਦੂਰ ਮੰਜ਼ਿਲ 'ਤੇ ਪਹੁੰਚ ਜਾਵਾਂ ਜਿਥੋਂ ਤੇਰੀ ਰੌਸ਼ਨੀ ਦਿਸਦੀ ਹੋਵੇ ਪਰ ਉਥੇ ਪਹੁੰਚਾ ਕਿਸ ਤਰ੍ਹਾਂ? ਜਾਣ ਦਾ ਤਾਂ ਕੋਈ ਸਾਧਨ ਨਹੀਂ, ਕੋਈ ਤਰੀਕਾ ਨਹੀਂ, ਜੇਬ ਵਿਚ ਕੋਈ ਪੈਸਾ ਨਹੀਂ। ਵੀਨਾ ਦੇ ਰਹਿਮੋ-ਕਰਮ 'ਤੇ ਇਥੇ ਪਿਆ ਹਾਂ। ਸਾਹਮਣੇ ਵੀਨਾ ਵੀ ਸੁੱਤੀ ਹੋਈ ਹੈ, ਚੰਨ ਵਰਗਾ ਚਿਹਰਾ ਅਤੇ ਗੁਲਾਬ ਵਰਗਾ ਰੰਗ ਜਿਵੇਂ ਕਲੀ ਵਰਗੀ ਨਜ਼ਾਕਤ ਦਾ ਇਕ ਨਮੂਨਾ ਹੋਵੇ। ਖਿੜਕੀ ਵੱਲੋਂ ਚੰਨ ਦੀ ਚਾਂਦਨੀ ਉਸ ਦਿਆਂ ਵਾਲਾਂ ਉਤੇ ਪੈ ਰਹੀ ਹੈ, ਇਹ ਕਾਲੀਆਂ ਨਾਗਨ ਵਰਗੀਆਂ ਜ਼ੁਲਫ਼ਾਂ ਸਾਵਨ ਦੀ ਬੱਦਲੀ ਵਾਂਗੂ ਹੱਸ ਰਹੀਆਂ ਹਨ। ਸਾਰੇ ਦਿਨ ਦੀ ਥਕਾਵਟ ਨੂੰ ਇਸ ਵਕਤ ਬੇਸੁਧ ਹੋਈ ਨੀਂਦ ਰੂਪੀ ਦਵਾਈ ਨਾਲ ਦੂਰ ਕਰ ਰਹੀ ਹੈ।

ਕਵਿਤਾ! ਇਸ ਪੱਤਰ ਦਾ ਉਤਰ ਹਸਪਤਾਲ ਦੇ ਐਡਰੈਸ 'ਤੇ ਹੀ ਦੇਣਾ। ਮੇਰੇ ਖਿਆਲ ਵਿਚ ਪਿਛਲੇ ਪੱਤਰ ਦਾ ਉਤਰ ਤੁਸੀਂ ਦੇ ਦਿਤਾ ਹੋਣਾ ਹੈ ਡਗਸ਼ਈ ਦੇ ਪਤੇ ਉਤੇ ਪਤਾ ਨਹੀਂ ਮਿਲੇਗਾ ਵੀ ਕਿ ਨਹੀਂ।

ਕਵਿਤਾ! ਇਸ ਪੱਤਰ ਵਿਚ ਮੈਂ ਵੀਨਾ ਦੀ ਪ੍ਰਸੰਸਾ ਜ਼ਰੂਰ ਕੀਤੀ ਹੈ ਪਰ ਇਸ ਨੂੰ ਹੋਰ ਕੁਝ ਨਾ ਸਮਝੀਂ। ਕਮਾਨ ਵਿਚੋਂ ਨਿਕਲਿਆ ਹੋਇਆ ਤੀਰ ਫਿਰ ਵਾਪਸ ਨਹੀਂ ਮਿਲਦਾ। ਵੀਨਾ ਦੀ ਹਮਦਰਦੀ ਮੇਰੇ ਇਰਾਦੇ ਨੂੰ ਨਹੀਂ ਬਦਲ ਸਕਦੀ। ਹੋਰ ਕੀ ਲਿਖਾਂ? ਦਿਲ ਤਾਂ ਕਰਦਾ ਹੈ ਕਿ ਲਿਖੀ ਹੀ ਜਾਵਾਂ ਅਤੇ ਲਿਖਦਿਆਂ ਲਿਖਦਿਆਂ ਜੀਵਨ ਹੀ ਗੁਜ਼ਾਰ ਦਿਆਂ ਪਰ ਲਿਖਣ ਜੋਗਾ ਕੁਝ ਵੀ ਨਹੀਂ

ਹੈ। ਇਸ ਲਈ ਸ਼ੁਭ-ਕਾਮਨਾਵਾਂ ਦੇ ਨਾਲ ਪੱਤਰ ਬੰਦ ਕਰਦਾ ਹਾਂ। ਬਾਕੀ ਅਗਲੇ ਪੱਤਰ ਵਿਚ।

ਤੁਹਾਡਾ ਆਪਣਾ

◆

-ਸੰਗੀਤ

ਕਲਕੱਤਾ **ਦਸ**

ਮੇਰੇ ਰੋਮ-ਰੋਮ ਵਿਚ ਵੱਸਣ ਵਾਲੇ ਸੰਗੀਤ ਜੀ!

ਪਿਆਰ ਭਰੀ ਯਾਦ! ਇੱਕੀ ਅਕਤੂਬਰ ਦਾ ਤੁਹਾਡਾ ਪੱਤਰ ਮਿਲਿਆ ਪੜ੍ਹ ਕੇ ਬੇਹੱਦ ਪ੍ਰਸੰਨਤਾ ਹੋਈ। ਦਿਲ ਦੀ ਜਿਹੜੀ ਕਲੀ ਮੁਰਝਾਅ ਚਲੀ ਸੀ ਉਸ ਵਿਚ ਫਿਰ ਜੀਵਨ ਆ ਗਿਆ, ਉਹ ਫਿਰ ਖਿਲ ਉਠੀ। ਸੱਚਮੁਚ ਹੀ ਮੈਂ ਚਿੰਤਾ ਦੇ ਕਾਰਨ ਅੰਦਰੋਂ-ਅੰਦਰ ਹੀ ਖਤਮ ਹੋ ਜਾਣਾ ਸੀ, ਤੁਹਾਡੀ ਪ੍ਰੇਸ਼ਾਨੀ ਨੇ ਤਾਂ ਮੇਰੀਆਂ ਜੜ੍ਹਾਂ ਹੀ ਖੋਖਲੀਆਂ ਕਰ ਦੇਣੀਆਂ ਸਨ, ਉਮੀਦਾਂ ਦੇ ਪੁਲ ਢਾਹ-ਢੇਰੀ ਹੋਣ ਲੱਗੇ ਸਨ। ਪ੍ਰਮਾਤਮਾ ਕੋਲੋਂ ਮੈਂ ਸਵੇਰੇ ਉਠਦਿਆਂ ਹੀ ਇਹੋ ਮੰਗਿਆ ਸੀ ਕਿ ਤੁਹਾਡੀ ਸੁੱਖ ਦੀ ਚਿੱਠੀ ਆਏ। ਰੱਬ ਨੇ ਮੇਰੀ ਸੁਣ ਲਈ ਅਤੇ ਮੂੰਹ ਮੰਗੀ ਮੁਰਾਦ ਦੇ ਦਿੱਤੀ। ਚੰਨ ਜੀ! ਚਿੱਠੀ ਪੜ੍ਹ ਕੇ ਮੈਂ ਬੇਹਦ ਖੁਸ਼ ਹੋਈ ਹਾਂ। ਉਹੋ ਜਿਹੀ ਖੁਸ਼ੀ ਪ੍ਰਾਪਤ ਹੋਈ ਹੈ ਜਿਹੜੀ ਕਿ ਤੁਹਾਡੇ ਪਹਿਲੇ ਪੱਤਰ ਵੇਲੇ ਹੋਈ ਸੀ।

ਸੰਗੀਤ ਜੀ! ਇਹ ਤੁਹਾਡੀ ਸਿਆਣਪ ਹੈ ਕਿ ਤੁਸੀਂ ਸੁਪਨੇ ਨੂੰ ਛੱਡ ਦਿੱਤਾ ਹੈ। ਸੁਪਨੇ ਕਦੀ ਆਪਣੇ ਨਹੀਂ ਹੁੰਦੇ। ਜਿਸ ਤਰ੍ਹਾਂ ਸੂਰਜ ਦੀ ਧੁੱਪ ਨਾਲ ਤਰੇਲ ਦੇ ਮੋਤੀ ਸੁੱਕ ਜਾਂਦੇ ਹਨ। ਇਸ ਤਰ੍ਹਾਂ ਅੱਖ ਖੁੱਲ੍ਹਦਿਆਂ ਇਹ ਸੁਪਨੇ ਵੀ ਟੁੱਟ ਜਾਂਦੇ ਹਨ। ਤੁਹਾਡੇ ਪਹਿਲੇ ਦੋ ਪੱਤਰ ਪੜ੍ਹ ਕੇ ਮੈਂ ਤਾਂ ਇਹੋ ਹੀ ਸੋਚਿਆ ਸੀ ਕਿ ਤੁਸੀਂ ਇਕ ਠੱਗ ਹੋ। ਲੜਕੀਆਂ ਨੂੰ ਪਿਆਰ ਨਾਲ ਜਾਲ ਵਿਚ ਫਸਾ ਕੇ ਬਰਬਾਦ ਕਰਨਾ ਮੈਂ ਤੁਹਾਡਾ ਪੇਸ਼ਾ ਹੀ ਸਮਝ ਬੈਠੀ ਸੀ। ਮੈਨੂੰ ਆਪਣੇ ਦਿਲ ਦੇ ਭੋਲੇਪਨ ਤੋਂ ਨਫਰਤ ਹੋ ਗਈ ਸੀ ਕਿ ਮੈਂ ਜੀਵਨ ਦੀ ਸਭ ਤੋਂ ਜ਼ਰੂਰੀ ਸਮੱਸਿਆ ਨੂੰ ਬਿਨਾਂ ਸੋਚੇ ਸਮਝੇ ਹੱਲ ਕਰ ਲਿਆ। ਤੁਹਾਡੇ ਮਾਸੂਮ ਚਿਹਰੇ ਨੂੰ ਵੇਖ ਕੇ ਲੱਟੂ ਹੋ ਗਈ ਪਰ ਤੁਹਾਡੇ ਪੱਤਰ ਨੇ ਉਮੀਦਾਂ ਦੇ ਪੁਲ ਫਿਰ ਬੰਨ੍ਹ ਦਿੱਤੇ ਅਤੇ ਆਸ਼ਾ ਦੀ ਤਰੰਗ ਖੁਸ਼ੀ ਦੀ ਪੀਂਘ 'ਤੇ ਝੂਲਣ ਲਗ ਪਈ।

ਸੰਗੀਤ ਜੀ! ਤੁਸੀਂ ਇਕ ਸਧਾਰਣ ਮਨੁੱਖ ਨਹੀਂ ਹੋ, ਇਕ ਕਲਾਕਾਰ ਹੋ। ਪ੍ਰਮਾਤਮਾ ਨੇ ਤੁਹਾਨੂੰ ਇਹ ਇਕ ਤੋਹਫਾ ਦਿਤਾ ਹੈ ਜਿਸ ਇਨਕਲਾਬ ਰਾਹੀਂ ਤੁਸੀਂ ਸੰਸਾਰ ਵਿਚ ਅਤੇ ਸਮਾਜ ਦੀਆਂ ਤਰੁੱਟੀਆਂ ਨੂੰ ਕਲਮਬੰਦ ਕਰ ਸਕਦੇ ਹੋ, ਇਕ ਕਲਾਕਾਰ ਦੀਆਂ ਭਾਵਨਾਵਾਂ ਕਦੀ ਕਮਜ਼ੋਰ ਨਹੀਂ ਹੋ ਸਕਦੀਆਂ। ਕਲਾਕਾਰ ਦੀਆਂ ਭਾਵਨਾਵਾਂ ਦਾ ਤੁਫਾਨ ਕੋਈ ਨਹੀਂ ਸਹਿ ਸਕਦਾ, ਉਹ ਤੁਫਾਨ ਸਮਾਜ ਦੀਆਂ ਮਜ਼ਬੂਤ ਨੀਹਾਂ ਨੂੰ ਹਿਲਾ ਕੇ ਰੱਖ ਦਿੰਦਾ ਹੈ, ਕੋਈ ਜ਼ਬਾਨ ਜਾਂ ਤਲਵਾਰ ਇਨਕਲਾਬ

ਨੂੰ ਜਨਮ ਨਹੀਂ ਦਿੰਦੀ ਪਰੰਤੂ ਲਿਖਾਰੀ ਦੀ ਕਲਮ ਇਨਕਲਾਬ ਦੀ ਜੜ੍ਹ ਹੁੰਦੀ ਹੈ। ਉਸ ਦੀਆਂ ਭਾਵਨਾਵਾਂ ਵਿਚ ਇੰਨਾ ਬਲ ਹੁੰਦਾ ਹੈ ਕਿ ਮੁਰਦਿਆਂ ਵਿਚ ਵੀ ਜਾਨ ਪਾ ਦਿੰਦੀਆਂ ਹਨ। ਤੁਸੀਂ ਆਪਣੇ ਆਪ ਨੂੰ ਕਮਜ਼ੋਰ ਸਮਝਦੇ ਹੋ। ਯਾਦਾਂ ਦੇ ਝੱਖੜ ਦਾ ਮੁਕਾਬਲਾ ਕਰਨਾ ਅਤੇ ਉਨ੍ਹਾਂ ਨੂੰ ਕੁਚਲ ਦੇਣਾ ਇਕ ਕਮਜ਼ੋਰ ਆਦਮੀ ਦਾ ਕੰਮ ਨਹੀਂ ਹੈ। ਚੰਨ ਜੀ! ਮੈਂ ਤਾਂ ਤੁਹਾਡੇ ਅੱਗੇ ਸ਼ੂਨ (ਜ਼ੀਰੋ) ਸਮਾਨ ਹਾਂ, ਇਹ ਤਾਂ ਮੇਰੇ ਪਿਛਲੇ ਜਨਮਾਂ ਦਾ ਫਲ ਹੈ ਜੋ ਕਿ ਮੈਂ ਤੁਹਾਡੇ ਯੋਗ ਹੋ ਸਕੀ ਹਾਂ ਨਹੀਂ ਤਾਂ ਮੈਂ ਕਿਥੇ ਇਕ ਮਾਮੂਲੀ ਜਿਹੀ ਘਰੇਲੂ ਲੜਕੀ ਅਤੇ ਤੁਸੀਂ ਇਕ ਮਹਾਨ ਸਮਾਜਿਕ ਲਿਖਾਰੀ।

ਸੰਗੀਤ ਜੀ! ਤੁਸੀਂ ਲਿਖਿਆ ਹੈ ਕਿ ਕੋਈ ਨਾ ਕੋਈ ਦਰਦਨਾਕ ਘਟਨਾ ਲਿਖ ਕੇ ਤੁਸੀਂ ਮੈਨੂੰ ਦੁਖੀ ਕਰਦੇ ਰਹਿੰਦੇ ਹੋ। ਤੁਸੀਂ ਕੀ ਸਮਝਦੇ ਹੋ ਕਿ ਮੈਂ ਤੁਹਾਡੀਆਂ ਦੁੱਖ ਭਰੀਆਂ ਘਟਨਾਵਾਂ ਨੂੰ ਨਹੀਂ ਸਮਝਦੀ? ਮੈਂ ਤਾਂ ਆਪਣੀ ਖੁਸ਼ਕਿਸਮਤੀ ਸਮਝਦੀ ਹਾਂ ਕਿ ਤੁਸੀਂ ਮੈਨੂੰ ਇਸ ਯੋਗ ਸਮਝਿਆ ਹੈ। ਜਦੋਂ ਸਾਡੀ ਆਤਮਾ ਸਾਡਾ ਸਰੀਰ ਇਕ ਹੋ ਗਏ ਹਨ ਫਿਰ ਤੁਹਾਡਾ ਦੁੱਖ ਜਾਂ ਮੇਰਾ ਦੁੱਖ ਇਕ ਹੀ ਤਾਂ ਹਨ। ਤੁਸੀਂ ਮੈਨੂੰ ਨਹੀਂ ਦੱਸੋਗੇ ਤਾਂ ਫਿਰ ਕਿਸ ਨੂੰ ਦੱਸੋਗੇ? ਮੈਂ ਤਾਂ ਰੱਬ ਕੋਲੋਂ ਸਦਾ ਇਹ ਮੰਗਦੀ ਹਾਂ ਕਿ ਤੁਹਾਡੇ ਸਾਰੇ ਦੁੱਖ ਦਰਦ ਮੈਨੂੰ ਲਗ ਜਾਣ ਅਤੇ ਤੁਸੀਂ ਸੰਸਾਰ ਨੂੰ ਆਪਣੀ ਕਲਾ ਦੇ ਕਾਰਨਾਮੇ ਦੱਸਣ ਲਈ ਸੁਖੀ ਅਤੇ ਤੰਦਰੁਸਤ ਹੋ ਜਾਵੋ। ਸਫਲਤਾ ਹਮੇਸ਼ਾ ਅਤੇ ਹਰ ਥਾਂ ਤੁਹਾਡੇ ਕਦਮ ਚੁੰਮੇ।

ਚੰਨ ਜੀ! ਤੁਸੀਂ ਤਾਂ ਇਸ ਖ਼ਤ ਨੂੰ ਲਿਖ ਕੇ ਹੀ ਸਾਰੇ ਸੰਸਾਰ ਦੀਆਂ ਖੁਸ਼ੀਆਂ ਮੇਰੀ ਝੋਲੀ ਵਿਚ ਪਾ ਦਿਤੀਆਂ ਹਨ। ਇਸ ਤੋਂ ਵਧ ਮੈਨੂੰ ਖੁਸ਼ੀ ਦੀ ਕੀ ਲੋੜ ਹੈ? ਤੁਸੀਂ ਖੁਸ਼ ਰਹੋ ਬਸ ਉਹੋ ਹੀ ਮੇਰੀ ਵੱਡੀ ਖੁਸ਼ੀ ਹੈ। ਖੁਸ਼ੀ ਪ੍ਰਾਪਤ ਕਰਨ ਲਈ ਮਨੁੱਖ ਨੂੰ ਕੀ ਕੁਝ ਨਹੀਂ ਕਰਨਾ ਪੈਂਦਾ ਹੈ ਪਰੰਤੂ ਉਸ ਦਾ ਮਨ ਫਿਰ ਵੀ ਸੰਤੁਸ਼ਟ ਨਹੀਂ ਹੁੰਦਾ। ਲੇਕਿਨ ਮੈਂ ਪਿਛਲੇ ਜਨਮ ਵਿਚ ਕੋਈ ਸ਼ੁਭ ਕਰਮ ਕੀਤੇ ਹਨ ਜਿਨ੍ਹਾਂ ਦੇ ਸਦਕੇ ਦੁੱਖ ਮੇਰੇ ਦਾਮਨ ਨੂੰ ਵੀ ਨਹੀਂ ਛੂੰਹਦਾ।

ਬਾਕੀ ਰਹੀ ਵੀਨਾ! ਉਸ ਦਾ ਤੁਹਾਡੇ ਜੀਵਨ ਨਾਲ ਗੂੜ੍ਹਾ ਸਬੰਧ ਹੈ ਇਸ ਤੋਂ ਮੈਨੂੰ ਇਨਕਾਰ ਨਹੀਂ ਅਤੇ ਨਾ ਹੀ ਹੋਰ ਕਿਸੇ ਨੂੰ ਹੋ ਸਕਦਾ ਹੈ। ਜੇਕਰ ਉਹ ਤੁਹਾਡੀ ਜ਼ਿੰਦਗੀ ਵਿਚ ਆ ਕੇ ਚਲੀ ਨਾ ਗਈ ਹੁੰਦੀ ਤਾਂ ਜੋ ਕੁਝ ਅੱਜ ਤੁਸੀਂ ਹੋ ਕਦੀ ਨਾ ਹੁੰਦੇ। ਤੁਸੀਂ ਕਿਸੇ ਕਾਲਜ ਦੇ ਪ੍ਰੋਫ਼ੈਸਰ ਹੁੰਦੇ। ਇਸ ਵਿਚ ਸ਼ੱਕ ਨਹੀਂ ਕਿ ਤੁਸੀਂ ਇਕ ਲਿਖਾਰੀ ਨਾ ਹੁੰਦੇ, ਤੁਹਾਡੀ ਕਲਮ ਵਿਚ ਇੰਨੀ ਜਾਨ ਨਾ ਹੁੰਦੀ। ਮਹਾਨਤਾ ਦੀ ਪੌੜੀ 'ਤੇ ਤੁਸੀਂ ਕਦੀ ਨਾ ਚੜ੍ਹ ਸਕਦੇ। ਹਰ ਇਕ ਮਹਾਨ ਮਨੁੱਖ ਦੀ ਮਹਾਨਤਾ ਪਿਛੇ ਇਕ ਔਰਤ ਹੁੰਦੀ ਹੈ, ਜਿਸ ਦੀ ਪ੍ਰਾਪਤੀ ਲਈ ਜਾਂ ਜਿਸ ਦੇ ਪਿਆਰ ਵਿਚ ਪਾਗਲ ਹੋ ਕੇ ਜਾਂ ਜਿਸ ਤੋਂ ਧੋਖਾ ਖਾ ਕੇ ਜਾਂ ਜਿਸ ਦੀ ਪ੍ਰੇਰਨਾ ਕਰ ਕੇ ਮਨੁੱਖ ਮਹਾਨ ਬਣ ਜਾਂਦਾ ਹੈ। ਜਿਸ ਮਹਾਨਤਾ ਵਿਚ ਦੁੱਖ ਦੀ ਮਿਲਾਵਟ ਹੋਵੇ ਉਹ ਕੁਦਰਤ ਦਾ ਸਹੀ ਰੂਪ ਹੁੰਦਾ ਹੈ ਕਿਉਂਕਿ ਦੁੱਖ ਹੀ ਕੁਦਰਤ ਦੀ ਇਕ ਦੇਣ ਹੈ ਜਿਹੜਾ ਕਿ ਕਦੀ ਖਤਮ ਨਹੀਂ ਹੁੰਦਾ। ਪਿਆਰ, ਦੋਸਤੀ, ਸੁੰਦਰਤਾ ਅਤੇ ਖੁਸ਼ੀ ਸਭ ਖਤਮ ਹੋ ਜਾਂਦੇ ਹਨ, ਹਰ ਇਕ ਦੀ ਜ਼ਿੰਦਗੀ ਛੋਟੀ ਹੈ ਪਰ ਦੁੱਖ ਦੀ ਉਮਰ ਬੜੀ ਲੰਮੀ ਹੈ। ਸੰਸਾਰ

ਦਾ ਕੋਈ ਵੀ ਪੁਰਸ਼ ਐਸਾ ਨਹੀਂ ਹੈ ਜਿਹੜਾ ਦੁਖੀ ਨਾ ਹੋਵੇ। ਦੁੱਖ ਮਨੁੱਖ ਦਾ ਸਾਥੀ ਹੈ। ਇਸ ਲਈ ਜਿਸ ਕਲਾਕਾਰ ਦੀ ਕਲਾ ਦੁੱਖ ਵਿਚ ਢਲੀ ਹੋਵੇ ਉਹੋ ਹੀ ਕੁਦਰਤ ਦਾ ਸਹੀ ਨਕਸ਼ਾ ਪੇਸ਼ ਕਰ ਸਕਦਾ ਹੈ। ਇਸ ਲਈ ਜਦ ਤਕ ਤੁਸੀਂ ਇਕ ਲਿਖਾਰੀ ਹੋ ਵੀਨਾ ਨੂੰ ਨਹੀਂ ਭੁੱਲ ਸਕਦੇ। ਉਸ ਦੀ ਯਾਦ ਵਿਚ ਤੜਫਣਾ ਹੀ ਤੁਹਾਡੀ ਕਲਾ ਦੀ ਸ਼ਕਤੀ ਹੈ। ਜਿਸ ਵਕਤ ਤੁਸੀਂ ਉਸ ਦੀ ਯਾਦ ਨੂੰ ਦਿਲ ਵਿਚੋਂ ਸਦਾ ਲਈ ਕੱਢ ਦਿਉਗੇ, ਉਸ ਦਿਨ ਤੋਂ ਬਾਦ ਤੁਸੀਂ ਕਲਾਕਾਰ ਵੀ ਨਹੀਂ ਰਹੋਗੇ। ਮੈਂ ਨਹੀਂ ਕਹਿੰਦੀ ਕਿ ਤੁਸੀਂ ਉਸ ਨੂੰ ਭੁੱਲ ਜਾਉ ਮੈਂ ਤਾਂ ਸਿਰਫ ਇਹ ਕਹਿੰਦੀ ਹਾਂ ਕਿ ਉਸ ਦੀ ਯਾਦ ਵਿਚ ਮਿਟ ਨਾ ਜਾਉ।

ਬਾਕੀ ਮੈਂ ਉਸ ਦਿਨ ਦੀ ਇੰਤਜ਼ਾਰ ਕਰਾਂਗੀ ਜਿਸ ਦਿਨ ਤੁਸੀਂ ਕਲਕੱਤੇ ਆਵੋਗੇ। ਇਸ ਤੋਂ ਜਿਆਦਾ ਖੁਸ਼ੀ ਕੀ ਹੋ ਸਕਦੀ ਹੈ ਕਿ ਦਸਾਂ ਦਿਨਾਂ ਦੇ ਅੰਦਰ ਅਸੀਂ ਇਕ ਹੋ ਜਾਵਾਂਗੇ ਸਮਾਜਿਕ ਤੌਰ 'ਤੇ। ਵੈਸੇ ਆਤਮਕ ਤੌਰ 'ਤੇ ਅਸੀਂ ਕਦੋਂ ਦੇ ਇਕ ਹੋ ਚੁੱਕੇ ਹਾਂ। ਮੈਂ ਇਸ ਬਾਰੇ ਪਿਤਾ ਜੀ ਨੂੰ ਦੱਸ ਦਿੱਤਾ ਹੈ ਅਤੇ ਉਹ ਜਾਣ ਕੇ ਬਹੁਤ ਹੀ ਪ੍ਰਸੰਨ ਹੋਏ ਹਨ ਕਿ ਤੁਸੀਂ ਛੇਤੀ ਹੀ ਆ ਰਹੇ ਹੋ। ਆਉਣ ਤੋਂ ਪਹਿਲੇ ਜ਼ਰੂਰ ਖ਼ਬਰ ਕਰ ਦੇਣੀ ਤਾਂ ਕਿ ਤੁਹਾਨੂੰ ਸਟੇਸ਼ਨ ਤੋਂ ਜਾ ਕੇ ਲੈ ਆਈਏ। ਕਿਧਰੇ ਚੁੱਪ-ਚੁਪੀਤੇ ਨਹੀਂ ਆ ਜਾਣਾ। ਹੋਰ ਪਿਤਾ ਜੀ ਕਹਿ ਰਹੇ ਸੀ ਕਿ ਸ਼ਾਦੀ ਦੀ ਤਾਰੀਖ ਵੀ ਲਿਖ ਦੇਣੀ ਤਾਂ ਕਿ ਉਹ ਆਪਣੇ ਕੁਝ ਰਿਸ਼ਤੇਦਾਰਾਂ ਨੂੰ ਇਤਲਾਹ ਦੇ ਸਕਣ।

ਸੰਗੀਤ ਜੀ! ਇਸ ਤੋਂ ਛੁੱਟ ਮੇਰੀ ਇਕ ਪ੍ਰਾਰਥਨਾ ਹੈ ਕਿ ਤੁਸੀਂ ਅੰਮ੍ਰਿਤਸਰ ਜਾਉ ਅਤੇ ਮਾਤਾ ਜੀ ਨੂੰ ਸ਼ਾਦੀ ਬਾਰੇ ਦੱਸੋ। ਹੁਣ ਤਕ ਉਹ ਕਾਫੀ ਬਦਲ ਗਏ ਹੋਣਗੇ। ਤੁਹਾਡੇ ਨਾਲ ਉਨ੍ਹਾਂ ਨੂੰ ਜ਼ਰੂਰ ਹਮਦਰਦੀ ਹੋਏਗੀ ਅਤੇ ਉਹ ਸ਼ਾਦੀ 'ਤੇ ਹਾਜ਼ਰ ਹੋਣਗੇ। ਉਨ੍ਹਾਂ ਦਾ ਅਸ਼ੀਰਵਾਦ ਸਾਡੇ ਸੁਨਹਿਰੀ ਭਵਿੱਖ ਲਈ ਬੜਾ ਜ਼ਰੂਰੀ ਹੈ। ਚੰਨ ਜੀ! ਫਿਰ ਵੀ ਉਹ ਵੱਡੇ ਹਨ, ਉਨ੍ਹਾਂ ਅੱਗੇ ਝੁਕਣਾ ਕੋਈ ਬੁਰੀ ਗੱਲ ਨਹੀਂ, ਉਨ੍ਹਾਂ ਦਾ ਮਾਣ ਰੱਖਣਾ ਤੁਹਾਡਾ ਫ਼ਰਜ਼ ਹੈ। ਮੈਨੂੰ ਆਸ ਹੈ ਕਿ ਤੁਸੀਂ ਇਹ ਕੰਮ ਜ਼ਰੂਰ ਕਰੋਗੇ। ਬਾਕੀ ਤੁਹਾਡੇ ਦੂਸਰੇ ਪੱਤਰ ਦੀ ਉਡੀਕ ਤੋਂ ਬਾਦ।

ਆਪ ਜੀ ਦੀ ਹੀ

◆ **-ਕਵਿਤਾ**

ਕਲਕੱਤਾ **ਰਿਮਾਰਾਂ**

ਪਿਆਰੇ ਸੰਗੀਤ ਜੀ!

ਬਹੁਤ ਬਹੁਤ ਪਿਆਰ! ਤੁਹਾਡਾ ਪੱਤਰ ਹੁਣੇ ਹੀ ਪ੍ਰਾਪਤ ਹੋਇਆ। ਪੱਤਰ ਪੜ੍ਹਦਿਆਂ ਹੀ ਦਿਲ ਧੜਕ ਗਿਆ। ਅੱਖਾਂ ਅੱਗੇ ਇਕ ਹਨੇਰਾ ਜਿਹਾ ਆ ਗਿਆ,

ਦਿਮਾਗ ਪਾਗਲ ਹੀ ਹੋ ਗਿਆ ਅਤੇ ਚੱਕਰ ਖਾ ਗਿਆ। ਕਿਸ ਚਾਅ ਅਤੇ ਸ਼ੌਂਕ ਨਾਲ ਮੈਂ ਤੁਹਾਡੇ ਇਥੇ ਪਹੁੰਚਣ ਦੀ ਉਡੀਕ ਕਰ ਰਹੀ ਸਾਂ। ਪਰੰਤੂ ਤੁਹਾਡੇ ਬਦਲੇ ਤੁਹਾਡਾ ਖਤ ਆਇਆ ਜਿਸ ਨੇ ਸਾਰੀਆਂ ਆਸਾਂ ਦਾ ਗਲਾ ਹੀ ਘੁੱਟ ਦਿਤਾ। ਕਲੇਜਾ ਧੱਕ ਕਰ ਕੇ ਰਹਿ ਗਿਆ। ਪਹਿਲੀ ਵਾਰੀ ਤੁਸੀਂ ਇਥੇ ਆਉਣ ਲਈ ਲਿਖਿਆ ਸੀ ਤਾਂ ਮਨਹੂਸ ਕਿਸਮਤ ਦੀ ਲਹਿਰ ਨੇ ਕਿਸ ਤਰ੍ਹਾਂ ਪਲਟਾ ਖਾਧਾ? ਮੁਕੱਦਰ ਦਿਆਂ ਮੋਤੀਆਂ ਨੂੰ ਕਿਨਾਰੇ ਤੋਂ ਫਿਰ ਸਾਗਰ ਵਿਚ ਡੁਬੋ ਦਿਤਾ। ਇਹ ਹਨ ਮੇਰੀ ਹਾਰ ਦੇ ਲੱਛਣ। ਖ਼ੈਰ ਕੋਈ ਗੱਲ ਨਹੀਂ, ਹੋ ਸਕਦਾ ਹੈ ਇਸ ਵਿਚ ਸ਼ਾਇਦ ਭਲਾਈ ਹੋਵੇ।

ਪ੍ਰਮਾਤਮਾ ਦਾ ਸ਼ੁਕਰ ਹੈ ਕਿ ਤੁਸੀਂ ਠੀਕ ਹੋ। ਮੈਂ ਤਾਂ ਇਹੋ ਹੀ ਬੇਨਤੀ ਕਰਦੀ ਹਾਂ ਭਗਵਾਨ ਅੱਗੇ ਕਿ ਮੇਰੀ ਉਮਰ ਵੀ ਤੁਹਾਨੂੰ ਲਗ ਜਾਵੇ। ਕਿਸਮਤ ਦੀ ਲਹਿਰ ਭਾਵੇਂ ਮੈਨੂੰ ਜਿਸ ਕਿਨਾਰੇ 'ਤੇ ਵੀ ਸੁੱਟ ਦੇਵੇ ਮੈਂ ਤੁਹਾਨੂੰ ਕਦੀ ਵੀ ਬੇਵਫਾ ਨਹੀਂ ਸਮਝਾਂਗੀ। ਜੀਵਨ ਦੇ ਖੇਲ ਵਿਚ ਹਾਰ ਜਿੱਤ ਤਾਂ ਲੱਗੀ ਆਈ ਹੈ ਕੋਈ ਹਾਰ ਕੇ ਜਿੱਤ ਜਾਂਦਾ ਹੈ ਅਤੇ ਕੋਈ ਜਿੱਤ ਕੇ ਵੀ ਹਾਰ ਜਾਂਦਾ ਹੈ। ਇਸ ਜੱਦੋ-ਜਹਿਦ ਦਾ ਮੁਕਾਬਲਾ ਕਰਨਾ ਹੀ ਇਨਸਾਨੀਅਤ ਹੈ। ਹਾਰ ਕੇ ਜੀਣਾ ਹੀ ਮਨੁੱਖਤਾ ਹੈ, ਜਿੱਤ ਕੇ ਤਾਂ ਹਰ ਕੋਈ ਹੀ ਜੀ ਲੈਂਦਾ ਹੈ।

ਸੰਗੀਤ ਜੀ! ਇਹ ਮੌਕਾ ਹੱਥੋਂ ਨਹੀਂ ਗਵਾਉਣਾ। ਵੀਨਾ ਤੁਹਾਡੇ ਨਾਲ ਹਮਦਰਦੀ ਕਰ ਰਹੀ ਹੈ, ਇਸ ਹਮਦਰਦੀ ਦਾ ਫਾਇਦਾ ਲੈਣਾ ਜ਼ਰੂਰੀ ਹੈ। ਇਸ ਸਮੇਂ ਉਹ ਕੁਝ ਵੀ ਕਰਨ ਨੂੰ ਤਿਆਰ ਹੈ। ਉਹ ਜਿਸ ਤਰ੍ਹਾਂ ਕਹਿੰਦੀ ਹੈ ਕਰ ਲਵੋ। ਜੋ ਕੁਝ ਹੋਏਗਾ ਫਿਰ ਦੇਖਿਆ ਜਾਏਗਾ। ਆਪਣੀ ਬੀਮਾਰੀ ਦਾ ਇਲਾਜ ਕਰ ਲਵੋ, ਇਸ ਵਿਚ ਹੀ ਭਲਾਈ ਹੈ, ਇਹੋ ਹੀ ਤੁਹਾਡਾ ਜੀਵਨ ਹੈ। ਕਿਤੇ ਹੋਰ ਜਾਣ ਦੀ ਗਲਤੀ ਨਹੀਂ ਕਰਨੀ। ਕਿਸੇ ਵੀ ਸੁਨਹਿਰੀ ਅਤੇ ਲਾਭਵੰਦ ਮੌਕੇ ਨੂੰ ਹੱਥੋਂ ਨਹੀਂ ਗਵਾਉਣਾ ਚਾਹੀਦਾ। ਈਸ਼ਵਰ ਜੋ ਕਰਦਾ ਹੈ ਠੀਕ ਹੀ ਕਰਦਾ ਹੈ। ਇਸ ਤੋਂ ਪਹਿਲੇ ਮੈਂ ਤੁਹਾਡੇ ਇਕ ਪੱਤਰ ਦਾ ਉਤਰ ਡਗਸ਼ਈ ਵਾਲੇ ਪਤੇ 'ਤੇ ਭੇਜ ਚੁੱਕੀ ਹਾਂ, ਪਤਾ ਨਹੀਂ ਤੁਹਾਨੂੰ ਮਿਲੇਗਾ ਜਾਂ ਨਹੀਂ। ਨਾ ਹੀ ਮਿਲੇ ਤਾਂ ਚੰਗਾ ਹੈ। ਨਹੀਂ ਤਾਂ ਤੁਸੀਂ ਕਿਤੇ ਐਵੇਂ ਪ੍ਰੇਸ਼ਾਨ ਹੋ ਕੇ ਭਾਵਨਾਵਾਂ ਦੀ ਬੇੜੀ ਵਿਚ ਨਾ ਵਹਿ ਜਾਉ।

ਜਿਸ ਬਾਗ ਨੂੰ ਵੀਨਾ ਤਿੰਨ ਸਾਲ ਪਹਿਲਾਂ ਛੱਡ ਕੇ ਗਈ ਸੀ ਹੁਣ ਫਿਰ ਉਸ ਵਿਚ ਆ ਗਈ ਹੈ। ਹੁਣ ਤਾਂ ਉਹ ਮੈਦਾਨ ਬਰਬਾਦੀ ਦੇ ਕਿਨਾਰੇ 'ਤੇ ਹੈ ਅਤੇ ਉਸ ਦੀ ਦੇਖ-ਭਾਲ ਫਿਰ ਤੁਹਾਨੂੰ ਹਰਿਆ-ਭਰਿਆ ਕਰ ਦੇਵੇਗੀ। ਸੰਗੀਤ ਜੀ! ਗਲਤ-ਫਹਿਮੀ ਦੇ ਕਾਰਨ ਕਈ ਘਰ ਤਬਾਹ ਹੋ ਜਾਂਦੇ ਹਨ। ਇਸ ਬੀਮਾਰੀ ਤੋਂ ਸਦਾ ਬਚ ਕੇ ਰਹਿਣਾ ਚਾਹੀਦਾ ਹੈ, ਵੀਨਾ ਦੀ ਗਲਤ-ਫਹਿਮੀ ਨੇ ਹੀ ਉਸ ਨੂੰ ਪਛਤਾਵੇ ਦੀ ਅੱਗ ਵਿਚ ਸੜਨ ਲਈ ਮਜ਼ਬੂਰ ਕਰ ਦਿੱਤਾ। ਬਾਕੀ ਪਿਆਰ ਤਾਂ ਛੁਪਾਇਆ ਛੁਪਦਾ ਨਹੀਂ, ਇਸ ਨੂੰ ਦਿਲ ਦੇ ਤਹਿਖਾਨਿਆਂ ਵਿਚ ਕਿੰਨੀ ਵੀ ਸਖਤੀ ਨਾਲ ਕੈਦ ਕਿਉਂ ਨਾ ਕੀਤਾ ਜਾਏ ਫਿਰ ਵੀ ਇਹ ਕੈਦ ਨਹੀਂ ਹੁੰਦਾ। ਦੁਨੀਆ ਦਾ

ਸਭ ਤੋਂ ਇਨਕਲਾਬੀ 'ਪਿਆਰ' ਹੀ ਹੈ। ਤੁਹਾਡੇ ਇਸ ਪੱਤਰ ਤੋਂ ਇਸ ਇਨਕਲਾਬ ਦੀ ਬੋ ਆ ਰਹੀ ਹੈ। ਮੈਨੂੰ ਡਰ ਲਗਦਾ ਹੈ ਕਿ ਕਿਤੇ ਤੁਸੀਂ ਆਪਣੀ ਕਮਜ਼ੋਰੀ ਦੇ ਫਿਰ ਸ਼ਿਕਾਰ ਨਾ ਹੋ ਜਾਵੋ। ਲੇਕਿਨ ਇਸ ਵਕਤ ਮੈਂ ਤੁਹਾਨੂੰ ਇਹ ਕਹਾਂਗੀ ਕਿ ਤੁਸੀਂ ਆਪਣਾ ਇਲਾਜ ਕਰਾਉ। ਠੀਕ ਹੋ ਜਾਉਗੇ ਤਾਂ ਸਭ ਕੁਝ ਮਿਲ ਜਾਏਗਾ। ਜਾਨ ਦੇ ਨਾਲ ਹੀ ਜਹਾਨ ਹੈ। ਹਸਪਤਾਲ ਵਿਚੋਂ ਭੱਜਣ ਦੀ ਕੋਸ਼ਿਸ਼ ਨਹੀਂ ਕਰਨੀ। ਹਿੰਮਤ ਤੋਂ ਕੰਮ ਲੈਣਾ। ਇਹ ਵਕਤ ਸਾਡੇ ਦੋਨਾਂ ਲਈ ਹੀ ਬਹੁਤ ਨਾਜ਼ੁਕ ਹੈ। ਮੈਂ ਉਸ ਮੁਸੀਬਤ ਦਾ ਵਰਨਣ ਕਰ ਕੇ ਤੁਹਾਨੂੰ ਜ਼ਿਆਦਾ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦੀ। ਬਾਕੀ ਮੈਨੂੰ ਤੁਹਾਡੇ 'ਤੇ ਪੂਰਾ ਵਿਸ਼ਵਾਸ ਹੈ।

ਚੰਨ ਜੀ! ਵੀਨਾ ਦੇ ਨਾਲ ਠੀਕ ਤਰ੍ਹਾਂ ਸਲੂਕ ਕਰਨਾ, ਉਸ ਦੇ ਹੱਥ ਹੀ ਤੁਹਾਡੇ ਜੀਵਨ ਦੀ ਕਿਸ਼ਤੀ ਹੈ। ਇਹ ਨਹੀਂ ਸੋਚਣਾ ਕਿ ਤੁਸੀਂ ਉਸ ਦੇ ਅਹਿਸਾਨ ਹੇਠ ਦੱਬ ਜਾਉਗੇ। ਉਸ ਦੇ ਕਾਰਨ ਹੀ ਤੁਹਾਨੂੰ ਇਹ ਦੁੱਖ ਲੱਗਾ ਹੈ ਅਤੇ ਉਹ ਹੀ ਇਸ ਨੂੰ ਦੂਰ ਕਰੇਗੀ। ਵੈਸੇ ਤਾਂ ਉਸ ਨੂੰ ਇਸ ਦੀ ਸਜ਼ਾ ਮਿਲਣੀ ਚਾਹੀਦੀ ਹੈ। ਲੇਕਿਨ ਉਸ ਲਈ ਇਹ ਹੀ ਸਜ਼ਾ ਕਾਫੀ ਹੈ ਕਿ ਉਹ ਤੁਹਾਡਾ ਇਲਾਜ ਕਰਵਾਏ ਉਸ ਨੂੰ ਤੁਸੀਂ ਸਾਫ ਕਹਿ ਸਕਦੇ ਹੋ ਕਿ ਤੁਸੀਂ ਕਿਸੇ ਹੋਰ ਨਾਲ ਪਿਆਰ ਕਰਦੇ ਹੋ ਅਤੇ ਵਿਆਹ ਕਰਨਾ ਚਾਹੁੰਦੇ ਹੋ। ਅਗਰ ਉਸ ਦਾ ਪਿਆਰ ਸੱਚਾ ਅਤੇ ਬੇਗਰਜ਼ ਹੋਇਆ ਤਾਂ ਉਹ ਕਦੀ ਵੀ ਤੁਹਾਨੂੰ ਮਨ੍ਹਾਂ ਨਹੀਂ ਕਰੇਗੀ ਅਤੇ ਤਨੋ-ਮਨੋ ਤੁਹਾਡਾ ਇਲਾਜ ਕਰੇਗੀ। ਅਗਰ ਉਹ ਮਤਲਬੀ ਹੋਈ ਤਾਂ ਜ਼ਰੂਰ ਹੀ ਕੋਈ ਸ਼ਰਤ ਰੱਖੇਗੀ। ਤੁਸੀਂ ਹਰ ਹਾਲ ਵਿਚ ਉਸ ਦੀ ਹਰ ਸ਼ਰਤ ਕਬੂਲ ਕਰ ਲੈਣਾ।

ਸੰਗੀਤ ਜੀ! ਹੋਰ ਕਿਸੇ ਵੀ ਕਿਸਮ ਦੀ ਕੋਈ ਚਿੰਤਾ ਨਹੀਂ ਕਰਨੀ। ਹੁਣ ਤਾਂ ਵੀਨਾ ਤੁਹਾਡੇ ਕੋਲ ਹੈ, ਆਸ ਹੈ ਤੁਹਾਨੂੰ ਹੁਣ ਸ਼ਰਾਬ ਦੀ ਲੋੜ ਨਹੀਂ ਪਏਗੀ, ਕਿਸੇ ਕਿਸਮ ਦੀ ਲੋੜ ਹੋਈ ਤਾਂ ਲਿਖਣਾ। ਪਿਤਾ ਜੀ ਵੀ ਕਾਫੀ ਦੁਖੀ ਹੋਏ ਹਨ ਤੁਹਾਡੇ ਬਾਰੇ ਜਾਣ ਕੇ। ਕੁਝ ਹੀ ਦਿਨਾਂ ਵਿਚ ਅਸੀਂ ਦੋਨੋਂ ਹੀ ਤੁਹਾਨੂੰ ਵੇਖਣ ਆਵਾਂਗੇ। ਹੌਂਸਲੇ ਤੋਂ ਕੰਮ ਲੈਣਾ। ਬਿਲਕੁਲ ਘਬਰਾਉਣਾ ਨਹੀਂ। ਤੁਸੀਂ ਬਿਲਕੁਲ ਠੀਕ ਹੋ ਜਾਉਗੇ। ਈਸ਼ਵਾਰ ਤੁਹਾਨੂੰ ਤੰਦਰੁਸਤੀ ਬਖਸ਼ੇ।

ਚੰਨ ਜੀ! ਬੀਤੀ ਇਕ ਘਟਨਾ ਚੇਤੇ ਆ ਗਈ ਜਦੋਂ ਕਸੋਲੀ ਗਈ ਸੀ ਪਹਿਲੇ ਦਿਨ ਜਦੋਂ ਅਸੀਂ ਬਾਹਰੋਂ ਘੁੰਮ ਫਿਰ ਕੇ ਵਾਪਸ ਆਏ ਸਾਂ। ਕਮਰੇ ਵਿਚ ਤੁਸੀਂ ਮੇਰੇ ਕੋਲ ਖੜੇ ਕੁਝ ਕਰ ਰਹੇ ਸੀ ਕਿ ਅਚਾਨਕ ਬੱਤੀ ਚਲੀ ਗਈ। ਕਮਰੇ ਵਿਚ ਹਨੇਰਾ ਹੋ ਗਿਆ। ਤੁਸੀਂ ਮੇਰੇ ਹੋਰ ਨਜ਼ਦੀਕ ਆ ਗਏ। ਤੁਹਾਡਾ ਸਾਹ ਤੇਜ਼ੀ ਨਾਲ ਚਲਣ ਲੱਗ ਗਿਆ। ਗਰਮ-ਗਰਮ ਸਾਹ ਵਿਚ ਕਿੰਨੀ ਸ਼ਕਤੀ ਸੀ ਕਿ ਮੈਂ ਤੁਹਾਡੇ ਵੱਲ ਖਿੱਚੀ ਗਈ। ਸਿਰ ਤੋਂ ਲੈ ਕੇ ਪੈਰਾਂ ਤਕ ਬਿਜਲੀ ਦੀ ਲਹਿਰ ਮੇਰੇ ਸਰੀਰ ਵਿਚੋਂ ਨਿਕਲ ਗਈ। ਮੈਂ ਕੰਬ ਗਈ ਜਿਵੇਂ ਕਿ ਭੁਚਾਲ ਨੇ ਕੰਬਾ ਦਿਤਾ ਸੀ। ਮੇਰੇ ਜੀਵਨ ਵਿਚ ਇਹੋ ਜਿਹਾ ਪਹਿਲਾ ਹਾਦਸਾ ਸੀ ਕਿ ਮੈਂ ਕਿਸੇ ਪੁਰਸ਼ ਦੇ ਗਰਮ ਸਾਹਾਂ ਦੀ ਗਰਮੀ ਵਿਚ ਪਿਘਲੀ ਸਾਂ। ਤੁਸੀਂ ਵੀ ਝਿਜਕ ਗਏ ਸੀ। ਤੁਹਾਡੀਆਂ

ਬਾਹਾਂ ਨੇ ਮੈਨੂੰ ਘੇਰਾ ਪਾ ਲਿਆ। ਯਾਦ ਹੈ ਉਸ ਵਕਤ ਤੁਸੀਂ ਕੀ ਕਿਹਾ ਸੀ? ਤੁਸੀਂ ਕਿਹਾ ਸੀ ਕਵਿਤਾ! ਸ਼ਾਇਦ ਸਾਨੂੰ ਦੋਨਾਂ ਨੂੰ ਇਕ ਕਰਨ ਲਈ ਹੀ ਬੱਤੀ ਗਈ ਹੈ। ਕਈ ਸਾਲਾਂ ਦੀ ਅੱਗ ਨੇ ਅੱਜ ਪਿਆਰ ਦਾ ਨਿੱਘ ਦਿੱਤਾ ਹੈ। ਸ਼ਾਇਦ ਹੀ ਮੈਂ ਜੀਵਨ ਵਿਚ ਇੰਨਾ ਖੁਸ਼ ਹੋਇਆ ਹੋਵਾਂ ਜਿੰਨਾ ਕਿ ਅੱਜ ਹਾਂ। ਜੀਅ ਕਰਦਾ ਹੈ ਕਿ ਬਸ ਇਸ ਤਰ੍ਹਾਂ ਹੀ ਜੀਵਨ ਬੀਤ ਜਾਏ। ਇੰਨੀ ਦੇਰ ਨੂੰ ਫਿਰ ਬੱਤੀ ਆ ਗਈ ਅਤੇ ਮੈਂ ਸ਼ਰਮਾਅ ਗਈ। ਤੁਸੀਂ ਵੀ ਬਾਹਾਂ ਦੇ ਘੇਰੇ ਨੂੰ ਹਟਾ ਕੇ ਪਰ੍ਹੇ ਖੜੇ ਹੋ ਗਏ। ਇਹ ਕਹਿ ਕੇ ਕਿ ਕਵਿਤਾ ਜੀ! ਅੱਜ ਤੋਂ ਬਾਅਦ, ਅਗਰ ਮੈਂ ਜੀਆਂਗਾ ਤਾਂ ਤੁਹਾਡੇ ਲਈ, ਮਰਾਂਗਾ ਤਾਂ ਤੁਹਾਡੇ ਲਈ। ਚੰਨ ਜੀ! ਤੁਹਾਡੇ ਸ਼ਬਦ ਮੇਰੇ ਕੰਨਾਂ ਵਿਚ ਸਦਾ ਗੂੰਜਦੇ ਰਹਿੰਦੇ ਹਨ। ਪ੍ਰਮਾਤਮਾ ਕਰੇ ਤੁਸੀਂ ਸਦਾ ਮੇਰੇ ਲਈ ਅਮਰ ਰਹੋ ਅਤੇ ਖੁਸ਼ੀਆਂ ਮਾਣੋ। ਬਸ ਹੋਰ ਕੁਝ ਨਾ ਲਿਖਦੀ ਹੋਈ ਸ਼ੁਭ-ਕਾਮਨਾਵਾਂ ਦੇ ਨਾਲ ਪੱਤਰ ਬੰਦ ਕਰਦੀ ਹਾਂ।

ਕੇਵਲ ਆਪ ਦੀ

◆ **-ਕਵਿਤਾ**

ਦਿੱਲੀ **ਬ੍ਰਾਰਂ**

ਪਿਆਰੀ ਕਵਿਤਾ ਜੀ!

ਸਵੇਰ ਤੋਂ ਤੁਹਾਡੇ ਪੱਤਰ ਦੀ ਉਡੀਕ ਵਿਚ ਸਾਂ। ਦੋ ਹਫਤੇ ਤੋਂ ਤੁਹਾਡਾ ਕੋਈ ਪੱਤਰ ਨਹੀਂ ਆਇਆ। ਅੱਜ ਮੈਨੂੰ ਪੂਰੀ ਉਮੀਦ ਸੀ ਕਿ ਪੱਤਰ ਆਏਗਾ। ਇਸ ਲਈ ਮੈਂ ਡਾਕ ਦੀ ਇੰਤਜ਼ਾਰ ਵਿਚ ਸਾਂ ਕਿ ਸ਼ੁਕਰ ਹੈ ਪੱਤਰ ਆ ਗਿਆ। ਅੱਜ ਤੁਹਾਡੇ ਦੋਨੋਂ ਹੀ ਪੱਤਰ ਮਿਲੇ ਹਨ ਇਕ ਤਾਂ ਡਗਸ਼ਈ ਤੋਂ ਆਇਆ ਹੈ ਅਤੇ ਦੂਸਰਾ ਮੇਰੇ ਇਥੋਂ ਦੇ ਪੱਤਰ ਦੇ ਉਤਰ ਵਿਚ ਹੈ।

ਕਵਿਤਾ! ਡਾਕਟਰਾਂ ਨੇ ਮੇਰੇ ਇਥੋਂ ਜਾਣ ਦਾ ਪੂਰਾ ਪ੍ਰਬੰਧ ਕਰ ਦਿਤਾ ਹੈ। ਮੇਰਾ ਇਲਾਜ ਸਵਿਟਜਰਲੈਂਡ ਵਿਚ ਹੋ ਸਕਦਾ ਹੈ। ਸਵਿਟਜਰਲੈਂਡ ਵਿਚ ਜਾਣ ਲਈ ਮੇਰਾ ਪਾਸਪੋਰਟ ਵੀ ਤਿਆਰ ਹੋ ਗਿਆ ਹੈ ਪਰ ਮੈਂ ਦੁਬਿਧਾ ਵਿਚ ਹਾਂ ਜਾਵਾਂ ਕਿ ਨਾ ਜਾਵਾਂ। ਪਰੰਤੂ ਤੁਹਾਡੇ ਖਤ ਨੇ ਸਮੇਂ ਸਿਰ ਮੇਰੀ ਇਸ ਉਲਝਣ ਨੂੰ ਹੱਲ ਕਰ ਦਿੱਤਾ ਹੈ। ਮਨ ਵਿਚ ਬੜੀ ਬੇਚੈਨੀ ਜਿਹੀ ਸੀ। ਇਕ ਪਾਸੇ ਤੁਹਾਡਾ ਖਿਆਲ ਹੈ ਅਤੇ ਦੂਸਰੀ ਤਰਫੋਂ ਵਧਦੀ ਹੋਈ ਬੀਮਾਰੀ ਦੀ ਚਿੰਤਾ। ਕਦੀ ਸੋਚਦਾ ਸਾਂ ਕਿ ਇਥੋਂ ਦੂਰ ਚਲਿਆ ਜਾਵਾਂ। ਫਿਰ ਮਨ ਕਹਿੰਦਾ ਸੀ ਜਾਣ ਲਈ ਕੀ ਫਾਇਦਾ ਹੈ ਅਗਰ ਬੀਮਾਰੀ ਨੇ ਪਹੁੰਚਣ ਹੀ ਨਾ ਦਿਤਾ। ਤੁਹਾਡੇ ਪੱਤਰ ਨੇ ਮੇਰੇ ਬਦਲਦੇ ਇਰਾਦਿਆਂ ਨੂੰ ਮਜ਼ਬੂਤ ਕੀਤਾ ਹੈ। ਠੀਕ ਹੈ, ਮੈਂ ਸਵਿਟਜਰਲੈਂਡ ਜਾਵਾਂਗਾ ਅਤੇ ਇਲਾਜ ਕਰਵਾ ਕੇ ਠੀਕ ਹੋ ਕੇ ਆਵਾਂਗਾ। ਮੇਰੇ ਇਲਾਜ ਦਾ ਸਾਰਾ ਖਰਚ ਵੀਨਾ ਦੇ ਪਿਤਾ ਕਰਨਗੇ ਅਤੇ ਵੀਨਾ ਵੀ ਮੇਰੇ ਨਾਲ ਸਵਿਟਜਰਲੈਂਡ ਜਾ ਰਹੀ ਹੈ। ਅਸੀਂ ਕਲ੍ਹ ਹੀ ਜਾ ਰਹੇ

ਹਾਂ ਹਵਾਈ ਜਹਾਜ਼ ਦੀਆਂ ਸੀਟਾਂ ਵੀ ਲੰਡਨ ਤਕ ਬੁੱਕ ਕੀਤੀਆਂ ਹੋਈਆਂ ਹਨ।

ਕਵਿਤਾ ਵਾਪਸ ਆਉਣ ਵਿਚ ਪਤਾ ਨਹੀਂ ਕਿੰਨਾ ਚਿਰ ਲੱਗੇਗਾ। ਕਿਤੇ ਇਸ ਇੰਤਜ਼ਾਰ ਵਿਚ ਭੁੱਲ ਨਹੀਂ ਜਾਣਾ। ਮੇਰੇ ਜੀਵਨ ਦੀ ਆਸ ਕਵਿਤਾ ਹੈ ਉਸ ਬਿਨਾਂ ਸੰਗੀਤ ਅਧੂਰਾ ਰਹਿ ਜਾਵੇਗਾ। ਇਸ ਆਸ ਦੀ ਆਸ ਵਿਚ ਮੈਂ ਇਲਾਜ ਕਰਵਾਉਣ ਜਾ ਰਿਹਾ ਹਾਂ ਕਿ ਇਹ ਨਾ ਹੋਵੇ ਕਿਤੇ ਜਦੋਂ ਮੈਂ ਵਾਪਸ ਆਵਾਂ, ਮੇਰੀ ਕਵਿਤਾ ਕਿਸੇ ਹੋਰ ਦੇ ਸੰਗੀਤ ਵਿਚ ਢਲ ਚੁੱਕੀ ਹੋਵੇ। ਇਸ ਕਵਿਤਾ ਦਾ ਕੋਈ ਸੰਗੀਤਕਾਰ ਰਸੀਲਾ ਗੀਤ ਨਹੀਂ ਬਣਾ ਸਕਦਾ ਮੇਰੇ ਬਿਨਾਂ, ਇਸ ਕਵਿਤਾ ਦੀ ਜਾਨ ਮੇਰੇ ਸੰਗੀਤ ਦੀਆਂ ਸੁਰਾਂ ਵਿਚ ਹੈ। ਮੇਰਾ ਸਾਜ਼ ਹੀ ਇਸ ਕਵਿਤਾ ਦੀ ਆਵਾਜ਼ ਹੈ। ਕਵਿਤਾ ਅਗਰ ਕਿਸੇ ਹੋਰ ਨੇ ਆਪਣੇ ਸਾਜ਼ ਦੀ ਸੁਰ ਵਿਚ ਇਸ ਆਵਾਜ਼ ਨੂੰ ਢਾਲ ਲਿਆ ਤਾਂ ਮੇਰੇ ਜੀਵਨ ਦੀ ਸਿਤਾਰ ਦੀਆਂ ਤਾਰਾਂ ਟੁੱਟ ਜਾਣਗੀਆਂ ਅਤੇ ਫਿਰ ਕੋਈ ਕਵਿਤਾ ਸੰਗੀਤ ਬਧ ਨਹੀਂ ਹੋਵੇਗੀ ਅਤੇ ਸੰਗੀਤ ਮਰ ਜਾਏਗਾ। ਮੈਂ ਆਪਣੇ ਪਿਆਰ ਨੂੰ ਇਕ ਅਮਾਨਤ ਸਮਝ ਕੇ ਤੇਰੇ ਕੋਲ ਰੱਖ ਕੇ ਜਾ ਰਿਹਾ ਹਾਂ। ਇਸ ਅਮਾਨਤ ਨੂੰ ਆਪਣੇ ਕੋਲੋਂ ਜ਼ਿਆਦਾ ਕੀਮਤੀ ਸਮਝ ਕੇ ਰਖਣਾ। ਜਦ ਤਕ ਮੈਂ ਵਾਪਸ ਨਾ ਆਵਾਂ ਤਦ ਤਕ ਮੇਰਾ ਸੰਗੀਤ ਅਧੂਰਾ ਰਹੇਗਾ। ਵਿਰਾਗ ਦੀ ਤਾਲ ਵਿਚ ਢਲਦਾ ਰਹੇਗਾ ਤੇ ਖੁਸ਼ੀ ਦੀ ਕਵਿਤਾ ਨੂੰ ਪਾਉਣ ਲਈ ਮਚਲਦਾ ਰਹੇਗਾ।

ਕਵਿਤਾ! ਤੂੰ ਆਪਣੇ ਪਹਿਲੇ ਪੱਤਰ ਵਿਚ ਮੇਰੀ ਪ੍ਰਸੰਸਾ ਕੀਤੀ ਸੀ ਅਤੇ ਮੇਰੀ ਸਿਆਣਪ ਦੀ ਵਿਆਖਿਆ ਦਿੰਦੇ ਹੋਏ ਲਿਖਿਆ ਸੀ ਕਿ ਮੈਂ ਸੁਪਨੇ ਛੱਡ ਦਿਤੇ ਹਨ। ਸਿਆਣਪ ਮਨੁੱਖ ਦੇ ਨਾਲ ਨਹੀਂ ਜਾਂਦੀ। ਸੁਪਨੇ ਆਦਮੀ ਛੱਡ ਦਿੰਦਾ ਹੈ ਪਰ ਆਦਮੀ ਨੂੰ ਸੁਪਨੇ ਨਹੀਂ ਛੱਡਦੇ। ਸੁਪਨੇ ਆਪਣੇ ਨਹੀਂ ਹੁੰਦੇ ਪਰ ਫਿਰ ਵੀ ਇਹ ਜੀਵਨ ਦਾ ਇਕ ਅੰਗ ਹਨ। ਮਨੁੱਖ ਕਿਵੇਂ ਸੁਪਨਿਆਂ ਦੀ ਪੀਂਘ ਝੂਲਦਾ ਰਹਿੰਦਾ ਹੈ, ਮਨ ਦੀਆਂ ਖੁਸ਼ੀਆਂ ਪੂਰੀਆਂ ਕਰਦਾ ਰਹਿੰਦਾ ਹੈ। ਸੁਪਨੇ ਆਉਣ ਵਾਲੀ ਜ਼ਿੰਦਗੀ ਦੀ ਆਸ ਹੁੰਦੇ ਹਨ। ਤੁਹਾਡੇ ਉਸੇ ਪੱਤਰ ਦੀਆਂ ਪੰਗਤੀਆਂ ਵਿਚ ਤੁਸੀਂ ਮੈਨੂੰ ਇਕ ਠੱਗ ਦੀ ਪਦਵੀ ਦੇਣ ਦੀ ਵੀ ਕੋਸ਼ਿਸ਼ ਕੀਤੀ ਹੈ ਅਗਰ ਤੁਸੀਂ ਮੈਨੂੰ ਠੱਗ ਮੰਨ ਵੀ ਲੈਂਦੇ ਫਿਰ ਵੀ ਸਾਬਤ ਕਰਨਾ ਕਠਿਨ ਹੋ ਜਾਂਦਾ। ਅੱਜ ਤਕ ਮੈਂ ਕਿਸੇ ਵੀ ਲੜਕੀ ਨੂੰ ਪਿਆਰ ਦੇ ਜਾਲ ਵਿਚ ਫਸਾਉਣ ਦਾ ਯਤਨ ਨਹੀਂ ਕੀਤਾ। ਵੀਨਾ ਨੇ ਖੁਦ ਕੋਸ਼ਿਸ਼ ਕਰ ਕੇ ਮੈਨੂੰ ਸੜਕਾਂ ਤੋਂ ਉਠਾ ਕੇ ਦਿਲ ਵਿਚ ਬਿਠਾਇਆ। ਤੁਸੀਂ ਹੀ ਆਪ ਕੋਸ਼ਿਸ਼ ਕਰ ਕੇ ਮੇਰੇ ਵਿਚ ਪਿਆਰ ਦੀ ਭਾਵਨਾ ਪੈਦਾ ਕੀਤੀ ਜਦੋਂ ਕਿ ਮੈਂ ਜੀਵਨ ਦੀ ਬਾਜੀ ਹਾਰ ਚੁੱਕਿਆ ਹੋਇਆਂ ਸਾਂ। ਸੁਪਨੇ ਦਿਖਾਉਣ ਦਾ ਇਲਜਾਮ ਤਾਂ ਸਰਾਸਰ ਤੁਹਾਡੇ ਸਿਰ ਹੈ। ਵਿਰਾਗ, ਗਮ, ਜੁਦਾਈ ਅਤੇ ਬੇਵਫਾਈ ਇਕ ਕਲਾਕਾਰ ਦੀ ਕਲਾ ਦੀ ਜਾਨ ਹੁੰਦੇ ਹਨ। ਇਨ੍ਹਾਂ ਤੋਂ ਬਿਨਾਂ ਇਕ ਆਦਮੀ ਕਲਾਕਾਰ ਨਹੀਂ ਹੋ ਸਕਦਾ। ਹਰ ਕਲਾਕਾਰ ਦੀ ਕਲਮ ਦੇ ਸੀਨੇ ਵਿਚ ਮਚਲਦੇ ਅਰਮਾਨ ਹੁੰਦੇ ਹਨ ਜਿਹੜੇ ਦੁਨੀਆ ਦੇ ਸਾਹਮਣੇ ਆਉਣ ਲਈ ਤੜਫਦੇ ਰਹਿੰਦੇ ਹਨ। ਉਹ ਅਰਮਾਨ ਦੌਲਤ ਦੇ ਤਾਲੇ ਅੰਦਰ ਬੰਦ ਰਹਿੰਦੇ ਹਨ। ਹਰ ਕਲਾਕਾਰ ਦੀ ਕਲਾ ਦੌਲਤ ਵਾਲਿਆਂ ਦੀ ਮੁਹਤਾਜ ਹੁੰਦੀ ਹੈ। ਦੌਲਤ ਦੀ ਮਦਦ ਬਿਨਾਂ ਉਨ੍ਹਾਂ ਅਰਮਾਨਾਂ ਨੂੰ

ਸੰਸਾਰ ਅੱਗੇ ਨਹੀਂ ਰੱਖ ਸਕਦਾ।

ਕਵਿਤਾ ਜੀ! ਤੁਹਾਡੇ ਪੱਤਰ ਤੋਂ ਮੈਂ ਇਹ ਅੰਦਾਜ਼ਾ ਲਗਾਉਂਦਾ ਹਾਂ ਕਿ ਤੁਹਾਨੂੰ ਮੇਰੇ 'ਤੇ ਵਿਸ਼ਵਾਸ ਨਹੀਂ। ਖ਼ੈਰ ਮੈਂ ਤੁਹਾਡੇ ਮਨ ਵਿਚ ਵਿਸ਼ਵਾਸ ਬਿਠਾ ਨਹੀਂ ਸਕਦਾ ਕਿਉਂਕਿ ਵਿਸ਼ਵਾਸ ਐਸੀ ਚੀਜ਼ ਨਹੀਂ ਹੈ ਜਿਹੜੀ ਕਿ ਜ਼ਬਰਦਸਤੀ ਕਿਸੇ ਦੇ ਦਿਲ ਵਿਚ ਬਿਠਾਈ ਜਾਏ। ਇਹ ਤਾਂ ਵਕਤ ਹੀ ਦੱਸੇਗਾ ਕਿ ਕੋਈ ਕਿਸੇ ਲਈ ਕੀ ਕਰ ਸਕਦਾ ਹੈ।

ਕਵਿਤਾ ਜੀ! ਤੁਹਾਡੀ ਕਲਮ ਦੀ ਸਕਤੀ ਵੀ ਮਹਾਨ ਹੈ। ਹਰ ਪੰਗਤੀ ਵਿਚੋਂ ਕਲਾ ਝਲਕਦੀ ਹੈ ਤੁਹਾਡੇ ਪੱਤਰਾਂ ਨੂੰ ਪੜ੍ਹਨ ਲਈ ਤੜਫਦਾ ਰਹਿੰਦਾ ਹਾਂ। ਕਵਿਤਾ ਜੀ! ਜਦੋਂ ਮੈਂ ਠੀਕ ਹੋ ਮੁੜਾਂਗਾ ਤਾਂ ਆਪਣੇ ਅਗਲੇ ਨਾਵਲ ਨੂੰ ਪੱਤਰਾਂ ਦੇ ਰੂਪ ਵਿਚ ਲਿਖਾਂਗਾ ਤੁਹਾਡੇ ਸਾਰੇ ਪੱਤਰ ਉਸ ਨਾਵਲ ਵਿਚ ਭਰ ਦਿਆਂਗਾ। ਮੇਰੀ ਕਲਮ ਦੇ ਜ਼ਰੀਏ ਇਕ ਹੋਰ ਕਲਾਕਾਰ ਜਨਮ ਲਵੇਗਾ ਅਤੇ ਉਹ ਮੇਰੀ ਕਵਿਤਾ ਹੋਵੇਗੀ। ਉਸ ਨਾਵਲ ਦਾ ਨਾਂ ਮੈਂ "ਪਿਆਰ ਇਕ ਪੁੰਨ" ਰਖਾਂਗਾ।

ਕਵਿਤਾ ਜੀ! ਤੁਹਾਨੂੰ ਤਾਂ ਪਤਾ ਹੀ ਹੈ ਕਿ ਹਰ ਇਕ ਮੁਸੀਬਤ ਸਹਿਣ ਦਾ ਆਦੀ ਹਾਂ ਅਤੇ ਦੂਸਰਿਆਂ ਦੇ ਦੁੱਖ ਸੁਣ ਕੇ ਮੈਨੂੰ ਤਕਲੀਫ਼ ਹੁੰਦੀ ਹੈ ਅਤੇ ਉਨ੍ਹਾਂ ਦੇ ਦੁੱਖਾਂ ਦੀ ਪੰਡ ਨੂੰ ਵੀ ਚੁੱਕਣ ਦੀ ਕੋਸ਼ਿਸ਼ ਕਰਦਾ ਹਾਂ। ਤੁਸੀਂ ਵਿਚ ਲਿਖਿਆ ਸੀ ਕਿ ਤੁਸੀਂ ਵੀ ਮੁਸੀਬਤ ਵਿਚ ਫਸੇ ਹੋਏ ਹੋ। ਇਹੋ ਜਿਹੀ ਕਿਹੜੀ ਮੁਸੀਬਤ ਹੈ? ਜਿਹੜੀ ਤੁਸੀਂ ਮੈਨੂੰ ਨਹੀਂ ਲਿਖੀ। ਮਿਹਰਬਾਨੀ ਕਰ ਕੇ ਅਗਲੇ ਪੱਤਰ ਵਿਚ ਜ਼ਰੂਰ ਲਿਖਣਾ। ਮੈਂ ਬਚਨ ਦਿੰਦਾ ਹਾਂ ਕਿ ਅੱਗੇ ਤੋਂ ਮੈਂ ਕਦੀ ਸ਼ਰਾਬ ਨਹੀਂ ਪੀਆਂਗਾ। ਤੁਹਾਡੇ ਪੱਤਰ ਵਿਚ ਹਰ ਲਿਖੀ ਹੋਈ ਗੱਲ 'ਤੇ ਅਮਲ ਕਰਾਂਗਾ। ਪੱਤਰ ਜਲਦੀ ਹੀ ਲਿਖਦੇ ਰਿਹਾ ਕਰਨਾ। ਮੈਂ ਸਵਿਟਜਰਲੈਂਡ ਪਹੁੰਚ ਕੇ ਖਤ ਲਿਖਾਂਗਾ ਉਥੋਂ ਪਤਾ ਲਿਖਾਂਗਾ ਅਤੇ ਫਿਰ ਤੁਸੀਂ ਜਵਾਬ ਦੇਣਾ। ਮੇਰੇ ਪੱਤਰ ਦੀ ਉਡੀਕ ਕਰਨੀ।

ਕਵਿਤਾ ਜੀ! ਅੱਜ ਦੀ ਰਾਤ ਪਤਾ ਨਹੀਂ ਕਿਵੇਂ ਬੀਤੇਗੀ। ਜੀਵਨ ਦਾ ਬਹੁਤ ਵੱਡਾ ਇਮਤਿਹਾਨ ਅੱਗੇ ਹੈ ਆਪਣੇ ਦੇਸ਼ ਦੀ ਧਰਤੀ ਨੂੰ ਛੱਡ ਕੇ ਦੂਸਰੇ ਦੇਸ਼ ਚਲਿਆਂ ਹਾਂ। ਜਿਸ ਧਰਤੀ ਨੇ ਜਨਮ ਦਿਤਾ ਹੈ ਉਸ ਤੋਂ ਦੂਰ ਪਰਾਈ ਧਰਤੀ 'ਤੇ ਜੀਵਨ ਦੀ ਭਿਖਿਆ ਮੰਗਣ ਜਾ ਰਿਹਾ ਹਾਂ। ਕਵਿਤਾ ਤੋਂ ਦੂਰ ਜਾ ਰਿਹਾ ਹਾਂ। ਬਸ ਹੋਰ ਨਹੀਂ ਲਿਖ ਸਕਦਾ। ਦਿਲ ਭਰ ਆਇਆ ਹੈ। ਕਵਿਤਾ ਜੀ! ਮੇਰੀ ਉਡੀਕ ਕਰਨੀ।

ਤੇਰਾ

◆ **–ਸੰਗੀਤ**

ਪਿਆਰੀ ਕਵਿਤਾ ਜੀ!

ਕਾਫੀ ਦਿਨਾਂ ਬਾਦ ਪੱਤਰ ਲਿਖਣ ਲਈ ਮਾਫੀ ਚਾਹੁੰਦਾ ਹਾਂ। ਦੇਰ ਇਸ ਕਾਰਨ ਹੋ ਗਈ ਕਿ ਮੇਰੀ ਤਬੀਅਤ ਕਾਫੀ ਖਰਾਬ ਹੋ ਗਈ ਸੀ। ਹੁਣ ਕੁਝ ਠੀਕ ਹੈ। ਡਾਕਟਰ ਨੇ ਆਪਣਾ ਕੰਮ ਸ਼ੁਰੂ ਕਰ ਦਿਤਾ ਹੈ ਅਤੇ 23 ਦਸੰਬਰ ਨੂੰ ਮੇਰੇ ਓਪਰੇਸ਼ਨ ਦੀ ਤਾਰੀਖ ਰੱਖੀ ਹੈ ਹਾਲੀ ਤਿੰਨ ਹਫਤੇ ਪਏ ਹਨ। ਅੱਜ ਇਥੇ ਬਹੁਤ ਠੰਡ ਹੈ। ਕਾਫੀ ਬਰਫ ਪੈ ਚੁੱਕੀ ਹੈ। ਵੀਨਾ ਪਰਛਾਵੇਂ ਦੀ ਤਰ੍ਹਾਂ ਹਰ ਵਕਤ ਮੇਰੇ ਨਾਲ ਰਹਿੰਦੀ ਹੈ। ਕਦੀ ਮੌਕਾ ਹੀ ਨਹੀਂ ਦਿੰਦੀ ਬੀਤੇ ਦਿਨ ਯਾਦ ਕਰਨ ਦਾ। ਹੁਣ ਉਹ ਕਿਤੇ ਫਿਲਮ ਵੇਖਣ ਗਈ ਹੈ ਅਤੇ ਮੈਂ ਪੱਤਰ ਲਿਖ ਰਿਹਾ ਹਾਂ। ਮੈਂ ਅੱਜ ਤਕ ਉਸ ਨੂੰ ਤੇਰੇ ਬਾਰੇ ਕੁਝ ਨਹੀਂ ਦੱਸਿਆ ਇਹ ਸੋਚ ਕੇ ਕਿ ਕਿਤੇ ਉਸ ਦੇ ਮਨ ਵਿਚ ਜਲਨ ਨਾ ਪੈਦਾ ਹੋ ਜਾਏ।

ਕਵਿਤਾ ਜੀ! ਕਦੀ ਤਾਂ ਮੈਂ ਕਾਫੀ ਬੇਚੈਨ ਹੋ ਜਾਂਦਾ ਹਾਂ। ਵੀਨਾ ਦੇ ਨਾਲ ਸਦਾ ਰਹਿਣ ਕਾਰਨ ਘੁਟਣ ਜਿਹੀ ਅਨੁਭਵ ਕਰਦਾ ਹਾਂ ਇੰਜ ਲਗਦਾ ਹੈ ਜਿਵੇਂ ਉਹ ਮੇਰੀਆਂ ਸੱਧਰਾਂ ਤੇ ਇਛਾਵਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਦੀ ਹੈ। ਮੇਰੇ ਮਨ ਵਿਚ ਬੀਤੇ ਦਿਨਾਂ ਦਾ ਵਾਸਤਾ ਅਤੇ ਪਿਆਰ ਨੂੰ ਜਗਾਉਣ ਦਾ ਯਤਨ ਕਰਦੀ ਹੈ ਪਰ ਅੱਜ ਤਕ ਉਸ ਨੇ ਸਾਫ ਤੌਰ 'ਤੇ ਨਹੀਂ ਦੱਸਿਆ ਕਿ ਉਸ ਦਾ ਮਕਸਦ ਕੀ ਹੈ। ਕੀ ਉਹ ਇਹ ਸਭ ਕੁਝ ਪਿਛਲੀ ਭੁੱਲ ਨੂੰ ਬਖਸ਼ਾਉਣ ਲਈ ਕਰਦੀ ਹੈ? ਜਾਂ ਮੇਰੇ ਕੋਲੋਂ ਕੁਝ ਉਮੀਦ ਰੱਖਦੀ ਹੈ? ਅੱਜ ਕਲ੍ਹ ਉਹ ਕਾਫੀ ਬਦਲ ਗਈ ਹੈ। ਪਹਿਲੇ ਵਰਗੀ ਵੀਨਾ ਨਹੀਂ ਰਹੀ ਜਿਹੜੀ ਚੰਚਲ ਅਤੇ ਚੁਲਬਲੀ ਸੀ ਹਰ ਇਕ ਅਦਾ ਵਿਚ ਸ਼ੋਖੀ ਅਤੇ ਸ਼ਰਾਰਤ ਸੀ। ਹੁਣ ਉਹ ਬਹੁਤ ਗੰਭੀਰ ਹੋ ਗਈ ਹੈ। ਹਰ ਇਕ ਚੀਜ਼ ਨੂੰ ਸਮਝਦੀ ਹੈ ਸੋਚਦੀ ਹੈ। ਜੀਵਨ ਨੂੰ ਹੁਣ ਮਸਤੀ ਭਰੀ ਲਹਿਰ ਨਹੀਂ ਸਮਝਦੀ ਬਲਕਿ ਚੁਨੌਤੀਆਂ ਦਾ ਇਕ ਸੰਗ੍ਰਹਿ ਸਮਝਣ ਲਗ ਪਈ ਹੈ।

ਕਵਿਤਾ ਜੀ! ਓਪਰੇਸ਼ਨ ਤੋਂ ਬਾਦ ਮੈਨੂੰ ਬਿਲਕੁਲ ਠੀਕ ਹੋਣ ਲਈ ਤਿੰਨ ਚਾਰ ਮਹੀਨੇ ਇਥੇ ਹੀ ਰਹਿਣਾ ਪੈਣਾ ਹੈ। ਉਮੀਦ ਹੈ ਕਿ ਅਪ੍ਰੈਲ ਤਕ ਭਾਰਤ ਵਾਪਸ ਮੁੜ ਸਕਾਂਗਾ। ਉਮੀਦਾਂ ਦੇ ਸੁਪਨੇ ਬੜੇ ਸਜਾਏ ਹਨ ਅਗਰ ਪੂਰੇ ਹੋ ਜਾਣ। ਡਰ ਲਗਦਾ ਹੈ ਕਿ ਕਿਤੇ ਓਪਰੇਸ਼ਨ ਵਿਚ ਹੀ ਉਹ ਰੰਗ ਖਿਲਰ ਨਾ ਜਾਣ ਜਿਹੜੇ ਕਿ ਮੈਂ ਤੁਹਾਡੇ ਲਈ ਚੁਣ ਰੱਖੇ ਹਨ। ਪ੍ਰਮਾਤਮਾ ਤੋਂ ਇਹੋ ਮੰਗਿਆ ਕਰੋ ਕਿ ਮੇਰਾ ਓਪਰੇਸ਼ਨ ਕਾਮਯਾਬ ਹੋ ਜਾਵੇ ਅਤੇ ਠੀਕ ਹੋ ਕੇ ਤੁਹਾਡੇ ਕੋਲ ਪਹੁੰਚ ਜਾਵਾਂ। ਇੰਨਾ ਸਮਾਂ ਕਿੰਜ ਬੀਤੇਗਾ?

ਕਵਿਤਾ ਜੀ! ਮਨੁੱਖ ਕੀ ਉਮੀਦਾਂ ਰੱਖਦਾ ਹੈ ਪਰ ਰੱਬ ਹਰ ਇਕ ਤੇ ਪਾਣੀ ਫੇਰ ਦਿੰਦਾ ਹੈ। ਕਿੰਨੇ ਚਾਅ ਨਾਲ ਮੈਂ ਕਲਕੱਤੇ ਆਉਣਾ ਸੀ ਵਿਆਹ ਦੀ ਤਾਰੀਖ

ਪੱਕੀ ਕਰਨ ਲਈ ਪਰ ਉਸ ਤੋਂ ਪਹਿਲੇ ਹੀ ਜੀਵਨ ਇਕ ਭਿਆਨਕ ਮੋੜ ਮੁੜਿਆ। ਇਹ ਮੋੜ ਕਿਥੇ ਲੈ ਜਾਏਗਾ ਕੋਈ ਪਤਾ ਨਹੀਂ? ਆਪਣੀ ਸਿਹਤ ਬਾਰੇ ਲਿਖਣਾ ਕਿਉਂਕਿ ਤੁਸੀਂ ਇਕ ਚਿੱਠੀ ਵਿਚ ਕਮਜ਼ੋਰੀ ਦਾ ਜ਼ਿਕਰ ਕੀਤਾ ਸੀ। ਕਵਿਤਾ ਜੀ! ਆਪਣੀ ਸਿਹਤ ਦਾ ਖਾਸ ਖਿਆਲ ਰੱਖਣਾ। ਮੇਰੀ ਚਿੰਤਾ ਜ਼ਿਆਦਾ ਨਹੀਂ ਕਰਨੀ। ਮੈਂ ਠੀਕ ਹਾਂ ਅਤੇ ਛੇਤੀ ਹੀ ਬਿਲਕੁਲ ਠੀਕ ਹੋ ਜਾਵਾਂਗਾ। ਬਹੁਤ ਦਿਨ ਹੋ ਗਏ ਹਨ ਕਦੀ ਸੁਪਨੇ ਵਿਚ ਵੀ ਨਹੀਂ ਦੇਖਿਆ ਕਿਥੇ ਰਹਿੰਦੇ ਹੋ ਅੱਜ ਕਲ੍ਹ ਮੋਤੀਆਂ ਵਾਲਿਓ! ਕਦੀ ਤਾਂ ਦਰਸ਼ਨ ਦੇ ਦਿਆ ਕਰੋ। ਬਾਕੀ ਸਭ ਠੀਕ ਹੈ। ਚਿੱਠੀ ਦਾ ਉਤਰ ਜਲਦੀ ਦੇਣਾ। ਕਾਫੀ ਦਿਨ ਹੋ ਗਏ ਤੁਹਾਡੇ ਕੋਮਲ ਹੱਥਾਂ ਦੀ ਲਿਖੀ ਹੋਈ ਚਿੱਠੀ ਪੜ੍ਹਨ ਨੂੰ। ਬਾਕੀ ਚਿੱਠੀ ਦੇ ਉਤਰ ਤੋਂ ਬਾਦ ਲਿਖਾਂਗਾ।

ਸਦਾ ਹੀ ਤੁਹਾਡਾ

◆ **–ਸੰਗੀਤ**

ਕਲਕੱਤਾ **ਚੌਦਾਂ**

ਬਹੁਤ ਹੀ ਪਿਆਰੇ ਅਤੇ

ਹਰ ਪਾਲ ਯਾਦ ਆਉਣ ਵਾਲੇ ਮੇਰੇ ਸੰਗੀਤ ਜੀ! ਪਿਆਰ ਅਤੇ ਮਿੱਠੀ ਯਾਦ। ਅੱਜ ਇਕ ਮਹੀਨੇ ਬਾਦ ਤੁਹਾਡਾ ਪੱਤਰ ਮਿਲਿਆ। ਭੰਵਰ ਵਿਚ ਫਸੀ ਹੋਈ ਮੇਰੇ ਜੀਵਨ ਦੀ ਕਿਸ਼ਤੀ ਨੂੰ ਸਹਾਰਾ ਮਿਲਿਆ। ਇੰਜ ਜਾਪਦਾ ਸੀ ਕਿ ਇਹ ਕਿਸ਼ਤੀ ਹੁਣ ਕਦੀ ਵੀ ਕਿਨਾਰੇ ਨਹੀਂ ਲੱਗੇਗੀ ਪਰ ਡੋਲਦੀ ਕਿਸ਼ਤੀ ਨੂੰ ਤੁਹਾਡੇ ਪੱਤਰ ਨੇ ਚੱਪੂ ਬਣ ਕੇ ਕਿਨਾਰੇ ਲਾ ਦਿਤਾ ਹੈ।

ਇਹ ਜਾਣ ਕੇ ਬੇਹਦ ਪ੍ਰਸੰਨਤਾ ਹੋਈ ਕਿ ਤੁਸੀਂ ਠੀਕ ਹੋ ਅਤੇ ਇਸ ਮਹੀਨੇ ਦੀ ਤੇਈ ਤਰੀਕ ਨੂੰ ਤੁਹਾਡਾ ਓਪਰੇਸਨ ਹੈ। ਚੰਨ ਜੀ! ਮੈਂ ਕਿਸ ਉਤੇਜਿਤਾ ਦੇ ਨਾਲ ਉਸ ਦਿਨ ਦੀ ਉਡੀਕ ਕਰ ਰਹੀ ਹਾਂ ਜਦੋਂ ਤੁਹਾਡਾ ਓਪਰੇਸ਼ਨ ਕਾਮਯਾਬੀ ਨਾਲ ਪੂਰਾ ਹੋ ਜਾਏਗਾ ਅਤੇ ਤੁਹਾਡੇ ਸੁਖ ਦੀ ਖਬਰ ਮਿਲੇਗੀ। ਮੈਂ ਹਰ ਵੇਲੇ ਤੁਹਾਡੇ ਸੁਖ ਦੀ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦੀ ਹਾਂ। ਮੇਰੀ ਅਰਦਾਸ ਬਿਰਥਾ ਨਹੀਂ ਜਾਏਗੀ। ਮੇਰੇ ਸਾਰੇ ਸੁਪਨੇ ਪੂਰੇ ਹੋ ਜਾਣਗੇ। ਜਿਹੜੇ ਵੀ ਰੰਗ ਤੁਸੀਂ ਮੇਰੇ ਲਈ ਇਕੱਠੇ ਕੀਤੇ ਹਨ ਸਭ ਮੇਰੀ ਝੋਲੀ ਵਿਚ ਆ ਜਾਣਗੇ ਕੋਈ ਵੀ ਨਹੀਂ ਖਿਲਰੇਗਾ। ਸੰਗੀਤ ਜੀ ਈਸ਼ਵਰ ਏਨਾ ਨਿਰਦੱਈ ਨਹੀਂ ਹੈ ਕਿ ਇਕ ਬੇਬਸ ਔਰਤ ਦੀ ਫਰਿਆਦ ਨਹੀਂ ਸੁਣੇਗਾ। ਮੇਰੀ ਲਗਨ ਅਤੇ ਵਫਾ ਜ਼ਰੂਰ ਕਾਮਯਾਬ ਹੋਵੇਗੀ। ਜਦੋਂ ਤੋਂ ਤੁਸੀਂ ਇਥੋਂ ਗਏ ਹੋ ਮੇਰੀ ਜ਼ਿੰਦਗੀ ਦਾ ਮਨਹੂਸ ਸਫਰ ਸ਼ੁਰੂ ਹੋਇਆ ਹੈ। ਮੈਂ ਜੀਵਨ ਵਿਚ ਸਦਾ ਹੀ ਝੂਲੇ ਵਿਚ ਝੂਲਦੀ ਰਹੀ ਹਾਂ ਪਰ ਹੁਣ ਉਸ ਝੂਲੇ ਦੀਆਂ ਰੱਸੀਆਂ ਢਿੱਲੀਆਂ ਹੋ ਰਹੀਆਂ ਹਨ। ਮੈਂ ਧਰਤੀ 'ਤੇ ਡਿਗ ਪਈ ਹਾਂ। ਅੰਗ-ਅੰਗ

ਦੁਖਣ ਲਗ ਪਿਆ ਹੈ। ਪੀੜ ਨੇ ਆਤਮਾ ਵੀ ਦੁਖੀ ਕਰ ਦਿੱਤੀ ਹੈ। ਜੁਦਾਈ ਦਾ ਇਕ ਪਲ ਵੀ ਨਹੀਂ ਸਹਾਰਿਆ ਜਾਂਦਾ। ਮਨ ਸਦਾ ਮਚਲਦਾ ਰਹਿੰਦਾ ਹੈ। ਜੀਅ ਕਰਦਾ ਹੈ ਕਿ ਉਡ ਕੇ ਤੁਹਾਡੇ ਚਰਨਾਂ ਵਿਚ ਆ ਜਾਵਾਂ ਅਤੇ ਉਹ ਚਰਨ ਕਦੀ ਵੀ ਨਾ ਛੱਡਾਂ। ਉਹੋ ਹੀ ਚਰਨ ਮੇਰੀ ਮੰਜ਼ਿਲ ਹਨ ਅਤੇ ਉਹਨਾਂ ਤੋਂ ਦੂਰ ਰਹਿ ਕੇ ਮੈਂ ਬਹੁਤ ਬੇਚੈਨ ਹਾਂ।

ਸੰਗੀਤ ਜੀ! ਤੁਹਾਨੂੰ ਮਿਲਣ ਤੋਂ ਪਹਿਲੇ ਦਿਲ ਦੀ ਚਾਰ-ਦੀਵਾਰੀ ਅੰਦਰ ਇਕ ਕੈਦ ਭਾਵਨਾ ਸੀ। ਜਿਸ ਨੂੰ ਕੈਦਖਾਨੇ ਦੀਆਂ ਜੰਜ਼ੀਰਾਂ ਤੋੜਨ ਦਾ ਗਿਆਨ ਨਹੀਂ ਸੀ। ਉਸ ਵਕਤ ਮੈਂ ਸੁਖੀ ਸਾਂ। ਭਾਵਨਾਵਾਂ ਅੰਗੜਾਈਆਂ ਜ਼ਰੂਰ ਲੈਂਦੀਆਂ ਸਨ ਪਰ ਵਿਦਰੋਹ ਨਹੀਂ ਸਨ ਕਰਦੀਆਂ। ਪਰ ਹੁਣ ਤਾਂ ਚੈਨ ਹੀ ਨਹੀਂ ਲੈਣ ਦਿੰਦੀਆਂ। ਕਿੰਨਾ ਚੰਗਾ ਹੁੰਦਾ ਸਾਡਾ ਵਿਆਹ ਹੋ ਜਾਂਦਾ। ਮੈਂ ਸੰਸਾਰ ਦੇ ਸਾਹਮਣੇ ਸਿਰ ਉੱਚਾ ਕਰ ਕੇ ਤੁਰ ਸਕਦੀ ਪਰ ਹੁਣ ਮੈਨੂੰ ਸਮਾਜ ਤੋਂ ਮੂੰਹ ਛੁਪਾ ਕੇ ਘਰ ਬੈਠਣਾ ਪੈਂਦਾ ਹੈ। ਮੈਂ ਨੌਕਰੀ ਛੱਡ ਦਿਤੀ ਹੈ ਅਤੇ ਸਾਰਾ ਦਿਨ ਆਪ ਦੇ ਖਿਆਲਾਂ ਵਿਚ ਮਸਤ ਰਹਿੰਦੀ ਹਾਂ। ਕਦੀ ਤਾਂ ਸਾਰਾ ਸਰੀਰ ਕੰਬ ਜਾਂਦਾ ਹੈ। ਭਵਿੱਖ ਇਕ ਹਨੇਰਾ ਦਿਸਣ ਲਗ ਪੈਂਦਾ ਹੈ। ਦਿਮਾਗ ਵਿਚ ਕੁਝ ਇਹੋ ਜਿਹੇ ਵਿਚਾਰ ਜਨਮ ਲੈਂਦੇ ਹਨ ਕਿ ਸੋਚ ਕੇ ਮੈਂ ਤੜਫ ਪੈਂਦੀ ਹਾਂ। ਪਿਆਰ ਸੰਸਾਰ ਦੀ ਕਿੰਨੀ ਅਜੀਬ ਸ਼ੈਅ ਹੈ? ਇਸ ਤੋਂ ਬਿਨਾਂ ਵੀ ਆਤਮਾ ਪਿਆਸੀ ਰਹਿੰਦੀ ਹੈ ਅਤੇ ਜਦੋਂ ਪਿਆਰ ਹੋ ਜਾਏ ਤਾਂ ਤੜਫ ਹੋਰ ਵਧ ਜਾਂਦੀ ਹੈ। ਸੰਗੀਤ ਜੀ! ਜਦੋਂ ਤਕ ਪ੍ਰੇਮੀ ਅੱਖਾਂ ਦੇ ਸਾਹਮਣੇ ਹੁੰਦਾ ਹੈ ਦਿਲ ਨੂੰ ਤਸੱਲੀ ਮਿਲਦੀ ਹੈ ਪਰ ਜਦੋਂ ਅੱਖਾਂ ਤੋਂ ਓਹਲੇ ਹੋ ਜਾਂਦਾ ਹੈ ਤਾਂ ਜਾਨ ਹੀ ਨਿਕਲ ਜਾਂਦੀ ਹੈ।

ਸੰਗੀਤ ਜੀ! ਜਿਸ ਦਿਲਚਸਪੀ ਨਾਲ ਵੀਨਾ ਤੁਹਾਡਾ ਇਲਾਜ ਕਰਵਾ ਰਹੀ ਹੈ ਅਤੇ ਪਰਛਾਵੇਂ ਦੀ ਤਰ੍ਹਾਂ ਨਾਲ ਰਹਿ ਰਹੀ ਹੈ, ਉਸ ਤੋਂ ਇੰਜ ਲਗਦਾ ਹੈ ਕਿ ਉਹ ਆਪਣੀ ਭੁੱਲ ਨੂੰ ਬਖਸ਼ਣ ਦਾ ਯਤਨ ਕਰ ਰਹੀ ਹੈ ਪਰ ਮੇਰੇ ਲਈ ਉਸ ਦਾ ਇਹ ਸਭ ਤੋਂ ਵੱਡਾ ਯੋਗਦਾਨ ਹੈ ਜਿਸ ਦਾ ਬਦਲਾ ਮੈਂ ਕਈ ਜਨਮਾਂ ਤਕ ਨਹੀਂ ਚੁਕਾ ਸਕਦੀ। ਕੀ ਤੁਸੀਂ ਵੀਨਾ ਅੱਗੇ ਕਦੀ ਵੀ ਮੇਰਾ ਜ਼ਿਕਰ ਨਹੀਂ ਕੀਤਾ? ਅਗਰ ਨਹੀਂ ਤਾਂ ਕਰ ਦੇਣਾ ਚਾਹੀਦਾ ਹੈ ਕਿਉਂਕਿ ਉਸ ਨੂੰ ਹਨੇਰੇ ਵਿਚ ਰੱਖਣਾ ਉਸ ਨਾਲ ਬੇਇਨਸਾਫੀ ਕਰਨਾ ਹੈ। ਉਸ ਨੂੰ ਸਾਫ ਦੱਸ ਦੇਣਾ ਚਾਹੀਦਾ ਹੈ ਕਿ ਤੁਸੀਂ ਮੇਰੇ ਪਿਆਰ ਦੇ ਪੱਕੇ ਧਾਗਿਆਂ ਵਿਚ ਬੱਝੇ ਹੋਏ ਹੋ ਅਤੇ ਉਨ੍ਹਾਂ ਧਾਗਿਆਂ ਨੂੰ ਹੋਰ ਮਜ਼ਬੂਤ ਕਰਨ ਲਈ ਠੀਕ ਹੋ ਜਾਣ 'ਤੇ ਵਿਆਹ ਦਾ ਵੱਟ ਚੜ੍ਹਾਉਗੇ। ਫਿਰ ਉਹ ਧਾਗੇ ਕਦੀ ਵੀ ਨਹੀਂ ਟੁੱਟਣਗੇ। ਉਹ ਵੱਟ ਕਦੀ ਵੀ ਢਿੱਲਾ ਨਹੀਂ ਹੋਏਗਾ। ਸਮੇਂ ਨਾਲ ਪਿਆਰ ਦੀਆਂ ਤੰਦਾਂ ਹੋਰ ਮਜ਼ਬੂਤ ਹੁੰਦੀਆਂ ਜਾਣਗੀਆਂ।

ਸੰਗੀਤ ਜੀ! ਮੈਂ ਕੁਝ ਦਿਨਾਂ ਵਿਚ ਹੀ ਕਲਕੱਤੇ ਤੋਂ ਜਾ ਰਹੀ ਹਾਂ ਪਰ ਤੁਹਾਡੇ ਅਗਲੇ ਪੱਤਰ ਨੂੰ ਉਡੀਕ ਕੇ ਹੀ ਜਾਵਾਂਗੀ। ਕਿਥੇ ਜਾਣਾ ਹੈ ਹਾਲੀ ਕੋਈ ਫੈਸਲਾ ਨਹੀਂ ਕੀਤਾ ਪਰ ਜਾਣ ਵੇਲੇ ਤੁਹਾਨੂੰ ਦੱਸ ਦਿਆਂਗੀ ਅਤੇ ਜਾਣ ਦਾ ਕਾਰਨ ਵੀ ਲਿਖ

ਦਿਆਂਗੀ। ਪਿਤਾ ਜੀ ਵੀ ਮੇਰੇ ਨਾਲ ਹੀ ਜਾਣਗੇ ਹੋਰ ਸਭ ਠੀਕ ਹੈ। ਚਿੱਠੀ ਦੀ ਉਡੀਕ ਵਿਚ।

ਮੈਂ ਹਾਂ ਆਪ ਦੀ

◆ **-ਕਵਿਤਾ**

ਕਲਕੱਤਾ **ਪੰਦਰਾਂ**

ਮੇਰੀ ਆਤਮਾ ਦੇ ਦੇਵਤਾ!

ਰੱਜ ਕੇ ਪਿਆਰ ਪਹੁੰਚੇ। ਤਿੰਨ ਹਫਤੇ ਹੋ ਗਏ ਹਨ ਤੁਹਾਨੂੰ ਪੱਤਰ ਲਿਖਿਆ ਸੀ। ਅੱਖਾਂ ਥੱਕ ਗਈਆਂ ਹਨ ਉਡੀਕ ਕਰ ਕੇ ਪਰ ਉਤਰ ਨਹੀਂ ਮਿਲਿਆ। ਬੇਵਸ ਹੋ ਕੇ ਇਹ ਦੂਸਰਾ ਪੱਤਰ ਲਿਖ ਰਹੀ ਹਾਂ। ਅੱਜ ਦਾ ਦਿਨ ਮੇਰੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਦਿਨ ਹੈ। ਅੱਜ ਮੇਰੇ ਪਿਆਰ ਅਤੇ ਵਫਾ ਦਾ ਇਮਤਿਹਾਨ ਆਪ ਪ੍ਰਮਾਤਮਾ ਲੈ ਰਿਹਾ ਹੈ। ਪਿਛਲੇ ਦੋ ਦਿਨਾਂ ਤੋਂ ਮੈਂ ਪਾਣੀ ਤੋਂ ਸਿਵਾ ਮੂੰਹ ਨੂੰ ਕੁਝ ਵੀ ਨਹੀਂ ਲਾ ਸਕੀ। ਰਾਤ ਦਿਨ ਭਗਵਾਨ ਦੀ ਮੂਰਤੀ ਦੇ ਅੱਗੇ ਤੁਹਾਡੀ ਤਸਵੀਰ ਰੱਖ ਕੇ ਬੈਠੀ ਪ੍ਰਾਰਥਨਾ ਕਰਦੀ ਹਾਂ ਕਿ ਤੁਹਾਡਾ ਓਪਰੇਸ਼ਨ ਸਫਲ ਹੋ ਜਾਏ। ਅੱਜ ਰਾਤ ਤਾਂ ਮੇਰੀ ਅੱਖ ਪਲ ਵੀ ਨਹੀਂ ਲੱਗੀ ਤੁਹਾਡੀ ਸੂਰਤ ਮੇਰੀਆਂ ਅੱਖਾਂ ਅੱਗੇ ਘੁੰਮਦੀ ਰਹੀ। ਤੁਸੀਂ ਹੱਸਦੇ ਹੋਏ ਮੇਰੇ ਖਿਆਲਾਂ ਦੇ ਵਿਹੜੇ ਵਿਚ ਆ ਜਾਂਦੇ ਅਤੇ ਆ ਕੇ ਮੈਨੂੰ ਜੱਫੀ ਪਾ ਲੈਂਦੇ। ਮੇਰੇ ਬੁੱਲ੍ਹਾਂ ਤੇ ਅੰਮ੍ਰਿਤ ਖਿਲਾਰ ਕੇ ਕਹਿੰਦੇ ਕਵਿਤਾ! ਮੈਂ ਠੀਕ ਹੋ ਗਿਆ ਹਾਂ, ਤੇਰੇ ਸੁਪਨਿਆਂ ਨੂੰ ਸਜਾਉਣ ਲਈ ਮੈਂ ਆਪਣੀ ਸਾਰੀ ਹੀ ਕਲਾ ਨੂੰ ਇਕੱਠਾ ਕਰ ਲਿਆਂਦਾ ਹੈ। ਫਿਰ ਤੁਸੀਂ ਮੈਨੂੰ ਆਪਣੇ ਸੀਨੇ ਨਾਲ ਲਾ ਲੈਂਦੇ ਅਤੇ ਮੇਰਾ ਸਾਰਾ ਬਦਨ ਕੰਬ ਉਠਦਾ। ਦਿਲ ਖੁਸ਼ੀ ਨਾਲ ਨੱਚ ਪੈਂਦਾ ਤਾਂ ਜਦੋਂ ਵਿਚਾਰ ਟੁੱਟਦਾ ਹੈ ਤਾਂ ਮੈਂ ਨਿਰਾਸ਼ ਹੋ ਜਾਂਦੀ ਪਰ ਉਸ ਨਿਰਾਸ਼ਤਾ ਵਿਚ ਵੀ ਠੀਕ ਹੋਣ ਦੀ ਤੇਜ਼ ਦੌੜ ਪ੍ਰਤੀਤ ਹੁੰਦੀ ਇਹ ਸੋਚ ਕੇ ਕਿ ਤੁਸੀਂ ਜ਼ਰੂਰ ਠੀਕ ਹੋ ਕੇ ਆਉਗੇ ਇੰਜ ਹੀ ਆਪਣੀਆਂ ਬਾਹਾਂ ਦਾ ਹਾਰ ਪਹਿਨਾਉਗੇ।

ਸੰਗੀਤ ਜੀ! ਕਵਿਤਾ ਨੂੰ ਆਪਣੇ ਸਾਜ ਵਿਚ ਢਾਲ ਕੇ ਤੁਸੀਂ ਨਵਾਂ ਗੀਤ ਤਿਆਰ ਕੀਤਾ ਹੈ ਜਿਸ ਦੇ ਬਾਰੇ ਤੁਸੀਂ ਆਪ ਨਹੀਂ ਜਾਣਦੇ ਕਿਉਂਕਿ ਮੈਂ ਵੀ ਪਹਿਲੇ ਦੱਸਣ ਦੀ ਜ਼ਰੂਰਤ ਨਹੀਂ ਸਮਝੀ ਇਸ ਲਈ ਕਿ ਕਿਤੇ ਤੁਹਾਡੇ ਦਿਮਾਗ 'ਤੇ ਜਿਆਦਾ ਭਾਰ ਨਾ ਪਏ। ਹੁਣ ਤੁਸੀਂ ਓਪਰੇਸ਼ਨ ਦੇ ਸੰਕਟ ਵਿਚੋਂ ਨਿਕਲ ਗਏ ਹੋਵੇਗੇ। ਠੀਕ ਹੋਣ ਦੀ ਤੇਜ਼ ਦੌੜ ਤੁਹਾਡੇ ਸਰੀਰ 'ਤੇ ਛਾਈ ਹੋਣੀ ਹੈ ਤੁਹਾਡੇ ਮਨ ਵਿਚ ਖੁਸ਼ੀ ਦਾ ਇਕ ਸੋਮਾ ਫੁੱਟ ਰਿਹਾ ਹੋਵੇਗਾ। ਮਨ ਮਚਲ ਕੇ ਉਸ ਦਿਨ ਨੂੰ ਉਡੀਕਦਾ ਹੋਏਗਾ ਜਦੋਂ ਕਿ ਤੁਸੀਂ ਵਾਪਸ ਆ ਕੇ ਸੰਸਾਰ ਦੀਆਂ ਖੁਸ਼ੀਆਂ ਮੇਰੀ ਝੋਲੀ ਵਿਚ ਪਾ ਦਿਉਗੇ। ਇਸ ਮੌਕੇ 'ਤੇ ਮੈਂ ਤੁਹਾਨੂੰ ਇਹ ਖੁਸ਼ਖਬਰੀ ਦੇ ਰਹੀ ਹਾਂ। ਭਾਵੇਂ ਇਸ ਵੇਲੇ ਇਹ ਗੱਲ ਮੇਰੀ ਜਾਨ, ਮਾਣ ਅਤੇ ਮੁਸੀਬਤ ਬਣੀ ਹੋਈ ਹੈ ਪਰ

ਮੈਂ ਇਸ ਨੂੰ ਤੁਹਾਡੀ ਅਮਾਨਤ ਜਾਣ ਕੇ ਆਪਣੇ ਜੀਵਨ ਤੋਂ ਵੀ ਜ਼ਿਆਦਾ ਕੀਮਤੀ ਸਮਝਦੀ ਹਾਂ। ਚੰਨ ਜੀ! ਮੈਂ ਤੁਹਾਡੇ ਬੱਚੇ ਦੀ ਮਾਂ ਬਣਨ ਵਾਲੀ ਹਾਂ। ਤੁਹਾਨੂੰ ਇਹ ਗੱਲ ਕਿੰਨੀ ਅਜੀਬ ਲਗੇਗੀ, ਹੈ ਨਾ? ਕੁਝ ਦੇਰ ਲਈ ਤਾਂ ਤੁਸੀਂ ਹੱਕੇ-ਬੱਕੇ ਰਹਿ ਜਾਉਗੇ ਪਰ ਇਸ ਵਿਚ ਪ੍ਰੇਸ਼ਾਨੀ ਦੀ ਕੋਈ ਗੱਲ ਨਹੀਂ। ਸਤੰਬਰ ਵਿਚ ਜਦੋਂ ਆਤਮਾ ਅਤੇ ਸਰੀਰ ਪਿਆਰ ਦੀਆਂ ਪਵਿੱਤਰ ਭਾਵਨਾ ਦੇ ਤੁਫਾਨ ਨੂੰ ਨਾ ਸਹਾਰਦੇ ਹੋਏ ਇਕੱਠੇ ਹੋਏ ਸਨ। ਪਿਆਰ ਦੇ ਅਮ੍ਰਿਤ ਸਾਡੀ ਹਰ ਇਕ ਰਗ ਵਿਚ ਭਰਿਆ ਗਿਆ ਸੀ। ਆਤਮਾ ਪਿਆਰ ਅਮ੍ਰਿਤ ਵਿਚ ਭਿੱਜ ਗਈ ਸੀ, ਉਨ੍ਹਾਂ ਦਿਨਾਂ ਵਿਚ ਹੀ ਇਸ ਗੀਤ ਦੀ ਰਚਨਾ ਹੋਈ ਸੀ। ਮੈਂ ਆਪਣੇ ਪੱਤਰ ਵਿਚ ਕਈ ਵਾਰ ਜ਼ਿਕਰ ਕੀਤਾ ਹੈ ਆਪਣੀ ਸਿਹਤ ਦੀ ਕਮਜ਼ੋਰੀ ਦੇ ਬਾਰੇ ਜਿਸ ਦਾ ਕਾਰਨ ਇਹੋ ਸੀ।

ਚੰਨ ਜੀ! ਗਰਭਵਤੀ ਹੋਣ ਦੇ ਕਾਰਨ ਮੈਨੂੰ ਨੌਕਰੀ ਵੀ ਛੱਡਣੀ ਪਈ ਹੈ। ਭਾਵੇਂ ਅਸੀਂ ਇਕ ਦੂਜੇ ਨੂੰ ਪਤੀ ਪਤਨੀ ਸਵੀਕਾਰ ਕਰ ਚੁੱਕੇ ਹਾਂ ਪਰ ਸਮਾਜ ਨੇ ਉਸ ਸ਼ਾਦੀ ਨੂੰ ਕਦੀ ਵੀ ਕਬੂਲ ਨਹੀਂ ਕਰਨਾ, ਉਸ ਨੂੰ ਸਦਾ ਹੀ ਪਾਪ ਸਮਝਣਾ ਹੈ। ਇਸ ਲਈ ਤੁਸੀਂ ਛੇਤੀ ਆ ਕੇ ਇਸ ਪਾਪ ਨੂੰ ਪਵਿੱਤਰਤਾ ਦਾ ਜਾਮਾ ਪਹਿਨਾਉ। ਮੇਰਾ ਕਲਕੱਤੇ ਤੋਂ ਬਾਹਰ ਜਾਣ ਦਾ ਇਹੋ ਕਾਰਨ ਹੈ। ਇਥੇ ਲੋਕਾਂ ਦੀਆਂ ਉਂਗਲਾਂ ਮੇਰੇ ਪਿਆਰ ਨੂੰ ਇਕ ਪਾਪ ਸਮਝ ਕੇ ਉਠਦੀਆਂ ਰਹਿਣਗੀਆਂ। ਉਨ੍ਹਾਂ ਉਂਗਲਾਂ ਨੂੰ ਉਠਣ ਤੋਂ ਕੋਈ ਰੋਕ ਨਹੀਂ ਸਕਦਾ। ਸਮਾਜ ਦੀ ਜ਼ੁਬਾਨ ਉਤੇ ਅੱਜ ਤਕ ਕਿਸੇ ਨੇ ਤਾਲਾ ਨਹੀਂ ਲਗਾਇਆ। ਪਿਤਾ ਜੀ ਨੂੰ ਮੈਂ ਆਪਣੀ ਅਤੇ ਤੁਹਾਡੀ ਸ਼ਾਦੀ ਬਾਰੇ ਦੱਸ ਚੁੱਕੀ ਹਾਂ। ਉਹ ਜਾਣਦੇ ਹਨ ਕਿ ਮੈਂ ਜੀਵਨ ਵਿਚ ਕਦੀ ਵੀ ਕੋਈ ਗਲਤ ਕਦਮ ਨਹੀਂ ਚੁੱਕਿਆ ਅਤੇ ਨਾ ਹੀ ਕਦੀ ਚੁੱਕਾਂਗੀ। ਉਨ੍ਹਾਂ ਨੇ ਸਾਡੀ ਇਸ ਸ਼ਾਦੀ ਨੂੰ ਕਬੂਲ ਕਰ ਲਿਆ ਹੈ। ਸੱਚਮੁਚ ਹੀ ਮੇਰੇ ਪਿਤਾ ਇਕ ਦੇਵਤਾ ਹਨ। ਉਹ ਹੋਣ ਵਾਲੇ ਬੱਚੇ ਨੂੰ ਗਲਤ ਨਹੀਂ ਸਮਝ ਰਹੇ ਅਤੇ ਮੇਰੇ ਨਾਲ ਹੀ ਆਸਨਸੋਲ ਜਾ ਰਹੇ ਹਨ। ਇਹ ਥਾਂ ਵੀ ਬੰਗਾਲ ਵਿਚ ਹੈ ਅਤੇ ਕੋਲੇ ਦੀਆਂ ਖਾਨਾਂ ਲਈ ਮਸ਼ਹੂਰ ਹੈ। ਹੋ ਸਕਦਾ ਹੈ ਕਿ ਮੈਂ ਉਥੇ ਜਾ ਕੇ ਨੌਕਰੀ ਕਰ ਲਵਾਂ। ਪੱਤਰ ਦੇ ਉਤਰ ਲਈ ਬਾਹਰ ਪਤਾ ਲਿਖ ਰਹੀ ਹਾਂ ਇਸ ਪਤੇ 'ਤੇ ਹੀ ਜਵਾਬ ਦੇਣਾ। ਵੈਸੇ ਤਾਂ ਪਿਤਾ ਜੀ ਨੇ ਸਵਿਟਜਰਲੈਂਡ ਨੂੰ ਤਾਰ ਭੇਜੀ ਹੈ ਤੁਹਾਡੇ ਓਪਰੇਸ਼ਨ ਦੀ ਸੂਚਨਾ ਲਈ ਸਭ ਉਤਾਵਲੇ ਹਾਂ ਖੁਸ਼ਖਬਰੀ ਸੁਣਨ ਨੂੰ। ਬਾਕੀ ਚਿੱਠੀ ਦੇ ਉਤਰ ਤੋਂ ਪਿਛੋਂ।

ਤੁਹਾਡੀ ਹੀ

◆ **-ਕਵਿਤਾ**

ਮੇਰੀਆਂ ਖੁਸ਼ੀਆਂ ਦੀ ਮੰਜ਼ਿਲ!

ਕਵਿਤਾ ਜੀ! ਜਿੰਨੇ ਅਸਮਾਨ ਵਿਚ ਤਾਰੇ ਹਨ ਓਨੇ ਹੀ ਪਿਆਰ ਪਹੁੰਚਣ। ਤੁਹਾਡਾ ਸਤ ਦਸੰਬਰ ਵਾਲਾ ਪੱਤਰ ਕੁਝ ਦਿਨ ਪਹਿਲੇ ਮਿਲਿਆ ਵਕਤ ਸਿਰ ਉਤਰ ਨਹੀਂ ਦੇ ਸਕਿਆ ਜਿਸ ਲਈ ਖਿਮਾ ਦਾ ਜਾਚਕ ਹਾਂ। ਉਸ ਪੱਤਰ ਤੋਂ ਸਾਫ ਦਿਸਦਾ ਹੈ ਕਿ ਮੇਰੀ ਕਵਿਤਾ ਮੇਰੇ ਬਿਨਾਂ ਰਹਿ ਨਹੀਂ ਸਕਦੀ। ਠੀਕ ਵੀ ਤਾਂ ਹੈ ਸੰਗੀਤ ਤੋਂ ਬਿਨਾਂ ਕਵਿਤਾ ਰਹਿ ਕਿਵੇਂ ਸਕਦੀ ਹੈ?

ਕਵਿਤਾ ਤੈਨੂੰ ਆਪਣੇ ਪਿਆਰ 'ਤੇ ਬਹੁਤ ਭਰੋਸਾ ਹੈ ਅਤੇ ਮੈਨੂੰ ਤੇਰੇ 'ਤੇ ਭਰੋਸਾ ਹੈ। ਪ੍ਰਮਾਤਮਾ ਤੇਰੇ ਭਰੋਸੇ ਦੇ ਪੁਲ ਨੂੰ ਕਦੀ ਨਹੀਂ ਤੋੜ ਸਕਦਾ ਇਸ ਪੁਲ ਤੋਂ ਅਸੀਂ ਜੀਵਨ ਦਾ ਸਾਗਰ ਪਾਰ ਕਰਨਾ ਹੈ। ਈਸ਼ਵਰ ਨਿਰਦੱਈ ਨਹੀਂ ਹੈ ਉਹ ਤਾਂ ਸਿਰਫ ਸਾਡੇ ਪਿਆਰ ਦਾ ਇਮਤਿਹਾਨ ਲੈ ਰਿਹਾ ਹੈ। ਸਾਡਾ ਪਿਆਰ ਇਨ੍ਹਾਂ ਇਮਤਿਹਾਨਾਂ ਵਿਚੋਂ ਨਿਕਲ ਕੇ ਕੰਚਨ ਬਣ ਜਾਏਗਾ। ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਆਪਣੇ ਦਿਲ 'ਤੇ ਕਦੀ ਵੀ ਕੋਈ ਦੁੱਖ ਨਹੀਂ ਲੈਣਾ। ਕਵਿਤਾ! ਤੂੰ ਅੱਜ ਤਕ ਜੀਵਨ ਵਿਚ ਖੁਸ਼ ਰਹੀ ਹੈਂ ਅਤੇ ਅੱਜ ਤੋਂ ਬਾਦ ਵੀ ਖੁਸ਼ ਹੀ ਰਹੇਂਗੀ। ਗਮ ਦੇ ਬੱਦਲ ਸਿਰਫ ਕੁਝ ਦਿਨਾਂ ਦੇ ਪ੍ਰਾਹੁਣੇ ਹਨ। ਖੁਸ਼ੀ ਦੀ ਹਵਾ ਦਾ ਇਕ ਬੁੱਲਾ ਆਏਗਾ ਤੇ ਇਹ ਸਾਰੇ ਬੱਦਲ ਖਿੱਲਰ ਜਾਣਗੇ।

ਤੂੰ ਨੌਕਰੀ ਹਾਲੀ ਨਹੀਂ ਸੀ ਛੱਡਣੀ। ਪਿਤਾ ਜੀ ਤਾਂ ਰਿਟਾਇਰ ਹਨ। ਘੱਟ ਤੋਂ ਘੱਟ ਉਨ੍ਹਾਂ ਦਾ ਸਹਾਰਾ ਤਾਂ ਬਣੀ ਰਹਿੰਦੀ। ਤੂੰ ਆਪਣੇ ਕਈ ਪੱਤਰਾਂ ਵਿਚ ਕਮਜ਼ੋਰੀ ਦਾ ਜ਼ਿਕਰ ਕੀਤਾ ਸੀ ਇਸ ਦਾ ਕੀ ਕਾਰਨ ਹੈ? ਕਦੀ-ਕਦੀ ਤਾਂ ਕੁਝ ਹੋਰ ਵੀ ਸ਼ੱਕ ਹੁੰਦਾ ਹੈ ਕਿ ਇਹੋ ਕਾਰਨ ਤਾਂ ਨਹੀਂ ਜਿਸ ਕਰ ਕੇ ਤੂੰ ਨੌਕਰੀ ਛੱਡ ਦਿਤੀ ਹੈ ਮੇਰੀ ਆਤਮਾ ਅਵਾਜ਼ ਦਿੰਦੀ ਹੈ, ਇਕ ਅਜੀਬ ਅਵਾਜ਼, ਜਿਵੇਂ ਕਿਸੇ ਬੱਚੇ ਦੀ ਚੀਕ ਹੋਏ। ਕੀ ਤੂੰ ਕਿਤੇ ਬੱਚੇ ਦੀ ਮਾਂ ਤਾਂ ਨਹੀਂ ਬਣਨ ਵਾਲੀ?

ਕਵਿਤਾ! ਕਲ੍ਹ ਮੇਰਾ ਓਪਰੇਸ਼ਨ ਹੈ। ਅੱਜ ਦਿਲ ਕਰਦਾ ਹੈ ਪੱਤਰ ਲਿਖੀ ਜਾਵਾਂ ਐਨਾ ਵੱਡਾ ਪੱਤਰ ਲਿਖਾਂ ਕਿ ਇਹ ਇਕ ਨਾਵਲ ਬਣ ਜਾਏ। ਇਸ ਦਾ ਹਰ ਇਕ ਲਫ਼ਜ਼ ਮੋਤੀ ਬਣ ਕੇ ਤੇਰੇ ਗਲੇ ਦਾ ਹਾਰ ਬਣ ਜਾਏ। ਕਲ੍ਹ ਪਤਾ ਨਹੀ ਕੀ ਹੋਏਗਾ? ਵੱਡਾ ਓਪਰੇਸ਼ਨ ਹੈ, ਮੈਂ ਠੀਕ ਹੋ ਜਾਵਾਂਗਾ ਕਿਉਂਕਿ ਰੱਬ ਮੈਨੂੰ ਤੇਰੇ ਕੋਲੋਂ ਵੱਖ ਨਹੀਂ ਕਰ ਸਕਦਾ। ਬਾਕੀ ਤਾਂ ਡੋਰੀ ਰੱਬ ਦੇ ਹੱਥ ਹੈ।

ਕਵਿਤਾ! ਮੈਂ ਵੀਨਾ ਨੂੰ ਸਾਰੀ ਗੱਲ ਦੱਸ ਦਿੱਤੀ ਹੈ। ਉਸ ਨੂੰ ਇਹ ਵੀ ਦੱਸ ਦਿਤਾ ਹੈ ਕਿ ਅਸੀਂ ਇਕ ਦੂਜੇ ਨੂੰ ਜੀਵਨ ਸਾਥੀ ਮਨ ਚੁੱਕੇ ਹਾਂ ਵੀਨਾ ਨੂੰ ਇਸ ਗੱਲ ਦਾ ਕੋਈ ਗਿਆਨ ਨਹੀਂ ਸੀ ਤੇ ਇਹ ਜਾਣ ਕੇ ਉਸ ਨੂੰ ਬਹੁਤ ਅਚੰਬਾ ਹੋਇਆ। ਉਸ ਦੀਆਂ ਸਾਰੀਆਂ ਆਸਾਂ ਮਿੱਟੀ ਵਿਚ ਮਿਲ ਗਈਆਂ ਹਨ। ਅੱਜ ਤਕ ਉਹ

ਮੇਰੀ ਉਮੀਦ ਵਿਚ ਕਵਾਰੀ ਹੀ ਰਹੀ ਸੀ। ਮੇਰੇ ਪਿਆਰ ਕਾਰਨ ਉਹ ਕਿਸੇ ਨੂੰ ਆਪਣਾ ਜੀਵਨ ਸਾਥੀ ਨਹੀਂ ਚੁਣ ਸਕੀ। ਮੇਰੀ ਯਾਦ ਦੇ ਭਰੋਸੇ ਜੀਵਨ ਕੱਟਦੀ ਰਹੀ। ਜਦੋਂ ਉਸ ਨੂੰ ਪਤਾ ਲੱਗਾ ਮੈਂ ਡਗਸ਼ਈ ਵਿਚ ਹਾਂ ਤਾਂ ਉਸ ਦੀਆਂ ਸਾਰੀਆਂ ਇਛਾਵਾਂ ਤੇ ਸਧਰਾਂ ਅੰਗੜਾਈ ਲੈ ਕੇ ਰਹਿ ਗਈਆਂ ਸਨ। ਉਸ ਨੂੰ ਇੰਜ ਜਾਪਿਆ ਸੀ ਜਿਵੇਂ ਸਾਰੀਆਂ ਆਸਾਂ ਪੂਰੀਆਂ ਹੋ ਗਈਆਂ ਹੋਣ। ਉਸ ਵੇਲੇ ਉਸ ਨੇ ਧਾਰ ਲਿਆ ਸੀ ਕਿ ਉਹ ਕਿਸੇ ਵੀ ਕੀਮਤ 'ਤੇ ਅਤੇ ਕਿਸੇ ਵੀ ਰੂਪ ਵਿਚ ਮੈਂ ਹੋਵਾਂ ਮੈਨੂੰ ਧਾਰਨ ਕਰ ਲਏਗੀ। ਉਸ ਨੇ ਸਦਾ ਹੀ ਮੈਨੂੰ ਆਪਣੀ ਆਤਮਾ ਨਾਲ ਬੰਨ੍ਹ ਕੇ ਰਖਿਆ ਹੈ, ਉਹ ਮੇਰੀ ਕਲਪਨਾ ਦੇ ਸਹਾਰੇ ਉਮੀਦਾਂ ਦੇ ਮਹਿਲ ਬਣਾਉਂਦੀ ਰਹੀ ਸੀ। ਕਵਿਤਾ! ਜਦੋਂ ਅੱਜ ਮੈਂ ਉਸ ਨੂੰ ਸਾਰੀ ਗੱਲ ਦੱਸੀ ਉਹ ਰੋ ਪਈ ਪਿਆਰ ਦਾ ਵਾਸਤਾ ਦੇ ਕੇ ਤਰਲੇ ਕਰਦੀ ਰਹੀ। ਆਪਣੀ ਬੇਬਸੀ ਦਾ ਉਸ ਨੇ ਬਹੁਤ ਵਾਸਤਾ ਦਿਤਾ ਪਰੰਤੂ ਮੈਂ ਕੀ ਕਰ ਸਕਦਾ ਸਾਂ? ਮੈਂ ਸਾਫ ਕਹਿ ਦਿਤਾ ਸੀ ਕਿ ਮੈਂ ਕਿਸੇ ਹੋਰ ਦਾ ਹੋ ਗਿਆ ਹਾਂ ਅਤੇ ਕਵਿਤਾ ਨੂੰ ਮੈਂ ਕਿਸੇ ਵੀ ਕੀਮਤ 'ਤੇ ਨਹੀਂ ਛੱਡ ਸਕਦਾ। ਮੇਰੇ ਇਸ ਫੈਸਲੇ ਨੂੰ ਆਪਣੀ ਕਿਸਮਤ ਦੀ ਹਾਰ ਸਮਝ ਕੇ ਉਹ ਚੁੱਪ ਹੋ ਗਈ ਅਤੇ ਕਹਿ ਦਿਤਾ ਕਿ ਉਹ ਕਦੀ ਸਾਡੇ ਰਸਤੇ ਵਿਚ ਨਹੀਂ ਆਏਗੀ।

ਕਵਿਤਾ! ਮੈਂ ਉਸ ਨੂੰ ਆਪਣਾ ਫੈਸਲਾ ਤਾਂ ਸੁਣਾ ਦਿਤਾ ਪਰ ਮੈਂ ਕਾਫੀ ਦੇਰ ਤਕ ਇਸ 'ਤੇ ਵਿਚਾਰ ਕਰਦਾ ਰਿਹਾ। ਸੋਚਦਾ ਕਿ ਕੀ ਮੈਂ ਇਹ ਠੀਕ ਕੀਤਾ ਹੈ? ਵੀਨਾ ਦੀਆਂ ਸਧਰਾਂ ਅਤੇ ਭਾਵਨਾਵਾਂ ਨੂੰ ਪਛਤਾਵੇ ਦੀ ਅੱਗ ਵਿਚ ਸਾੜ ਕੇ ਭਸਮ ਕਰ ਦਿਤਾ ਹੈ। ਫਿਰ ਮੇਰੀ ਆਤਮਾ ਨੇ ਮੈਨੂੰ ਤਸੱਲੀ ਦਿਤੀ ਕਿ ਮੈਂ ਜੋ ਕੁਝ ਕੀਤਾ ਹੈ ਠੀਕ ਕੀਤਾ ਹੈ। ਵੀਨਾ ਨੇ ਇਕ ਵਾਰ ਮੇਰੇ ਵਿਸ਼ਵਾਸ ਨੂੰ ਤੋੜ ਦਿਤਾ ਸੀ, ਮੇਰੇ ਅਰਮਾਨਾਂ ਨੂੰ ਰੋਲ ਦਿਤਾ ਸੀ ਫਿਰ ਮੈਂ ਕਿਉਂ ਉਸ ਲਈ ਹੋਰ ਕਿਸੇ ਦਿਆਂ ਅਰਮਾਨਾਂ ਨੂੰ ਰੋਲਾਂ? ਮੈਂ ਕਿਉਂ ਉਸ ਲਈ ਵਫਾ ਦੀ ਮੂਰਤ ਦੇ ਟੁਕੜੇ ਕਰ ਦਿਆਂ? ਅਗਰ ਵੀਨਾ ਮੇਰੇ ਨਾਲ ਐਨਾ ਹੀ ਪਿਆਰ ਕਰਦੀ ਸੀ ਤਾਂ ਕਿਉਂ ਉਸ ਨੇ ਮੇਰੇ 'ਤੇ ਉਸ ਵੇਲੇ ਯਕੀਨ ਨਹੀਂ ਕੀਤਾ ਜਦੋਂ ਮੈਂ ਜੀਵਨ ਦੀ ਹਰ ਇਕ ਖੁਸ਼ੀ ਪ੍ਰਾਪਤ ਕਰ ਚੁੱਕਾ ਸਾਂ। ਉਸ ਵੇਲੇ ਉਸ ਨੇ ਮੈਨੂੰ ਬਰਾਬਾਦੀ ਦੇ ਕਿਨਾਰੇ 'ਤੇ ਸੁੱਟ ਦਿਤਾ ਤਾਂਕਿ ਬਦਨਸੀਬੀ ਦੀਆਂ ਇੱਲਾਂ ਮੇਰਾ ਮਾਸ ਖਾ ਲੈਣ। ਬੋਟੀ ਬੋਟੀ ਕਰ ਕੇ ਮੈਨੂੰ ਯਾਦਾਂ ਦਿਆਂ ਖੰਡਰਾਂ ਵਿਚ ਸੁੱਟ ਦੇਣ ਅਤੇ ਸਭ ਕੁਝ ਇੰਜ ਹੀ ਹੋਇਆ। ਉਨ੍ਹਾਂ ਬਰਬਾਦੀ ਦਿਆਂ ਖੰਡਰਾਂ ਵਿਚੋਂ ਜਿਸ ਨੇ ਮੈਨੂੰ ਕੱਢ ਕੇ ਸੀਨੇ ਨਾਲ ਲਾਇਆ, ਮੈਨੂੰ ਸਹਾਰਾ ਦਿਤਾ, ਮੈਨੂੰ ਨਸੀਬਾਂ ਦੇ ਮਹਿਲਾਂ ਵਿਚ ਬਿਠਾਇਆ, ਫਿਰ ਮੈਂ ਉਸ ਦੇਵੀ ਨੂੰ ਕਿਵੇਂ ਛੱਡ ਸਕਦਾ ਸਾਂ? ਕਵਿਤਾ! ਇਹ ਖਿਆਲ ਮੈਨੂੰ ਉਸ ਤੋਂ ਕਾਫੀ ਦੂਰ ਲੈ ਗਏ। ਜਿਹੜੀ ਥੋੜੀ ਬਹੁਤੀ ਮੈਨੂੰ ਉਸ ਦੇ ਪਛਤਾਵੇ ਨਾਲ ਹਮਦਰਦੀ ਸੀ ਉਹ ਵੀ ਖਤਮ ਹੋ ਗਈ। ਵੀਨਾ ਦਾ ਖਿਆਲ ਮੇਰੇ ਦਿਲ ਦਿਆਂ ਤਹਿਖਾਨਿਆਂ ਵਿਚੋਂ ਸਦਾ ਲਈ ਹੀ ਨਿਕਲ ਗਿਆ।

ਕਵਿਤਾ! ਮੈਂ ਵੀਨਾ ਨੂੰ ਇਹ ਵੀ ਸਾਫ ਤੌਰ 'ਤੇ ਕਹਿ ਦਿਤਾ ਕਿ ਅਗਰ ਉਹ ਸਿਰਫ ਇਸ ਉਮੀਦ ਉਤੇ ਮੇਰਾ ਇਲਾਜ ਕਰਵਾ ਰਹੀ ਹੈ ਤਾਂ ਨਾ ਕਰਵਾਏ। ਉਹ

ਮੈਨੂੰ ਇਸ ਹਾਲਤ ਵਿਚ ਹੀ ਰਹਿਣ ਦੇਵੇ ਪਰ ਉਸ ਨੇ ਹੰਝੂਆਂ ਦੀਆਂ ਦੋ ਮੋਟੀਆਂ ਬੂੰਦਾਂ ਨੂੰ ਜ਼ਮੀਨ 'ਤੇ ਡਿੱਗਣ ਤੋਂ ਪਹਿਲੇ ਹੀ ਰੁਮਾਲ ਨਾਲ ਪੂੰਝ ਲਿਆ। ਪਤਾ ਨਹੀਂ ਕਿੰਨੇ ਹੋਰ ਵੀ ਹੰਝੂ ਵਹਿੰਦੇ ਪਰ ਉਸ ਨੇ ਅੱਖਾਂ ਦੀ ਨਦੀ ਅੱਗੇ ਦਿਲਾਸੇ ਦਾ ਬੰਨ੍ਹ ਲਾ ਦਿਤਾ ਅਤੇ ਸਾਰੇ ਹੰਝੂ ਰੋਕ ਕੇ ਬੋਲੀ, "ਮੇਰਾ ਪਿਆਰ ਏਨਾ ਖੁਦਗਰਜ਼ ਨਹੀਂ ਹੈ। ਅਗਰ ਮੈਂ ਤਨੋਂ-ਮਨੋਂ ਤੁਹਾਡੇ ਨਾਲ ਪਿਆਰ ਕਰਦੀ ਤਾਂ ਮੈਂ ਸਦਾ ਤੁਹਾਡੀ ਤੰਦਰੁਸਤੀ ਹੀ ਚਾਹਾਂਗੀ ਚਾਹੇ ਤੁਸੀਂ ਜਿਸ ਨਾਲ ਮਰਜ਼ੀ ਵਿਆਹ ਕਰੋ। ਇਹ ਤਾਂ ਮੇਰਾ ਨਸੀਬ ਹੈ ਕਿ ਮੈਂ ਤੁਹਾਡੇ ਕਿਸੇ ਕੰਮ ਆਈ ਹਾਂ ਅਤੇ ਤੁਹਾਡੀ ਸੇਵਾ ਕਰਨਾ ਮੇਰਾ ਫਰਜ਼ ਹੈ। ਮੇਰੇ ਕਾਰਨ ਹੀ ਤੁਸੀਂ ਇਸ ਬੀਮਾਰੀ ਦੇ ਸ਼ਿਕਾਰ ਹੋਏ ਹੋ। ਇਹ ਵੀ ਖੁਸ਼ਕਿਸਮਤੀ ਹੈ ਕਿ ਕਵਿਤਾ ਵਰਗੀ ਲੜਕੀ ਤੁਹਾਡੀ ਜੀਵਨ-ਸਾਥਣ ਬਣੇਗੀ। ਮੈਂ ਤੁਹਾਡੀ ਖੁਸ਼ੀ ਲਈ ਸਦਾ ਪ੍ਰਾਰਥਨਾ ਕਰਾਂਗੀ।" ਇਹਨਾਂ ਬੋਲਾਂ ਦੇ ਪੂਰਾ ਹੋਣ ਤੇ ਹੀ ਉਹ ਬਾਹਰ ਚਲੀ ਗਈ। ਉਸ ਦਾ ਗਲਾ ਭਰ ਆਇਆ ਸੀ। ਉਸ ਦੀਆਂ ਅੱਖਾਂ ਅੱਗੇ ਲੱਗਾ ਹੋਇਆ ਦਲਾਸੇ ਦਾ ਬੰਨ੍ਹ ਟੁੱਟਣ ਵਾਲਾ ਸੀ ਤੇ ਕਮਰੇ ਤੋਂ ਬਾਹਰ ਜਾਂਦਿਆਂ ਹੀ ਟੁੱਟ ਗਿਆ, ਹੰਝੂਆਂ ਦੀ ਨਦੀ ਵਹਿ ਤੁਰੀ ਅਤੇ ਪਤਾ ਨਹੀਂ ਕਦ ਤਕ ਵਹਿੰਦੀ ਰਹੀ।

ਪਰ ਕਵਿਤਾ! ਜਦੋਂ ਸ਼ਾਮ ਨੂੰ ਵੀਨਾ ਆਈ ਤਾਂ ਉਹ ਖੁਸ਼ ਲਗ ਰਹੀ ਸੀ। ਉਸ ਦੇ ਚਿਹਰੇ ਦੀ ਉਦਾਸੀ ਦੂਰ ਹੋ ਗਈ ਸੀ। ਉਸ ਦੇ ਚਿਹਰੇ 'ਤੇ ਕੋਈ ਗਮ ਨਹੀਂ ਸੀ। ਸ਼ਾਇਦ ਉਸ ਨੇ ਆਪਣੇ ਮਨ ਨੂੰ ਕਾਬੂ ਕਰ ਲਿਆ ਸੀ ਜਾਂ ਆਪਣੇ ਮਨ ਨੂੰ ਸਮਝਾ ਲਿਆ ਸੀ। ਉਸ ਤੋਂ ਬਾਦ ਵੀਨਾ ਨੇ ਕਦੀ ਵੀ ਕਿਸੇ ਗੱਲ ਦਾ ਸ਼ਿਕਵਾ ਨਹੀਂ ਕੀਤਾ। ਕਦੀ-ਕਦੀ ਤੇਰੀ ਗੱਲ ਛੇੜ ਦਿੰਦੀ ਹੈ। ਬਾਕੀ ਉਸ ਦੇ ਵਰਤਾਵੇ ਵਿਚ ਕੋਈ ਫਰਕ ਨਹੀਂ ਹੈ। ਹੁਣ ਪੱਤਰ ਬੰਦ ਕਰਦਾ ਹਾਂ। ਬਾਕੀ ਓਪਰੇਸ਼ਨ ਤੋਂ ਬਾਦ।

ਸਦਾ ਲਈ

◆

-ਤੇਰਾ ਸੰਗੀਤ

ਅਾਸਨਸੋਲ **ਸਤਾਰਾਂ**

ਮੇਰੇ ਸੰਗੀਤ!

ਇਹ ਮੇਰੀ ਤੀਸਰੀ ਚਿੱਠੀ ਹੈ ਜਿਹੜੀ ਕਿ ਮੈਂ ਲਗਾਤਾਰ ਤੁਹਾਡੇ ਜਵਾਬ ਆਉਣ ਤੋਂ ਬਿਨਾਂ ਹੀ ਲਿਖ ਰਹੀ ਹਾਂ। ਮੇਰੀਆਂ ਪਹਿਲੀਆਂ ਦੋ ਚਿੱਠੀਆਂ ਦਾ ਉਤਰ ਤੁਸੀਂ ਨਹੀਂ ਦਿਤਾ ਕੀ ਕਾਰਨ ਹੈ? ਸੱਤ ਦਸੰਬਰ ਨੂੰ ਇਕ ਖਤ ਪਾਇਆ ਸੀ ਜਿਹੜਾ ਕਿ ਤੁਹਾਡੇ ਓਪਰੇਸ਼ਨ ਤੋਂ ਪਹਿਲੇ ਤੁਹਾਨੂੰ ਮਿਲ ਗਿਆ ਹੋਣਾ ਚਾਹੀਦਾ ਹੈ।

ਸੰਗੀਤ! ਮੈਂ ਪੱਤਰ ਵਿਚ ਜ਼ਿਕਰ ਕੀਤਾ ਸੀ ਕਿ ਮੈਂ ਮਾਂ ਬਣਨ ਵਾਲੀ ਹਾਂ। ਕੀ ਇਹ ਜਾਣ ਕੇ ਤੁਸੀਂ ਬਦਲ ਤਾਂ ਨਹੀਂ ਗਏ? ਕਿਤੇ ਤੁਸੀਂ ਮੈਨੂੰ ਗਲਤ ਤਾਂ ਨਹੀਂ

ਸਮਝਣ ਲਗ ਪਏ? ਕਿਤੇ ਤੁਹਾਡੇ ਮਨ ਵਿਚ ਮੇਰੇ ਲਈ ਘ੍ਰਿਣਾ ਤਾਂ ਨਹੀਂ ਹੋ ਗਈ? ਪ੍ਰਮਾਤਮਾ ਦੇ ਲਈ ਮੈਨੂੰ ਗਲਤ ਨਾ ਸਮਝੋ। ਮੈਂ ਨਿਰਦੋਸ਼ ਹਾਂ, ਮੈਂ ਬੇਦਾਗ਼ ਹਾਂ। ਮੇਰਾ ਦੋਸ਼ ਇਹੋ ਹੀ ਹੈ ਕਿ ਮੈਂ ਤੁਹਾਡੇ ਨਾਲ ਪਿਆਰ ਕੀਤਾ ਹੈ। ਤੁਹਾਡਾ ਸਹਾਰਾ ਨਾ ਮਿਲਿਆ ਤਾਂ ਮੇਰਾ ਪਿਆਰ ਬਦਨਾਮ ਹੋ ਜਾਏਗ। ਜਿਸ ਗੀਤ ਦੀ ਰਚਨਾ ਕੀਤੀ ਹੈ ਤੁਸੀਂ, ਉਹ ਗੀਤ ਅਧੂਰਾ ਰਹਿ ਜਾਏਗਾ। ਦੁਨੀਆ ਇਸ ਨੂੰ ਪਾਪ ਕਹੇਗੀ। ਪਿਆਰ ਦੇ ਨਾਂ ਤੋਂ ਮੈਨੂੰ ਨਫ਼ਰਤ ਹੋ ਜਾਏਗੀ। ਮੇਰੇ ਕੋਲੋਂ ਇਕ ਔਰਤ ਨੂੰ ਨਾ ਖੋਹੋ। ਮਮਤਾ ਦੀ ਗੋਦ ਨੂੰ ਠੰਡੀ ਨਾ ਕਰ ਦਿਉ? ਕਵਿਤਾ ਨੂੰ ਸਮਾਜ ਦੀਆਂ ਨਜ਼ਰਾਂ ਤੋਂ ਡਿੱਗਣ ਤੋਂ ਬਚਾ ਲਵੋ।

ਸੰਗੀਤ! ਕੀ ਤੁਸੀਂ ਬੱਚੇ ਨੂੰ ਆਪਣਾ ਖ਼ੂਨ ਨਹੀਂ ਸਮਝਦੇ? ਕੀ ਤੁਹਾਨੂੰ ਆਪ 'ਤੇ ਅਤੇ ਆਪਣੇ ਪਿਆਰ 'ਤੇ ਵਿਸ਼ਵਾਸ ਨਹੀਂ ਰਿਹਾ? ਕੀ ਤੁਸੀਂ ਸਮਾਜ ਦੇ ਸਾਮ੍ਹਣੇ ਉਸ ਨੂੰ ਸਵੀਕਾਰ ਨਹੀਂ ਕਰ ਸਕਦੇ? ਪਰ ਤੁਸੀਂ ਤਾਂ ਇਨ੍ਹਾਂ ਚੀਜ਼ਾਂ 'ਤੇ ਯਕੀਨ ਹੀ ਨਹੀਂ ਕਰਦੇ। ਤੁਹਾਡੇ ਵਿਚਾਰ ਤਾਂ ਇਨ੍ਹਾਂ ਤੋਂ ਬਿਲਕੁਲ ਵੱਖਰੇ ਹਨ। ਮੇਰੇ ਹਰ ਇਕ ਸਵਾਲ ਦਾ ਜਵਾਬ ਇਹੋ ਹੀ ਹੈ ਕਿ ਤੁਸੀਂ ਵੀਨਾ ਦੇ ਪਿਆਰ ਵਿਚ ਫਿਰ ਫਸ ਗਏ ਹੋ। ਉਸ ਦੀਆਂ ਮਿੱਠੀਆਂ ਅਤੇ ਭੋਲੀਆਂ ਗੱਲਾਂ ਨੇ ਤੁਹਾਡੇ ਉਤੇ ਫਿਰ ਅਸਰ ਕਰ ਲਿਆ ਹੈ। ਤੁਹਾਡੇ ਵਿਚ ਸੁੱਤਾ ਹੋਇਆ ਪਿਆਰ ਫਿਰ ਜਾਗ ਪਿਆ ਹੈ। ਉਹ ਤੁਹਾਡਾ ਇਲਾਜ ਕਰਵਾ ਰਹੀ ਹੈ ਅਤੇ ਤੁਸੀਂ ਉਸ ਦੇ ਅਹਿਸਾਨ ਹੇਠ ਦੱਬ ਗਏ ਹੋ। ਉਸ ਦੀ ਦੌਲਤ ਦੀ ਚਮਕ ਨੇ ਤੁਹਾਡੀਆਂ ਅੱਖਾਂ ਨੂੰ ਚੁੰਧਿਆ ਦਿਤਾ ਹੈ। ਦੌਲਤ ਦੀ ਛਣਕਾਰ ਨੇ ਤੁਹਾਨੂੰ ਬੋਲ਼ਾ ਕਰ ਦਿਤਾ ਹੈ।

ਸੰਗੀਤ ਹੁਣ ਉਹ ਸੰਗੀਤ ਨਹੀਂ ਰਹੇਗਾ ਜਿਹੜਾ ਕਿ ਇਕ ਪ੍ਰਸਿੱਧ ਕਲਾਕਾਰ ਸੀ ਜਿਸ ਦੀ ਕਲਮ ਮਹਾਨ ਸ਼ਕਤੀ ਸੀ। ਉਹ ਹੁਣ ਦੌਲਤ ਦਾ ਗ਼ੁਲਾਮ ਬਣ ਕੇ ਰਹਿ ਜਾਏਗਾ। ਕਲਾ ਦੀ ਦੁਨੀਆਂ ਵਿਚ ਉਹ ਸਮਾਪਤ ਹੋ ਜਾਏਗਾ। ਉਸ ਦੇ ਪਾਠਕ ਉਸ ਨੂੰ ਭੁੱਲ ਜਾਣਗੇ। ਸੰਸਾਰ ਕਦੀ ਵੀ ਯਾਦ ਨਹੀਂ ਕਰੇਗਾ। ਮਨੁੱਖ ਕਿਵੇਂ ਬਦਲ ਜਾਂਦਾ ਹੈ ਮੈਨੂੰ ਹੁਣ ਗਿਆਨ ਹੋਇਆ ਹੈ ਪਰ ਇਹ ਨਹੀਂ ਸੋਚਣਾ ਕਿ ਮੈਂ ਕਦੀ ਬਦਲ ਜਾਵਾਂਗੀ।

ਸੰਗੀਤ! ਤੁਹਾਡੀ ਉਹ ਗੱਲ ਯਾਦ ਆ ਗਈ ਹੈ ਕਿ ਇਕ ਵਾਰੀ ਤੁਸੀਂ ਲਿਖਿਆ ਸੀ ਕਿ ਉਮੀਦਾਂ ਦੇ ਮਹਿਲ ਬਣਨ ਤੋਂ ਉਹਨਾਂ ਦਾ ਢਹਿ ਜਾਣਾ ਜ਼ਿਆਦਾ ਅਸਾਨ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਮੇਰੀਆਂ ਆਸਾਂ ਦੇ ਮਹਿਲ ਬਣਨ ਵਿਚ ਕਿੰਨਾ ਚਿਰ ਲੱਗਾ ਸੀ। ਮੈਂ ਉਨ੍ਹਾਂ ਨੂੰ ਕਿਸ ਤਰ੍ਹਾਂ ਸਜਾਇਆ ਸੀ? ਹੁਣ ਪਤਾ ਲੱਗਾ ਹੈ ਕਿ ਉਨ੍ਹਾਂ ਮਹਿਲਾਂ ਦੀਆਂ ਕੰਧਾਂ ਰੇਤ ਦੀਆਂ ਸਨ ਅਤੇ ਛੱਤ ਘਾਹ ਦੀ ਜਿਹੜੀ ਕਿ ਇਕ ਬੁੱਲਾ ਵੀ ਨਹੀਂ ਸਹਾਰ ਸਕੀਆਂ ਅਤੇ ਖੇਰੂੰ-ਖੇਰੂੰ ਹੋ ਗਈਆਂ। ਖ਼ੈਰ ਕੋਈ ਗੱਲ ਨਹੀਂ। ਕਦੀ ਜੀਵਨ ਦੇ ਕਿਸੇ ਮੋੜ 'ਤੇ ਲੋੜ ਪੈ ਜਾਏ ਤਾਂ ਸੱਦ ਲੈਣਾ। ਮੈਨੂੰ ਇਕ ਭੁੱਲੀ ਹੋਈ ਕਵਿਤਾ ਸਮਝਣਾ।

ਮੈਂ ਹਾਂ

◆ **-ਕਵਿਤਾ**

ਮੇਰੀ ਕਵਿਤਾ!

ਨਵਾਂ ਸਾਲ ਮੁਬਾਰਕ ਹੋਵੇ। ਉਮੀਦ ਤਾਂ ਸੀ ਕਿ ਨਵੇਂ ਸਾਲ ਦੀ ਵਧਾਈ ਤੇਰੇ ਕੋਲੋਂ ਆਏਗੀ ਪਰ ਬੜੀ ਅਫਸੋਸ ਦੀ ਗੱਲ ਹੈ ਕਿ ਪਿਛਲੇ ਇਕ ਮਹੀਨੇ ਤੋਂ ਤੇਰਾ ਕੋਈ ਖਤ ਹੀ ਨਹੀਂ ਆਇਆ। ਤੂੰ ਇਕ ਪੱਤਰ ਵਿਚ ਲਿਖਿਆ ਸੀ ਕਿ ਕਲਕੱਤੇ ਤੋਂ ਕਿਤੇ ਹੋਰ ਜਾਣਾ ਹੈ ਉਸ ਤੋਂ ਬਾਦ ਕੋਈ ਖਬਰ ਹੀ ਨਹੀਂ ਭੇਜੀ। ਮੇਰੇ ਓਪਰੇਸ਼ਨ ਦੇ ਦਿਨ ਤੇਰੇ ਪਿਤਾ ਜੀ ਦੀ ਇਕ ਤਾਰ ਆਈ ਸੀ ਜਵਾਬ ਵਿਚ ਸਫਲਤਾ ਦੀ ਖਬਰ ਭੇਜੀ ਸੀ। ਉਸ ਤੋਂ ਬਾਦ ਕੀ ਹੋਇਆ? ਸੰਗੀਤ ਨੂੰ ਕਵਿਤਾ ਭੁੱਲ ਤਾਂ ਨਹੀਂ ਸਕਦੀ ਫਿਰ ਕੀ ਵਿਘਨ ਪੈ ਗਿਆ ਹੈ?

ਕਵਿਤਾ! ਮੈਂ ਕਾਫੀ ਠੀਕ ਹੋ ਗਿਆ ਹਾਂ। ਚਾਰ ਹਫਤੇ ਹੋਣ ਵਾਲੇ ਹਨ ਓਪਰੇਸ਼ਨ ਹੋਇਆਂ ਨੂੰ ਅਤੇ ਸਿਹਤ ਵਿਚ ਬਹੁਤ ਹੀ ਫਰਕ ਪੈ ਗਿਆ ਹੈ। ਉਮੀਦ ਹੈ ਕਿ ਦੋ ਮਹੀਨੇ ਤਕ ਮੈਂ ਭਾਰਤ ਆ ਜਾਵਾਂ। ਬਸ ਆਉਂਦਿਆਂ ਹੀ ਅਸੀਂ ਦੋਨੋਂ ਸਮਾਜ ਦੀਆਂ ਅੱਖਾਂ ਵਿਚ ਵੀ ਇਕ ਹੋ ਜਾਵਾਂਗੇ।

ਵਿਚਾਰੀ ਵੀਨਾ ਬਹੁਤ ਚੰਗੀ ਹੈ। ਮੇਰੀ ਸੇਵਾ ਕਰਦੀ ਹੈ। ਇਸ ਦਾ ਇਹ ਅਹਿਸਾਨ ਤਾਂ ਮੈਂ ਜੀਵਨ ਭਰ ਨਹੀਂ ਭੁੱਲ ਸਕਦਾ। ਵਿਚਾਰੀ ਨੇ ਮੈਨੂੰ ਇਕ ਨਵਾਂ ਜੀਵਨ ਦਿਤਾ ਹੈ। ਆਪਣੇ ਪਿਆਰ ਦੀ ਸ਼ਮ੍ਹਾਂ ਬੁਝਾ ਕੇ ਤੇਰੇ ਪਿਆਰ ਨੂੰ ਰੌਸ਼ਨੀ ਦਿਤੀ ਹੈ। ਇਹ ਕੁਰਬਾਨੀ ਪਿਆਰ ਦੇ ਇਤਹਾਸ ਵਿਚ ਇਕ ਅਜੀਬ ਹੋਵੇਗੀ। ਮੈਂ ਵੀਨਾ ਦੇ ਚਰਿੱਤਰ ਨੂੰ ਆਪਣੇ ਨਾਵਲਾਂ ਵਿਚ ਸਜਾਵਾਂਗਾ। ਵੀਨਾ ਦੀ ਕੁਰਬਾਨੀ ਨੇ ਮੇਰੀ ਕਲਮ ਨੂੰ ਅਥਾਹ ਸ਼ਕਤੀ ਦੇ ਦਿਤੀ ਹੈ। ਮੈਂ ਵੀਨਾ ਨੂੰ ਸਦਾ ਗਲਤ ਸਮਝਦਾ ਰਿਹਾ। ਮੈਨੂੰ ਨਹੀਂ ਪਤਾ ਸੀ ਕਿ ਉਹ ਇੰਨੇ ਵੱਡੇ ਵਿਅਕਤੀਗਤ ਦੀ ਮਾਲਕ ਹੈ।

ਕਵਿਤਾ! ਪੱਤਰ ਦਾ ਉਤਰ ਛੇਤੀ ਦੇ ਦਿਆ ਕਰ। ਮੈਂ ਸਿਰਫ ਤੇਰੇ ਪੱਤਰਾਂ ਦੀ ਉਮੀਦ ਵਿਚ ਇਥੇ ਜਿਉਂਦਾ ਹਾਂ। ਮੈਨੂੰ ਕਿਤੇ ਗਲਤ ਨਾ ਸਮਝ ਲੈਣਾ। ਮੈਂ ਪਿਛਲੇ ਪੱਤਰ ਵਿਚ ਸਭ ਕੁਝ ਸਾਫ ਲਿਖ ਚੁੱਕਾ ਹਾਂ ਕਿ ਵੀਨਾ ਨਾਲ ਮੇਰਾ ਕੋਈ ਰਿਸ਼ਤਾ ਨਹੀਂ। ਮੈਨੂੰ ਪੂਰੀ ਆਸ ਹੈ ਕਿ ਮੇਰੀ ਕਵਿਤਾ ਮੇਰੇ ਉਪਰ ਵਿਸ਼ਵਾਸ ਕਰਦੀ ਹੈ। ਬਾਕੀ ਸਭ ਠੀਕ ਹੈ। ਤੇਰੇ ਪੱਤਰ ਦੀ ਉਡੀਕ ਵਿਚ।

ਸਿਰਫ ਤੇਰਾ

◆ **-ਸੰਗੀਤ**

ਭਾਗ ਤੀਜਾ

ਧੁਆਂਖੀ ਧੁੱਪ / 106

ਕਵਿਤਾ ਜੀ!

ਅੱਜ ਦਸ ਮਈ ਹੈ। ਅੱਜ ਤੋਂ ਗਿਆਰਾਂ ਸਾਲ ਪਹਿਲੇ ਇਸੇ ਦਿਨ ਮੈਂ ਤੁਹਾਨੂੰ ਕਸ਼ਮੀਰ ਵਿਚ ਪਹਿਲੀ ਵਾਰ ਵੇਖਿਆ ਸੀ। ਫਿਰ ਇਕ ਵਾਰੀ ਸਾਡੀ ਮੁਲਾਕਾਤ ਕਸੌਲੀ ਵਿਚ 1954 ਸਤੰਬਰ ਦੇ ਮਹੀਨੇ ਹੋਈ ਸੀ ਅਤੇ ਫਿਰ ਹੁਣ ਜੀਵਨ ਦੀ ਤੀਸਰੀ ਮੁਲਾਕਾਤ ਦਾਰਜੀਲਿੰਗ ਵਿਚ ਹੋਈ ਸੀ ਗਿਆਰਾਂ ਵਰ੍ਹਿਆਂ ਪਿਛੋਂ। ਇਨ੍ਹਾਂ ਤਿੰਨਾਂ ਮੁਲਾਕਾਤਾਂ ਨੇ ਸਾਡੇ ਜੀਵਨ ਨੂੰ ਕਿਸ ਢੰਗ ਨਾਲ ਬਦਲਿਆ ਹੈ? ਇਨ੍ਹਾਂ ਮੁਲਾਕਾਤਾਂ 'ਤੇ ਸਾਡਾ ਸਾਰਾ ਜੀਵਨ ਨਿਰਭਰ ਹੈ, ਇਨ੍ਹਾਂ ਤਿੰਨਾਂ ਮੁਲਾਕਾਤਾਂ ਨੇ ਕਿੰਨੇ ਤੂਫਾਨ ਅਤੇ ਹਨੇਰੀਆਂ ਵਿਖਾਈਆਂ ਹਨ। ਤੀਸਰੀ ਮੁਲਾਕਾਤ ਦੀ ਮੈਨੂੰ ਕੋਈ ਆਸ ਨਹੀਂ ਸੀ। ਮੈਂ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਕਦੀ ਕਵਿਤਾ ਨੂੰ ਮਿਲਾਂਗਾ ਪਰ ਈਸ਼ਵਰ ਨੇ ਮਿਲਾ ਦਿਤਾ।

ਕਵਿਤਾ! ਪਹਿਲੀ ਮਈ ਨੂੰ ਜਦੋਂ ਮੈਂ ਆਪਣੇ ਬੇਟੇ ਕਮਲ ਨੂੰ ਦਾਰਜੀਲਿੰਗ ਤੋਂ ਲੈਣ ਗਿਆ ਸੀ ਤਾਂ ਗੱਡੀ ਵਿਚ ਮੇਰਾ ਦਿਲ ਕਾਫੀ ਬੇਚੈਨ ਹੋ ਗਿਆ ਸੀ। ਪਹਾੜਾਂ ਦੀਆਂ ਚੋਟੀਆਂ 'ਤੇ ਸਫੇਦ ਚਮਕਦੀ ਬਰਫ ਮੈਨੂੰ ਜਿਵੇਂ ਆਪਣੇ ਵੱਲ ਬੁਲਾ ਰਹੀ ਸੀ। ਤੁਹਾਡੀ ਯਾਦ ਆ ਗਈ। ਤੁਹਾਡਾ ਉਹ ਪੱਤਰ ਯਾਦ ਆ ਗਿਆ ਜਦੋਂ ਤੁਸੀਂ ਸਿਲੀਗੁੜੀ ਆਪਣੀ ਭੂਆ ਦੀ ਕੁੜੀ ਦੇ ਵਿਆਹ ਉਤੇ ਆਏ ਸੀ। ਦਾਰਜੀਲਿੰਗ ਵੀ ਉਨ੍ਹਾਂ ਦਿਨਾਂ ਵਿਚ ਤੁਸਾਂ ਵੇਖਿਆ ਸੀ। ਆਪਣੇ ਪੱਤਰ ਵਿਚ ਕੰਚਨਚੰਗਾ ਦੀ ਸੁੰਦਰਤਾ ਦਾ ਵਰਨਣ ਕੀਤਾ ਸੀ। ਕੰਚਨਚੰਗਾ ਨੂੰ ਵੇਖਣ ਲਈ ਮੇਰਾ ਮਨ ਬਹੁਤ ਉਤਾਵਲਾ ਹੋ ਰਿਹਾ ਸੀ। ਜਿਵੇਂ-ਜਿਵੇਂ ਗੱਡੀ ਦਾਰਜੀਲਿੰਗ ਦੇ ਕੋਲ ਹੁੰਦੀ ਜਾਂਦੀ ਸੀ ਮੇਰੇ ਦਿਲ ਦੀਆਂ ਧੜਕਨਾਂ ਤੇਜ਼ ਹੁੰਦੀਆਂ ਜਾਂਦੀਆਂ ਸਨ। ਤੁਹਾਡਾ ਪੱਤਰ ਕੁਝ ਦਿਨਾਂ ਦੀ ਪੁਰਾਣੀ ਗੱਲ ਲਗਦਾ ਸੀ ਪਰ ਸਮੇਂ ਨੇ ਸਾਡੇ ਵਿਚ ਕਿੰਨੀ ਦੂਰੀ ਬਣਾ ਦਿਤੀ ਮੈਂ ਸੋਚਿਆ ਵੀ ਨਹੀਂ ਸੀ।

ਕਵਿਤਾ ਜੀ! ਮੇਰੇ ਉਤਾਵਲੇਪੁਨੇ ਦਾ ਦੂਜਾ ਕਾਰਨ ਸੀ ਸਕੂਲ ਵੱਲੋਂ ਭੇਜੀ ਹੋਈ ਚਿੱਠੀ 'ਤੇ ਲਿਖਿਆ ਹੋਇਆ ਪਤਾ। ਜਿਹੜੀ ਚਿੱਠੀ ਸਕੂਲ ਵੱਲੋਂ ਭੇਜੀ ਗਈ ਸੀ ਇਹ ਸੂਚਨਾ ਦਿੰਦਿਆਂ ਕਿ ਕਮਲ ਦੇ ਇਮਤਿਹਾਨ ਸਮਾਪਤ ਹੋ ਗਏ ਹਨ ਅਤੇ ਉਸ ਨੂੰ ਦੋ ਹਫਤੇ ਦੀਆਂ ਛੁੱਟੀਆਂ ਹਨ। ਉਸ ਪੱਤਰ 'ਤੇ ਲਿਖੇ ਹੋਏ ਪਤੇ 'ਤੇ ਦਸਤਖ਼ਤ ਬਿਲਕੁਲ ਤੁਹਾਡੇ ਦਸਤਖ਼ਤ ਵਰਗਾ ਸੀ। ਪੱਤਰ ਹੱਥ ਵਿਚ ਫੜਦਿਆਂ ਹੀ ਮੇਰਾ ਦਿਲ ਧੜਕ ਗਿਆ ਸੀ। ਉਸ ਦਸਤਖ਼ਤ ਨੂੰ ਮੈਂ ਕਿਵੇਂ ਭੁੱਲ ਸਕਦਾ ਸਾਂ ਜਿਸ ਨੇ ਮੇਰੀ ਕਲਪਨਾ ਨੂੰ ਸਜਾਇਆ ਸੀ? ਨਵੇਂ ਸਿਰੇ ਤੋਂ ਮੈਨੂੰ ਜੀਣ ਦੀ ਰਾਹ ਵਿਖਾਈ ਸੀ। ਮੈਂ ਇਹੋ ਪ੍ਰਾਰਥਨਾ ਕਰਦਾ ਰਿਹਾ ਕਿ ਇਹ ਦਸਤਖ਼ਤ ਕਵਿਤਾ ਦਾ ਹੀ ਹੋਣਾ ਚਾਹੀਦਾ ਹੈ। ਦਾਰਜੀਲਿੰਗ ਪਹੁੰਚ ਕੇ ਸਭ ਤੋਂ ਪਹਿਲੇ ਮੈਂ 'ਸੇਂਟਪਾਲ'

ਸਕੂਲ ਹੀ ਜਾਣ ਲਈ ਉਤਾਵਲਾ ਸਾਂ। 'ਓਬਰਾਏ ਹੋਟਲ' ਵਿਚ ਸਮਾਨ ਰੱਖ ਕੇ ਮੈਂ ਸਿੱਧਾ ਹੀ ਚਲਾ ਗਿਆ। ਚੜ੍ਹਾਈ ਤਾਂ ਮੈਨੂੰ ਬਿਲਕੁਲ ਹੀ ਮਹਿਸੂਸ ਨਹੀਂ ਹੋਈ। ਉਸ ਤੋਂ ਬਾਦ ਜਦੋਂ ਵੀ ਜਲਪਹਾੜ ਗਿਆ ਜਿਥੇ ਕਿ ਤੁਹਾਡਾ ਸਕੂਲ ਹੈ ਮੇਰਾ ਸਾਹ ਫੁਲ ਗਿਆ।

ਇਸ ਤੋਂ ਵੱਧ ਮੈਂ ਪ੍ਰਮਾਤਮਾ ਤੋਂ ਕੀ ਮੰਗਣਾ ਸੀ? ਅਤੇ ਪ੍ਰਮਾਤਮਾ ਨੇ ਮੈਨੂੰ ਕੀ ਦੇਣਾ ਸੀ? ਉਸ ਦਿਨ ਮੈਂ ਕਾਮਨਾ ਸਿਰਫ ਇਕ ਵਸਤੂ ਦੀ ਕੀਤੀ ਸੀ ਅਤੇ ਉਹ ਪ੍ਰਾਪਤ ਹੋ ਗਈ। ਸਕੂਲ ਦੇ 'ਲਾਨ' ਵਿਚ ਪੈਰ ਰਖਦਿਆਂ ਹੀ ਤੁਹਾਡੇ ਦਰਸ਼ਨ ਹੋ ਗਏ, ਮੇਰੀਆਂ ਅੱਖਾਂ ਹੈਰਾਨ ਹੋ ਗਈਆਂ, ਦਿਲ ਦੀ ਧੜਕਣ ਜਿਵੇਂ ਬੰਦ ਹੀ ਹੋ ਗਈ, ਲੱਤਾਂ ਕੰਬਣ ਲਗ ਪਈਆਂ, ਪੈਰ ਜੰਮ ਗਏ। ਈਸ਼ਵਰ ਨੇ ਮੈਨੂੰ ਉਸੇ ਦੇਵੀ ਦਾ ਸਾਮ੍ਹਣਾ ਕਰਵਾ ਦਿਤਾ ਜਿਸ ਦੀ ਮੈਂ ਮੰਗ ਕੀਤੀ ਸੀ। ਕਵਿਤਾ ਜੀ! ਉਸ ਸਮੇਂ ਕਮਲ ਜਿਹੜਾ ਕਿ ਤੁਹਾਡੇ ਨਾਲ ਖੇਡ ਰਿਹਾ ਸੀ ਭੱਜ ਕੇ ਮੇਰੇ ਕੋਲ ਨਾ ਆਉਂਦਾ ਤਾਂ ਸ਼ਾਇਦ ਮੈਂ ਪੱਥਰ ਬਣ ਕੇ ਉਥੇ ਹੀ ਖੜੋਤਾ ਰਹਿੰਦਾ। ਤੁਸੀਂ ਮੈਨੂੰ ਵੇਖ ਕੇ ਝਟਪਟ ਅੰਦਰ ਚਲੇ ਗਏ ਜਿਵੇਂ ਮੇਰੀ ਸੂਰਤ ਨੂੰ ਤੁਸੀਂ ਵੇਖਣਾ ਹੀ ਨਹੀਂ ਚਾਹੁੰਦੇ ਸੀ। ਮੈਂ ਤਾਂ ਸਮਝਦਾ ਸਾਂ ਕਿ ਤੁਸੀਂ ਮੈਨੂੰ ਆ ਕੇ ਖੁਸ਼ੀ ਨਾਲ ਮਿਲੋਗੇ ਪਰ ਤੁਹਾਡੇ ਸਲੂਕ ਵਿਚ ਐਨਾ ਫਰਕ ਕਿਉਂ ਪੈ ਗਿਆ? ਕੀ ਹਰ ਇਕ ਇਸਤਰੀ ਇਸੇ ਤਰ੍ਹਾਂ ਬਦਲ ਜਾਂਦੀ ਹੈ?

ਕਵਿਤਾ ਜੀ! ਅਗਰ ਕਿਤੇ ਕੋਈ ਇਹੋ ਜਿਹੀ ਕਚਹਿਰੀ ਹੁੰਦੀ ਜਿਥੇ ਤੁਹਾਡੇ ਵਰਗੇ ਮੁਲਜ਼ਮਾਂ ਨੂੰ ਸਜ਼ਾ ਮਿਲਦੀ ਤਾਂ ਜਿੰਨੀਆਂ ਮੁਸੀਬਤਾਂ ਅਤੇ ਤਕਲੀਫਾਂ ਮੈਂ ਸਹੀਆਂ ਹਨ ਸਭ ਦੀ ਸਜ਼ਾ ਤੁਹਾਨੂੰ ਦਿਵਾਉਂਦਾ। ਇਨਸਾਨੀਅਤ ਦੀ ਕਚਹਿਰੀ ਵਿਚ ਮੈਂ ਫਰਿਆਦ ਕਰ ਕੇ ਅੱਜ ਤੁਹਾਡੇ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਤੁਸੀਂ ਕੀ ਸੋਚ ਕੇ ਮੈਨੂੰ ਜੀਵਨ ਦੇ ਅਧੂਰੇ ਰਸਤੇ ਵਿਚ ਛੱਡ ਦਿੱਤਾ ਸੀ? ਉਹ ਵੀ ਉਸ ਵਕਤ ਜਦੋਂ ਮੈਂ ਜੀਵਨ ਅਤੇ ਮੌਤ ਦੇ ਚੁਰਾਹੇ ਵਿਚ ਖੜਾ ਸੀ। ਮੌਤ ਮੇਰੇ ਬਹੁਤ ਨਜ਼ਦੀਕ ਸੀ? ਕੀ ਤੁਸੀਂ ਉਮੀਦ ਛੱਡ ਦਿਤੀ ਸੀ ਮੇਰੇ ਜੀਣ ਦੀ? ਕੀ ਤੁਸੀਂ ਮੈਨੂੰ ਭੁੱਲਣ ਵਿਚ ਐਨੀ ਛੇਤੀ ਸਫਲ ਹੋ ਗਏ ਸੀ? ਕੀ ਤੁਹਾਡਾ ਪਿਆਰ ਇਕ ਨਾਟਕ ਸੀ? ਕੀ ਉਹ ਵਾਅਦੇ ਕਸਮਾਂ ਸਭ ਦਿਖਾਵਾ ਸਨ? ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਚਲਾਉਣ ਵਿਚ ਕੁਝ ਦੇਰ ਹੀ ਨਹੀਂ ਕੀਤੀ? ਕੀ ਹੋਰ ਕੋਈ ਸੰਗੀਤ ਮਿਲ ਗਿਆ ਸੀ ਜੀਵਨ ਦਾ ਗੀਤ ਰਚਣ ਲਈ? ਅਗਰ ਕਵਿਤਾ ਮੈਨੂੰ ਛੱਡਣਾ ਹੀ ਸੀ ਤਾਂ ਤੁਸੀਂ ਮੈਨੂੰ ਦੱਸ ਸਕਦੇ ਸੀ। ਮੈਂ ਕਦੀ ਵੀ ਤੁਹਾਡੀ ਖੁਸ਼ੀ ਵਿਚ ਰੁਕਾਵਟ ਨਹੀਂ ਸੀ ਬਣਨਾ। ਫਿਰ ਮੇਰੇ ਨਾਲ ਧੋਖਾ ਕਿਉਂ ਕੀਤਾ? ਕਿਉਂ ਮੈਨੂੰ ਬੇਚੈਨ ਕੀਤਾ? ਮੇਰੇ ਪੱਤਰਾਂ ਦਾ ਕਿਉਂ ਉਤਰ ਨਹੀਂ ਦਿੱਤਾ? ਕਵਿਤਾ ਜੀ! ਮੇਰੇ ਹਰ ਇਕ ਸਵਾਲ ਦਾ ਜਵਾਬ ਦੇਣਾ ਤਾਂ ਕਿ ਮੈਨੂੰ ਤਸੱਲੀ ਹੋਵੇ ਨਹੀਂ ਤਾਂ ਮੈਂ ਸਦਾ ਇਹ ਸਮਝਾਂਗਾ ਕਿ ਇਨਸਾਨੀਅਤ ਨਾਂ ਦੀ ਤੁਹਾਡੇ ਕੋਲ ਕੋਈ ਸ਼ੈ ਨਹੀਂ।

ਮੈਂ ਠੀਕ ਹੋ ਕੇ ਅਪ੍ਰੈਲ ਵਿਚ ਭਾਰਤ ਆ ਗਿਆ ਸਾਂ। ਆਉਂਦਿਆਂ ਹੀ

ਵਿਆਹ ਕਰਨ ਦੀ ਮੇਰੀ ਇਛਾ ਸੀ। ਮੈਂ ਕਲਕੱਤੇ ਗਿਆ। ਮੈਂ ਤੁਹਾਨੂੰ ਮਿਲਣ ਲਈ ਬਹੁਤ ਬੇਚੈਨ ਸਾਂ ਕਿਉਂਕਿ ਚਾਰ ਮਹੀਨੇ ਤੋਂ ਤੁਹਾਡਾ ਕੋਈ ਵੀ ਪੱਤਰ ਨਹੀਂ ਸੀ ਮਿਲਿਆ। ਉਥੇ ਜਾ ਕੇ ਪਤਾ ਲੱਗਾ ਕਿ ਕਲਕੱਤੇ ਨੂੰ ਛੱਡ ਕੇ ਤੁਸੀਂ ਚਲੇ ਗਏ ਹੋ। ਮੇਰੇ ਦਿਲ ਨੂੰ ਇਕ ਵੱਡਾ ਧੱਕਾ ਵੱਜਾ। ਮੈਂ ਤੜਫ ਪਿਆ। ਬੇਚੈਨੀ ਵੱਧ ਗਈ। ਕਲਕੱਤੇ ਵਰਗੇ ਸ਼ਹਿਰ ਵਿਚ ਮੈਂ ਕਿਥੇ ਭਾਲਦਾ? ਅਖਬਾਰਾਂ ਵਿਚ ਛਪਵਾਇਆ ਪਰ ਕੋਈ ਪਤਾ ਨਹੀਂ ਲੱਗਾ। ਜੀਵਨ ਦੇ ਖੇਲ ਵਿਚ ਹਾਰਿਆ ਹੋਇਆ ਜੁਆਰੀ ਜਿਹਾ ਬਣ ਗਿਆ। ਦਿਲ ਟੁੱਟ ਗਿਆ। ਆਤਮਾ ਥੱਕ ਗਈ ਅਤੇ ਫਿਰ ਆ ਕੇ ਵੀਨਾ ਦੇ ਦਰ 'ਤੇ ਡਿੱਗਾ। ਉਸ ਨੇ ਫਿਰ ਸਹਾਰਾ ਦਿੱਤਾ। ਵੀਨਾ ਨਾਲ ਮੈਨੂੰ ਵਿਆਹ ਕਰਨਾ ਪਿਆ। ਉਸ ਵੀਨਾ ਨੂੰ ਜੀਵਨ-ਸਾਥਣ ਬਣਾਉਣਾ ਪਿਆ ਜਿਸ ਨੂੰ ਮੈਂ ਠੁਕਰਾ ਚੁੱਕਾ ਸਾਂ ਸਿਰਫ ਤੁਹਾਡੇ ਕਾਰਨ। ਵਿਆਹ ਤੋਂ ਦੋ ਸਾਲ ਪਿਛੋਂ ਕਮਲ ਪੈਦਾ ਹੋਇਆ ਅਤੇ ਉਸ ਨੂੰ ਪਿਛਲੇ ਤਿੰਨ ਸਾਲਾਂ ਤੋਂ ਇਥੇ ਪੜ੍ਹਨ ਭੇਜਿਆ ਹੋਇਆ ਹੈ। ਕਮਲ ਤੋਂ ਬਾਅਦ ਕੋਈ ਬੱਚਾ ਨਹੀਂ ਹੋਇਆ। ਮੇਰੇ ਜੀਵਨ ਦੀ ਬੱਸ ਇਹ ਦਾਸਤਾਨ ਹੈ।

ਅੱਜ ਦੀ ਰਾਤ ਮੇਰੀ ਅਖੀਰਲੀ ਰਾਤ ਹੈ ਇਸ ਤੁਹਾਡੇ ਖੂਬਸੂਰਤ ਸ਼ਹਿਰ ਵਿਚ। ਕੱਲ੍ਹ ਮੈਂ ਫਿਰ ਆਪਣੀ ਦੁਨੀਆ ਵਿਚ ਚਲਾ ਜਾਵਾਂਗਾ। ਇਸ ਸ਼ਹਿਰ ਦੀ ਸੁੰਦਰਤਾ ਦੇ ਬੜੇ ਚਰਚੇ ਸੁਣੇ ਸਨ, ਹੈ ਵੀ ਬਹੁਤ ਸੁੰਦਰ ਪਰ ਮੈਨੂੰ ਜਚਿਆ ਨਹੀਂ ਕਿਉਂਕਿ ਮੇਰੇ ਮਨ ਦੇ ਅੰਦਰ ਪੱਤਝੜ ਦਾ ਮੌਸਮ ਚਲ ਰਿਹਾ ਹੈ ਇਸ ਲਈ ਦੁਨੀਆਂ ਦੀ ਹਰ ਬਹਾਰ ਪੱਤਝੜ ਹੀ ਲੱਗਦੀ ਹੈ। ਪਿਛਲੇ ਦਸਾਂ ਦਿਨਾਂ ਤੋਂ ਮੈਂ ਕੋਸ਼ਿਸ਼ ਕਰਦਾ ਰਿਹਾ ਹਾਂ ਤੁਹਾਨੂੰ ਮਿਲਣ ਦੀ ਪਰ ਤੁਸੀਂ ਮਿਲਣ ਦਾ ਮੌਕਾ ਨਹੀਂ ਦਿਤਾ ਪਤਾ ਨਹੀਂ ਤੁਹਾਨੂੰ ਮੇਰੇ ਨਾਲ ਕੀ ਵੈਰ ਪੈ ਗਿਆ ਹੈ? ਸ਼ਾਇਦ ਤੁਸੀਂ ਮੇਰਾ ਸਾਹਮਣਾ ਨਹੀਂ ਕਰ ਸਕਦੇ ਜਾਂ ਫਿਰ ਤੁਹਾਨੂੰ ਆਪਣੀ ਕੀਤੀ ਦਾ ਪਛਤਾਵਾ ਹੈ ਪਰ ਇਸ ਪਛਤਾਣ ਦੀ ਕੀ ਗੱਲ ਹੈ? ਤੁਸੀਂ ਜੋ ਕੀਤਾ ਹੈ ਆਪਣੀ ਭਲਾਈ ਵਾਸਤੇ ਕੀਤਾ ਹੈ ਹਰ ਇਕ ਮਨੁੱਖ ਨੂੰ ਆਪਣਾ ਭਲਾ ਬੁਰਾ ਸੋਚਣ ਦਾ ਪੂਰਾ ਹੱਕ ਹੈ ਜੋ ਕੁਝ ਵੀ ਤੁਸੀਂ ਕੀਤਾ ਮੈਨੂੰ ਉਸ ਦਾ ਰੰਜ ਨਹੀਂ, ਮੈਨੂੰ ਸਗੋਂ ਖੁਸ਼ੀ ਹੈ ਕਿ ਤੁਸੀਂ ਆਪਣੀ ਮਰਜ਼ੀ ਦਾ ਜੀਵਨ-ਸਾਥੀ ਚੁਣਿਆ ਹੈ। ਹੋ ਸਕਦਾ ਹੈ ਕਿ ਮੈਂ ਤੁਹਾਡੇ ਲਈ ਇਕ ਚੰਗਾ ਪਤੀ ਸਾਬਿਤ ਨਾ ਹੁੰਦਾ। ਠੋਕਰ ਖਾਣ ਤੋਂ ਪਹਿਲੇ ਹੀ ਸਾਵਧਾਨ ਹੋ ਜਾਣਾ ਵੱਡੀ ਸਿਆਣਪ ਹੈ। ਬੀਤੀ ਕਹਾਣੀ ਨੂੰ ਮੈਂ ਦੁਹਰਾਉਣਾ ਨਹੀਂ ਚਾਹੁੰਦਾ ਅਤੇ ਬੀਤੀ ਹੋਈ ਦਾਸਤਾਨ ਦਾ ਮੈਨੂੰ ਕੋਈ ਗਿਲ੍ਹਾ-ਸ਼ਿਕਵਾ ਨਹੀਂ, ਦੁੱਖ ਅਗਰ ਹੈ ਤਾਂ ਇਸ ਗੱਲ ਦਾ ਕਿ ਤੁਸੀਂ ਮੇਰੇ ਕੋਲੋਂ ਇਸ ਗੱਲ ਨੂੰ ਕਿਉਂ ਲੁਕਾ ਕੇ ਰੱਖਿਆ।

ਕਵਿਤਾ ਜੀ! ਇਸ ਤੋਂ ਬਾਦ ਕੀ ਪਤਾ ਤੁਹਾਡੇ ਨਾਲ ਮੁਲਾਕਾਤ ਹੋਏ ਜਾਂ ਨਾ ਪਰ ਤਕਦੀਰ ਦੀਆਂ ਭੁੱਲਾਂ ਲਈ ਆਪਣੇ ਆਪ ਨੂੰ ਦੋਸ਼ੀ ਨਹੀਂ ਠਹਿਰਾਉਣਾ। ਈਸ਼ਵਰ ਜੋ ਕਰਦਾ ਹੈ ਠੀਕ ਹੀ ਕਰਦਾ ਹੈ। ਅਗਰ ਮਨੁੱਖ ਨੂੰ ਠੋਕਰਾਂ ਨਾ ਲੱਗਣ, ਮਨੁੱਖ ਤਾਂ ਉਸ ਦੇ ਵਜੂਦ ਨੂੰ ਹੀ ਭੁੱਲ ਜਾਏ। ਰੱਬ ਦਾ ਨਿਰਦੱਈਪਨ ਹੀ ਮਨੁੱਖ ਨੂੰ

ਰੱਬ ਦੇ ਨੇੜੇ ਕਰਦਾ ਹੈ। ਕਵਿਤਾ ਜੀ! ਮੈਂ ਕੋਈ ਬੀਤੀ ਗੱਲ ਨਹੀਂ ਕਰਨਾ ਚਾਹੁੰਦਾ, ਕਿਸੇ ਜ਼ਖ਼ਮ ਨੂੰ ਵੀ ਹਰਾ ਕਰਨ ਦਾ ਇਰਾਦਾ ਨਹੀਂ ਹੈ। ਇਸ ਪੱਤਰ ਨੂੰ ਗਲਤ ਨਹੀਂ ਸਮਝਣਾ। ਮੇਰੀਆਂ ਭਾਵਨਾਵਾਂ ਪਿਛਲੇ ਦਸ ਸਾਲਾਂ ਤੋਂ ਕੈਦ ਸਨ ਪਰ ਤੁਹਾਨੂੰ ਵੇਖਣ ਮਗਰੋਂ ਵਿਦਰੋਹ ਕਰਨ 'ਤੇ ਤੁਲ ਗਈਆਂ ਅਤੇ ਉਨ੍ਹਾਂ ਭਾਵਨਾਵਾਂ ਨੂੰ ਲਿਖ ਦਿਤਾ ਹੈ। ਤੁਹਾਨੂੰ ਇਹ ਪੱਤਰ ਉਸ ਸਮੇਂ ਮਿਲੇਗਾ ਜਦੋਂ ਮੈਂ ਇਥੋਂ ਕਾਫੀ ਦੂਰ ਪਹੁੰਚ ਗਿਆ ਹੋਵਾਂਗਾ।

ਕਵਿਤਾ ਜੀ! ਅੰਤ ਵਿਚ ਇਕ ਗੱਲ ਲਿਖਣੀ ਯਾਦ ਆ ਗਈ ਹੈ ਕਿ ਮੈਂ ਅਕਸਰ ਇਕ ਬੱਚੀ ਤੁਹਾਡੇ ਨਾਲ ਵੇਖੀ ਹੈ। ਤੁਹਾਡੇ ਵਰਗੀ ਹੈ ਜਿਸ ਤੋਂ ਮੈਂ ਅਨੁਮਾਨ ਲਾਇਆ ਹੈ ਕਿ ਇਹ ਤੁਹਾਡੀ ਹੀ ਲੜਕੀ ਹੈ। ਕਿਉਂ ਨਾ ਉਸ ਕੁੜੀ ਦਾ ਸਬੰਧ ਕਮਲ ਨਾਲ ਜੋੜ ਦਿਤਾ ਜਾਏ। ਮੈਂ ਤਾਂ ਤੁਹਾਨੂੰ ਪ੍ਰਾਪਤ ਨਾ ਕਰ ਸਕਿਆ ਚਲੋ! ਮੇਰਾ ਕਮਲ ਤੁਹਾਡੇ ਰੂਪ ਨੂੰ ਤਾਂ ਮੇਰੇ ਘਰ ਆਪਣੀ ਵਹੁਟੀ ਬਣਾ ਕੇ ਲੈ ਆਵੇਗਾ। ਕੀ ਵਿਚਾਰ ਹੈ? ਆਪਣੇ ਪਤੀ ਨੂੰ ਪੁੱਛ ਕੇ ਸਾਰੀ ਗੱਲ ਲਿਖਣੀ। ਇਸ ਵਿਚ ਕੋਈ ਖੁਦਗਰਜ਼ੀ ਨਹੀਂ ਕਰਨੀ।

ਕਵਿਤਾ ਜੀ! ਇਹ ਪੁੱਛਣਾ ਤਾਂ ਮੈਂ ਭੁੱਲ ਹੀ ਗਿਆ ਹਾਂ ਕਿ ਤੁਹਾਡੇ ਪਤੀ ਕੀ ਕੰਮ ਕਰਦੇ ਹਨ? ਕਿਥੇ ਰਹਿੰਦੇ ਹਨ? ਤੁਹਾਡੇ ਨਾਲ ਤਾਂ ਬਹੁਤ ਪਿਆਰ ਕਰਦੇ ਹੋਣਗੇ। ਸੱਚਮੁੱਚ ਹੀ ਬੜੇ ਭਾਗਸ਼ਾਲੀ ਹਨ ਉਹ ਜਿਨ੍ਹਾਂ ਨੂੰ ਤੁਹਾਡੇ ਵਰਗੀ ਪਤਨੀ ਮਿਲੀ ਹੈ। ਮੈਨੂੰ ਉਨ੍ਹਾਂ ਨਾਲ ਤੇ ਨਹੀਂ ਪਰ ਉਨ੍ਹਾਂ ਦੀ ਕਿਸਮਤ ਨਾਲ ਜ਼ਰੂਰ ਈਰਖਾ ਹੈ ਜਿਨ੍ਹਾਂ ਨੇ ਮੇਰੇ ਨਸੀਬ ਨੂੰ ਹੀ ਮੇਰੇ ਤੋਂ ਲੈ ਲਿਆ। ਖ਼ੈਰ ਕੋਈ ਗੁਸਤਾਖੀ ਹੋ ਗਈ ਹੋਵੇ ਤਾਂ ਮਾਫ ਕਰਨਾ। ਹੋ ਸਕੇ ਤਾਂ ਪੱਤਰ ਦਾ ਉਤਰ ਦੇਣਾ। ਸ਼ੁਭ ਕਾਮਨਾਵਾਂ ਦੇ ਨਾਲ।

ਮੈਂ ਹਾਂ

◆

–ਸੰਗੀਤ

ਦਾਰਜੀਲਿੰਗ ਦੋ

ਸ੍ਰੀਮਾਨ ਸੰਗੀਤ ਜੀ!

ਤੁਹਾਡਾ ਪੱਤਰ ਮਿਲਿਆ ਪੜ੍ਹ ਕੇ ਇੰਜ ਲੱਗਾ ਜਿਵੇਂ ਸੁੱਕੇ ਘਾਹ 'ਤੇ ਕਿਸੇ ਨੇ ਚੰਗਾਰੀ ਸੁੱਟ ਦਿਤੀ ਹੋਵੇ ਅਤੇ ਝਟਪਟ ਹੀ ਭਾਂਬੜ ਮੱਚ ਗਿਆ। ਇਸ ਪੱਤਰ ਦੇ ਹਰ ਇਕ ਲਫਜ਼ ਵਿਚ ਸ਼ੋਰਾ ਸੀ, ਜਿਵੇਂ-ਜਿਵੇਂ ਮੈਂ ਪੜ੍ਹਦੀ ਗਈ ਅੱਗ ਤੇਜ਼ ਹੁੰਦੀ ਗਈ। ਪੱਤਰ ਸਮਾਪਤ ਹੋਣ ਤੇ ਮੇਰਾ ਤਨ-ਮਨ ਸੜ ਕੇ ਸਵਾਹ ਹੋ ਗਿਆ। ਦਿਲ ਕੀਤਾ ਕਿ ਆਪਣੀ ਤਕਦੀਰ 'ਤੇ ਖੂਬ ਰੋਵਾਂ ਪਰ ਰੋ ਨਾ ਸਕੀ ਅਤੇ ਤੁਹਾਡੀ ਸਿਆਣਪ 'ਤੇ ਹੱਸੀ ਆ ਗਈ। ਤੁਸੀਂ ਬਹੁਤ ਸਿਆਣੇ ਹੋ ਅਤੇ ਤੁਹਾਡੇ ਅੰਦਰ ਦਾ ਕਲਾਕਾਰ ਬਹੁਤ ਚਲਾਕ ਹੈ। ਪੱਤਰ ਤੁਸੀਂ ਇਸ ਤਰ੍ਹਾਂ ਲਿਖਿਆ ਜਿਵੇਂ ਕਿ ਕੁਝ ਵੀ

ਨਹੀਂ ਜਾਣਦੇ, ਕਿਸੇ ਚੀਜ਼ ਦਾ ਕੋਈ ਗਿਆਨ ਨਹੀਂ। ਤੁਹਾਡੇ ਸਵਾਲਾਂ ਦੇ ਜਵਾਬ ਤੁਸੀਂ ਆਪ ਜਾਣਦੇ ਹੋਏ ਵੀ ਮੇਰੇ ਕੋਲੋਂ ਪੁੱਛੇ ਹਨ।

ਸੰਗੀਤ ਜੀ! ਜਿਸ ਕਚਹਿਰੀ ਦਾ ਜ਼ਿਕਰ ਤੁਸੀਂ ਕੀਤਾ ਹੈ ਕਾਸ਼ ਉਹ ਕਚਹਿਰੀ ਹੁੰਦੀ ਫਿਰ ਤੁਹਾਨੂੰ ਪਤਾ ਲਗਦਾ ਕਿ ਸਜ਼ਾ ਕਿਸ ਨੂੰ ਮਿਲਦੀ। ਮੈਂ ਰੋ ਰੋ ਕੇ ਫਰਿਆਦ ਕਰਦੀ ਕਿ ਤੁਸੀਂ ਮੁਜਰਿਮ ਹੋ, ਵਿਸ਼ਵਾਸਘਾਤੀ ਹੋ, ਖ਼ੂਨੀ ਹੋ, ਮਕਾਰ ਹੋ, ਦਗੇਬਾਜ਼ ਹੋ, ਧੋਖੇਬਾਜ਼ ਹੋ, ਇਨਸਾਨੀ ਜਾਮੇ ਵਿਚ ਇਕ ਵਹਿਸ਼ੀ ਹੋ ਅਤੇ ਮੈਂ ਇਹ ਸਾਰੇ ਇਲਜ਼ਾਮ ਸਾਬਿਤ ਕਰਦੀ। ਤੁਸੀਂ ਹਵਸ ਦੇ ਐਨੇ ਪੁਜਾਰੀ ਹੋਵੋਗੇ ਮੈਂ ਨਹੀਂ ਸੀ ਜਾਣਦੀ। ਕੀ ਹੁਣ ਤੁਹਾਡਾ ਵੀਨਾ ਤੋਂ ਵੀ ਦਿਲ ਭਰ ਗਿਆ ਅਤੇ ਮੈਨੂੰ ਵੇਖ ਕੇ ਫਿਰ ਲਲਚਾ ਗਏ ਹੋ? ਸੰਗੀਤ ਜੀ! ਮੈਂ ਤੁਹਾਡੀਆਂ ਇਹੋ ਜਿਹੀਆਂ ਬਹੁਤ ਚਿੱਠੀਆਂ ਪੜ੍ਹ ਚੁੱਕੀ ਹਾਂ ਉਸ ਵਕਤ ਮੈਨੂੰ ਤੁਹਾਡੀ ਹਰ ਗੱਲ ਤੇ ਵਿਸ਼ਵਾਸ ਸੀ, ਭਰੋਸਾ ਸੀ ਪਰ ਹੁਣ ਨਹੀਂ। ਭੋਲੀਆਂ-ਭਾਲੀਆਂ ਅਤੇ ਮਿੱਠੀਆਂ ਗੱਲਾਂ ਕਰ ਕੇ ਆਪਣੇ ਦੁੱਖ-ਦਰਦ ਅਤੇ ਬੇਬਸੀ ਦੇ ਵਾਸਤੇ ਪਾ ਕੇ ਤੁਸੀਂ ਆਪਣੀ ਵਫਾਈ ਦਾ ਭਰੋਸਾ ਦਿਵਾਇਆ, ਮੇਰੇ ਦਿਲ ਵਿਚ ਆਪਣੇ ਲਈ ਥਾਂ ਬਣਾਈ ਅਤੇ ਮੈਨੂੰ ਪਾਗਲ ਕਰ ਦਿਤਾ। ਮੇਰੇ ਪਾਗਲਪਨ ਤੋਂ ਨਜਾਇਜ਼ ਫਾਇਦਾ ਉਠਾ ਕੇ ਹਵਸ ਦੇ ਸਾਗਰ ਵਿਚ ਰੋੜ੍ਹ ਦਿਤਾ ਜਦੋਂ ਮੈਂ ਡੁੱਬਣ ਲੱਗੀ ਤਾਂ ਸਹਾਰਾ ਵੀ ਨਾ ਦਿਤਾ। ਮੈਨੂੰ ਕੀ ਪਤਾ ਸੀ ਕਿ ਇੰਨਾ ਵੱਡਾ ਕਲਾਕਾਰ ਇਕ ਨੀਚ ਅਤੇ ਗਿਰਿਆ ਹੋਇਆ ਮਨੁੱਖ ਹੋਏਗਾ। ਪਿਆਰ ਦਾ ਪਾਗਲਪਨ ਜਿਸ ਨੂੰ ਮੈਂ ਪੁੰਨ ਸਮਝਦੀ ਸੀ, ਮੈਂ ਨਹੀਂ ਸੀ ਜਾਣਦੀ ਕਿ ਉਹ ਪਿਆਰ ਪਾਪ ਹੋਏਗਾ।

ਇਕ ਮਨੁੱਖ ਜਿਹੜਾ ਆਪਣੀ ਪਤਨੀ ਨੂੰ ਧੋਖਾ ਦੇ ਸਕਦਾ ਹੈ ਉਹ ਮਨੁੱਖਤਾ ਤੋਂ ਬਹੁਤ ਦੂਰ ਹੈ। ਘਰ ਬੈਠੀ ਇਸਤਰੀ ਇਹ ਨਹੀਂ ਜਾਣਦੀ ਕਿ ਉਸ ਦਾ ਪਤੀ ਬਾਹਰ ਕੀ ਕਰਦਾ ਹੈ? ਪਰ ਉਹ ਵਿਸ਼ਵਾਸ ਦੇ ਸਿਰ 'ਤੇ ਆਪਣੇ ਜੀਵਨ ਨੂੰ ਗੁਜ਼ਾਰਦੀ ਹੈ। ਅਗਰ ਮਨੁੱਖ ਵਿਸ਼ਵਾਸਘਾਤ ਕਰੇ ਤਾਂ ਉਹ ਸਭ ਤੋਂ ਨੀਚ ਮਨੁੱਖ ਹੈ। ਇਹੋ ਹੀ ਕਰਨ ਦੀ ਕੋਸ਼ਿਸ਼ ਤੁਸੀਂ ਕੀਤੀ ਹੈ। ਵੀਨਾ ਤੁਹਾਡੀ ਪਤਨੀ ਹੈ, ਤੁਹਾਡੇ ਬੱਚੇ ਦੀ ਮਾਂ ਹੈ। ਕੀ ਤੁਹਾਨੂੰ ਇਹ ਸ਼ੋਭਾ ਦਿੰਦਾ ਹੈ ਕਿ ਤੁਸੀਂ ਮੈਨੂੰ ਪੱਤਰ ਲਿਖੋ? ਪਹਿਲੇ ਵੀ ਤੁਸੀਂ ਇਹੋ ਜਿਹਾ ਵਿਸ਼ਵਾਸਘਾਤ ਮੇਰੇ ਨਾਲ ਕੀਤਾ ਸੀ ਜਿਸ ਦਾ ਫਲ ਮੈਂ ਅਜੇ ਤਕ ਭੋਗ ਰਹੀ ਹਾਂ।

ਤੁਹਾਡਾ ਤੇ ਮੇਰਾ ਸਬੰਧ ਤੁਹਾਡੇ ਲਈ ਸਿਰਫ ਤਿੰਨ ਮੁਲਾਕਾਤਾਂ ਪੁਰਾਣਾ ਹੈ ਪਰ ਅਗਰ ਤੁਸੀਂ ਮੇਰੀ ਥਾਂ 'ਤੇ ਹੁੰਦੇ ਤਾਂ ਪਤਾ ਲਗ ਜਾਂਦਾ ਕਿ ਇਹ ਸਬੰਧ ਕਿੰਨਾ ਪੁਰਾਣਾ ਹੈ? ਇਸ ਰਿਸ਼ਤੇ ਲਈ ਮੈਂ ਕੀ ਕੁਝ ਕੁਰਬਾਨ ਕੀਤਾ ਹੈ? ਇਸ ਸਬੰਧ ਲਈ ਮੈਂ ਕੀ ਤੋਂ ਕੀ ਬਣੀ ਹਾਂ? ਮੈਂ ਇਕ ਇਸਤਰੀ ਨਹੀਂ ਰਹੀ, ਮੈਂ ਇਕ ਮਾਂ ਨਹੀਂ ਰਹੀ। ਮੇਰੇ ਕੋਲੋਂ ਤੁਹਾਡੇ ਸਮਾਜ ਨੇ ਸਭ ਕੁਝ ਖੋਹ ਲਿਆ ਹੈ। ਮੇਰੀ ਇਸ ਬਰਬਾਦੀ ਦਾ ਇਲਜ਼ਾਮ ਵੀ ਤੁਹਾਡੇ ਸਿਰ ਹੈ। ਹੁਣ ਸੋਚੋ! ਅਗਰ ਇਹੋ ਜਿਹੀ ਕਚਹਿਰੀ ਹੁੰਦੀ ਜਿਸ ਦਾ ਜ਼ਿਕਰ ਤੁਸੀਂ ਕੀਤਾ ਹੈ ਕੀ ਤੁਸੀਂ ਆਪਣੇ ਆਪ ਨੂੰ

ਨਿਰਦੋਸ਼ ਸਾਬਿਤ ਕਰ ਸਕਦੇ? ਐਨਾ ਕੁਝ ਹੋ ਕੇ ਵੀ ਮੈਂ ਤੁਹਾਨੂੰ ਕਦੀ ਬੁਰਾ ਨਹੀਂ ਕਿਹਾ ਪਰ ਤੁਹਾਡੇ ਪੱਤਰ ਨੇ ਮੈਨੂੰ ਮਜ਼ਬੂਰ ਕਰ ਦਿਤਾ ਹੈ ਇਹ ਸਭ ਕੁਝ ਲਿਖਣ ਲਈ।

ਮੈਂ ਜਾਣਦੀ ਸੀ ਤੁਸੀਂ ਇਕ ਦਿਨ ਜ਼ਰੂਰ ਆਉਗੇ, ਜ਼ਰੂਰ ਤੁਹਾਡੇ ਨਾਲ ਮੁਲਾਕਾਤ ਹੋਵੇਗੀ ਕਿਉਂਕਿ ਤੁਹਾਡਾ ਕਮਲ ਮੇਰੇ ਕੋਲ ਪੜ੍ਹਦਾ ਹੈ ਅਤੇ ਮੇਰੇ ਨਾਲ ਬਹੁਤ ਪਿਆਰ ਕਰਦਾ ਹੈ। ਜਿਸ ਦਿਨ ਕਮਲ ਨੂੰ ਲੈਣ ਲਈ ਤੁਸੀਂ ਇਥੇ ਆਏ ਸੀ ਉਸ ਦਿਨ ਅਚਾਨਕ ਹੀ ਮੇਰੀ ਮੁਲਾਕਾਤ ਤੁਹਾਡੇ ਨਾਲ ਹੋ ਗਈ। ਮੈਂ ਨਹੀਂ ਸੀ ਚਾਹੁੰਦੀ ਕਿ ਤੁਹਾਨੂੰ ਐਨੀ ਛੇਤੀ ਮੇਰਾ ਪਤਾ ਲਗ ਜਾਏ। ਮੈਂ ਪਿਛਲੇ ਦੋ ਸਾਲਾਂ ਤੋਂ ਇਸ ਸਕੂਲ ਵਿਚ ਹਾਂ ਅਤੇ ਦੋ ਸਾਲ ਤੋਂ ਹੀ ਕਮਲ ਨੂੰ ਜਾਣਦੀ ਹਾਂ। ਉਹ ਹੁਣ ਨੌਂ ਸਾਲ ਦਾ ਹੈ ਸਭ ਕੁਝ ਸਮਝ ਲੈਂਦਾ ਹੈ, ਕਾਫੀ ਸਿਆਣਾ ਹੈ। ਮੇਰਾ ਤਾਂ ਵਿਚਾਰ ਇਹ ਸੀ ਕਿ ਇਕ ਦਿਨ ਜਦੋਂ ਉਹ ਜਵਾਨ ਹੋ ਜਾਏ ਅਤੇ ਉਹ ਆਪ ਹੀ ਤੁਹਾਨੂੰ ਤੁਹਾਡੀ ਕੀਤੀ ਹੋਈ ਭੁੱਲ ਦਾ ਅਹਿਸਾਸ ਕਰਵਾਏ ਪਰ ਤੁਸੀਂ ਕੀ ਅਹਿਸਾਸ ਕਰਨਾ ਹੈ? ਅਹਿਸਾਸ ਕਰਨ ਵਾਲੀ ਕਿਹੜੀ ਮਨੁਖਤਾ ਹੈ ਤੁਹਾਡੇ ਵਿਚ? ਮੈਨੂੰ ਸਕੂਲ ਦੇ 'ਲਾਨ' ਵਿਚ ਵੇਖ ਕੇ ਤੁਹਾਨੂੰ ਬਹੁਤ ਹੈਰਾਨੀ ਹੋਈ ਪਰ ਮੈਂ ਹੈਰਾਨ ਨਹੀਂ ਸਾਂ। ਮੇਰਾ ਦਿਲ ਤਾਂ ਕੀਤਾ ਸੀ ਕਿ ਤੁਹਾਨੂੰ ਉਥੋਂ ਨਿਰਾਦਰ ਕਰ ਕੇ ਕੱਢ ਦਿਆਂ ਪਰ ਮੇਰੀ ਅੰਦਰਲੀ ਕਵਿਤਾ ਨੇ ਇੰਜ ਨਾ ਕਰਨ ਦਿਤਾ ਕਿਉਂਕਿ ਉਹ ਇਕ ਵਾਰੀ ਤੁਹਾਡੇ ਬੇਸੁਰੇ ਸੰਗੀਤ ਵਿਚ ਢਲੀ ਹੋਈ ਸੀ।

ਸੰਗੀਤ ਜੀ! ਤੁਹਾਡੀਆਂ ਗੱਲਾਂ 'ਤੇ ਬੜਾ ਅਫਸੋਸ ਹੁੰਦਾ ਹੈ ਕਿ ਤੁਸੀਂ ਮੇਰੇ ਪਤੀ ਦੀ ਜਾਣਕਾਰੀ ਪੁੱਛੀ ਹੈ। ਕੀ ਕਰੋਗੇ ਜਾਣ ਕੇ ਕਿ ਮੇਰਾ ਪਤੀ ਕੌਣ ਹੈ ਅਤੇ ਕੀ ਕਰਦਾ ਹੈ? ਜੋ ਵੀ ਹੈ ਮੇਰੇ ਮਨ ਦਾ ਦੇਵਤਾ ਹੈ। ਕੀ ਐਨੀ ਜਾਣਕਾਰੀ ਤੁਹਾਡੇ ਲਈ ਕਾਫੀ ਨਹੀਂ ਹੈ?

ਮੈਂ ਹਾਂ

◆ *ਇਕ ਅਧੂਰੀ* **–"ਕਵਿਤਾ"**

ਦਿੱਲੀ **ਤਿੰਨ**

ਕਵਿਤਾ ਜੀ!

ਨਫਰਤ ਅਤੇ ਘ੍ਰਿਣਾ ਦਾ ਭਰਿਆ ਹੋਇਆ ਪੱਤਰ ਹੁਣੇ ਹੀ ਮਿਲਿਆ। ਇਸ ਦੇ ਮੁਖਬੰਧ ਨੇ ਮੇਰਾ ਚੈਨ ਖੋਹ ਲਿਆ, ਜੀਵਨ ਨੂੰ ਡਾਵਾਂ-ਡੋਲ ਕਰ ਦਿਤਾ। ਹਰ ਇਕ ਸ਼ਬਦ ਵਿਚੋਂ ਸਹਿਮਿਆ ਹੋਇਆ ਦੁੱਖ ਸਾਫ ਝਲਕਦਾ ਹੈ। ਮੈਂ ਪਹਿਲੇ ਖਤ ਵਿਚ ਜੋ ਕੁਝ ਵੀ ਲਿਖਿਆ ਹੈ ਉਸ ਨੂੰ ਤੁਸੀਂ ਫਰੇਬ ਅਤੇ ਧੋਖਾ ਸਮਝਿਆ ਹੈ। ਮੈਂ ਅਨੁਮਾਨ ਵੀ ਨਹੀਂ ਲਾ ਸਕਦਾ ਕਿ ਕਵਿਤਾ ਦੇ ਵਿਚਾਰ ਮੇਰੇ ਲਈ ਐਨੇ ਨੀਚ ਹੋਣਗੇ ਜਿਸ ਨੇ ਮਕਾਰ ਅਤੇ ਧੋਖੇਬਾਜ ਦੀ ਪਦਵੀ ਦੇ ਕੇ ਮੈਨੂੰ ਗਲਤ ਸਮਝਿਆ

ਹੈ।

ਕਵਿਤਾ ਜੀ! ਮੈਂ ਤੁਹਾਡੇ ਨਾਲ ਸੱਚਾ ਪਿਆਰ ਕੀਤਾ ਸੀ। ਮੇਰਾ ਪਿਆਰ ਛੱਲ-ਕੱਪਟ ਤੋਂ ਰਹਿਤ ਸੀ, ਮੇਰਾ ਪਿਆਰ ਪੂਜਾ ਸੀ ਧੋਖਾ ਨਹੀਂ। ਹਵਸ ਨੂੰ ਮੈਂ ਕਦੀ ਮਹੱਤਵ ਨਹੀਂ ਦਿਤਾ ਅਤੇ ਤੁਸੀਂ ਮੈਨੂੰ ਹਵਸ ਦਾ ਪੁਜਾਰੀ ਕਰਾਰ ਕੀਤਾ ਹੈ?

ਤੁਹਾਡੀ ਚਿੱਠੀ ਨੇ ਮੈਨੂੰ ਕੰਬਾ ਦਿਤਾ ਹੈ। ਸਾਰਾ ਸੰਸਾਰ ਹਨੇਰਾ ਦਿਸਣ ਲਗ ਪਿਆ ਹੈ। ਲਗਦਾ ਹੈ ਕਿਤੇ ਸਾਡੇ ਨਾਲ ਧੋਖਾ ਹੋਇਆ ਹੈ ਪਰ ਮੈਂ ਈਸ਼ਵਰ ਨੂੰ ਹਾਜ਼ਰ-ਨਾਜ਼ਰ ਜਾਣ ਕੇ ਕਹਿੰਦਾ ਹਾਂ ਕਿ ਮੈਂ ਕੋਈ ਧੋਖਾ ਨਹੀਂ ਕੀਤਾ। ਕਵਿਤਾ ਜੀ! ਮੇਰੇ ਤੇ ਯਕੀਨ ਕਰੋ ਹਾਲਾਂਕਿ ਯਕੀਨ ਨੂੰ ਮੈਂ ਤੁਹਾਡੇ 'ਤੇ ਜ਼ਬਰਦਸਤੀ ਠੋਸ ਨਹੀਂ ਸਕਦਾ। ਯਕੀਨ ਤਾਂ ਦਿਲ ਦੀਆਂ ਤੈਹਾਂ ਵਿਚੋਂ ਪੈਦਾ ਹੁੰਦਾ ਹੈ ਅਤੇ ਸ਼ਾਇਦ ਤੁਹਾਡੇ ਦਿਲ ਦੀਆਂ ਤੈਹਾਂ 'ਤੇ ਮਿੱਟੀ ਪੈ ਗਈ ਹੈ ਜਾਂ ਮਾਸ ਚੜ੍ਹ ਗਿਆ ਹੈ ਜਿਹੜਾ ਕਿ ਤੁਹਾਨੂੰ ਯਕੀਨ ਨਹੀਂ ਰਿਹਾ। ਫਿਰ ਵੀ ਮੈਂ ਕਹਾਂਗਾ ਕਿ ਭਰੋਸਾ ਕਰੋ ਮੈਂ ਧੋਖਾ ਨਹੀਂ ਕੀਤਾ, ਮੈਂ ਆਪ ਹੀ ਧੋਖੇ ਦਾ ਸ਼ਿਕਾਰ ਹੋ ਗਿਆ ਹਾਂ। ਮੈਨੂੰ ਓਪਰੇਸ਼ਨ ਦੇ ਬਾਦ ਤੁਹਾਡੀ ਕੋਈ ਚਿੱਠੀ ਨਹੀਂ ਮਿਲੀ। ਕਿਸਮਤ ਨੇ ਮੈਨੂੰ ਤੁਹਾਡੇ ਤੋਂ ਦੂਰ ਕਰ ਦਿਤਾ।

ਮੈਂ ਨਿਰਦੋਸ਼ ਹਾਂ, ਮੈਂ ਬੇਕਸੂਰ ਹਾਂ ਸਿਰਫ ਪ੍ਰਮਾਤਮਾ ਮੇਰਾ ਗਵਾਹ ਹੈ। ਮੈਂ ਤੁਹਾਨੂੰ ਕਈ ਪੱਤਰ ਲਿਖੇ ਸਨ ਪਰ ਮੈਨੂੰ ਕਦੀ ਕਿਸੇ ਦਾ ਉਤਰ ਨਹੀਂ ਮਿਲਿਆ। ਤੁਸੀਂ ਜਦੋਂ ਕਲਕੱਤੇ ਤੋਂ ਗਏ ਮੈਨੂੰ ਆਪਣਾ ਪਤਾ ਨਹੀਂ ਦਿਤਾ। ਅੱਜ ਤਕ ਮੈਂ ਇਹੋ ਹੀ ਸੋਚਦਾ ਰਿਹਾ ਕਿ ਤੁਸੀਂ ਮੈਨੂੰ ਧੋਖਾ ਦਿਤਾ ਹੈ, ਮੈਨੂੰ ਛੱਡ ਦਿਤਾ ਹੈ। ਇਹ ਸੋਚ ਕੇ ਮੈਨੂੰ ਤੁਹਾਡੇ ਨਾਲ ਹੀ ਨਫਰਤ ਹੋ ਗਈ ਸੀ। ਤੁਸੀਂ ਵੀਨਾ ਤੋਂ ਪੁੱਛ ਸਕਦੇ ਹੋ ਕਿ ਮੈਂ ਕਿੰਨਾ ਤੜਫਿਆ ਹਾਂ।

ਮੇਰੇ ਓਪਰੇਸ਼ਨ ਤੋਂ ਪਹਿਲੇ ਮੈਂ ਵੀਨਾ ਨੂੰ ਹਰ ਇਕ ਗੱਲ ਸਾਫ ਦੱਸ ਦਿਤੀ ਸੀ ਅਤੇ ਉਸ ਨੇ ਰਸਤੇ ਵਿਚੋਂ ਹਟ ਜਾਣ ਦਾ ਵਚਨ ਦਿਤਾ ਸੀ ਇਹ ਸਭ ਕੁਝ ਮੈਂ ਤੁਹਾਨੂੰ ਖ਼ਤ ਵਿਚ ਲਿਖਿਆ ਸੀ ਅਤੇ ਉਸ ਖ਼ਤ ਦਾ ਉਤਰ ਮੈਨੂੰ ਕਦੀ ਨਹੀਂ ਆਇਆ। ਜੋ ਕੁਝ ਹੋਣਾ ਸੀ ਹੋ ਗਿਆ ਹੈ ਪਰ ਇਹ ਲਿਖਣਾ ਕੀ ਤੁਹਾਨੂੰ ਮੇਰੇ ਇਹ ਪੱਤਰ ਮਿਲੇ ਸਨ? ਅਗਰ ਨਹੀਂ ਤਾਂ ਕਿਥੇ ਗਏ? ਇਸ ਗੱਲ ਦੀ ਤਹਿ ਤਕ ਪਹੁੰਚਣ ਲਈ ਮੈਂ ਉਤਾਵਲਾ ਹਾ।

ਮੈਂ ਹਾਂ

◆ *ਭਟਕਿਆ ਹੋਇਆ* **-"ਸੰਗੀਤ"**

ਦਾਰਜੀਲਿੰਗ **ਚਾਰ**

ਸ੍ਰੀਮਾਨ ਸੰਗੀਤ ਜੀ!

ਤੁਹਾਡਾ ਪੱਤਰ ਅੱਜ ਹੀ ਪ੍ਰਾਪਤ ਹੋਇਆ ਅਤੇ ਪੱਤਰ ਵਿਚ ਤੁਸੀਂ ਆਪਣੀ

ਨਿਰਾਸ਼ਤਾ ਪ੍ਰਗਟ ਕੀਤੀ ਹੈ। ਕੀ ਜੋ ਕੁਝ ਵੀ ਤੁਸੀਂ ਲਿਖਿਆ ਹੈ ਉਹ ਸੱਚ ਹੈ? ਚਲੋ ਫਿਰ ਇਕ ਵਾਰੀ ਵਿਸ਼ਵਾਸ ਕਰ ਲੈਂਦੀ ਹਾਂ। ਦਿਲ ਫਿਰ ਮਜ਼ਬੂਰ ਕਰ ਰਿਹਾ ਹੈ ਭਰੋਸਾ ਕਰਨ 'ਤੇ। ਪਹਿਲੇ ਵੀ ਇਸੇ ਦਿਲ ਨੇ ਵਿਸ਼ਵਾਸ ਕੀਤਾ ਸੀ ਤਾਂ ਇਸ ਹਾਲ 'ਤੇ ਪਹੁੰਚੀ ਹਾਂ ਹੁਣ ਵੇਖੋ ਕੀ ਹੁੰਦਾ ਹੈ?

ਸੰਗੀਤ ਜੀ! ਤੁਸੀਂ ਆਪਣੇ ਪੱਤਰ ਵਿਚ ਇਹ ਲਿਖਿਆ ਹੈ ਕਿ ਓਪਰੇਸ਼ਨ ਤੋਂ ਬਾਦ ਤੁਹਾਨੂੰ ਮੇਰਾ ਕੋਈ ਪੱਤਰ ਨਹੀਂ ਮਿਲਿਆ। ਕੀ ਤੁਹਾਨੂੰ ਉਹ ਪੱਤਰ ਨਹੀਂ ਸੀ ਮਿਲਿਆ ਜਿਸ ਵਿਚ ਮੈਂ ਆਪਣੀ ਬਦਕਿਸਮਤੀ ਦਾ ਜ਼ਿਕਰ ਕੀਤਾ ਸੀ? ਜਿਸ ਵਿਚ ਮੈਂ ਤੁਹਾਨੂੰ ਲਿਖਿਆ ਸੀ ਕਿ ਮੈਂ ਤੁਹਾਡੇ ਬੱਚੇ ਦੀ ਮਾਂ ਬਣਨ ਵਾਲੀ ਹਾਂ?

ਸੰਗੀਤ ਜੀ! ਮੈਨੂੰ ਮੇਰੇ ਪੱਤਰਾਂ ਦੀ ਹਰ ਇਕ ਤਰੀਕ ਯਾਦ ਹੈ। 23 ਦਸੰਬਰ 1968 ਨੂੰ ਜਿਸ ਦਿਨ ਤੁਹਾਡਾ ਓਪਰੇਸ਼ਨ ਸੀ ਮੈਂ ਤੁਹਾਨੂੰ ਇਕ ਪੱਤਰ ਲਿਖਿਆ ਸੀ। ਉਹ ਦਿਨ ਮੇਰੇ ਨਸੀਬ ਦੇ ਫੈਸਲੇ ਦਾ ਦਿਨ ਸੀ। ਮੇਰੀਆਂ ਪ੍ਰਾਰਥਨਾਵਾਂ ਦਾ ਫਲ ਮੈਨੂੰ ਉਸ ਦਿਨ ਪ੍ਰਾਪਤ ਹੋਣਾ ਸੀ। ਮੈਂ ਦੋ ਦਿਨ ਪਹਿਲੇ ਹੀ ਅੰਨ-ਪਾਣੀ ਛੱਡ ਦਿਤਾ ਸੀ ਉਸ ਰਾਤ ਨੂੰ ਦੇਵੀ ਦਿਆਂ ਚਰਨਾਂ ਵਿਚ ਬੈਠੀ ਰਹੀ ਅਤੇ ਤੁਹਾਡੇ ਓਪਰੇਸ਼ਨ ਦੀ ਸਫਲਤਾ ਦੀ ਪ੍ਰਾਰਥਨਾ ਕਰਦੀ ਰਹੀ। ਉਸ ਤੋਂ ਦੂਸਰੇ ਦਿਨ ਮੈਂ ਪੱਤਰ ਲਿਖਿਆ ਮੈਨੂੰ ਭਰੋਸਾ ਸੀ ਕਿ ਤੁਸੀਂ ਠੀਕ ਹੋ ਜਾਵੋਗੇ ਅਤੇ ਇਸ ਲਈ ਮੈਂ ਤੁਹਾਡੀ ਖੁਸ਼ੀ ਨੂੰ ਵਧਾਉਣ ਲਈ ਉਸ ਖਤ ਵਿਚ ਲਿਖਿਆ ਸੀ ਕਿ ਮੈਂ ਬੱਚੇ ਦੀ ਮਾਂ ਬਣਨ ਵਾਲੀ ਹਾਂ। ਤੁਸੀਂ ਪੁਛੋਗੇ ਕਿਹੜੇ ਬੱਚੇ ਦੀ ਮਾਂ?

ਸੰਗੀਤ ਜੀ! ਸ਼ਾਇਦ ਤੁਹਾਨੂੰ ਯਾਦ ਆ ਜਾਏ ਉਹ ਦਿਨ ਜਦੋਂ ਮੈਂ ਕਸੋਲੀ ਤੁਹਾਨੂੰ ਮਿਲਣ ਗਈ ਸੀ। ਤੁਸੀਂ ਕਾਫੀ ਬੀਮਾਰ ਸੀ ਅਤੇ ਅਸੀਂ ਮਾਤਾ ਦੇ ਮੰਦਿਰ ਜਾ ਕੇ ਇਕ ਦੂਜੇ ਨੂੰ ਪਤੀ ਪਤਨੀ ਸਵੀਕਾਰ ਕੀਤਾ ਸੀ। ਫਿਰ ਜਿੰਨੇ ਵੀ ਦਿਨ ਮੈਂ ਤੁਹਾਡੇ ਨਾਲ ਰਹੀ ਇਕ ਪਤਨੀ ਬਣ ਕੇ ਰਹੀ। ਕਲਕੱਤੇ ਆ ਕੇ ਮੇਰੀ ਹਾਲਤ ਕੀ ਹੋਈ? ਤੁਹਾਨੂੰ ਪਤਾ ਹੈ? ਤੁਸੀਂ ਬੀਮਾਰ ਹੋ ਗਏ ਮੈਂ ਇਹ ਗੱਲ ਦੱਸ ਕੇ ਤੁਹਾਡੀ ਚਿੰਤਾ ਨਹੀਂ ਸੀ ਵਧਾਉਣਾ ਚਾਹੁੰਦੀ ਅਤੇ ਫਿਰ ਜਿਸ ਵੇਲੇ ਦੱਸੀ ਉਸ ਸਮੇਂ ਕੋਈ ਉਤਰ ਨਹੀਂ ਆਇਆ, 23 ਦਸੰਬਰ ਨੂੰ ਹੀ ਅਸੀਂ ਕਲਕੱਤਾ ਛੱਡ ਕੇ ਆਸਨਸੋਲ ਚਲੇ ਗਏ। ਪਿਤਾ ਜੀ ਨੂੰ ਉਥੇ ਕੋਲੇ ਦੀ ਖਾਨ ਵਿਚ ਨੌਕਰੀ ਮਿਲ ਗਈ। ਮੈਂ ਵੀ ਇਕ ਛੋਟੇ ਜਿਹੇ ਸਕੂਲ ਦੀ ਸਥਾਪਨਾ ਕਰ ਲਈ। ਕੰਮ ਚਲ ਪਿਆ ਮੈਂ ਪੱਤਰ ਭੇਜਦੀ ਰਹੀ ਪਰ ਤੁਹਾਡਾ ਕੋਈ ਉਤਰ ਨਾ ਆਇਆ। ਮੇਰੀ ਗਲਤੀ ਦੇ ਗਮ ਨੇ ਮੇਰੀ ਮਾਂ ਦੀ ਜਾਨ ਲੈ ਲਈ। ਮਾਵਾਂ ਧੀਆਂ ਦੇ ਦੁੱਖੜੇ ਕਿਥੇ ਸਹਿੰਦੀਆਂ ਹਨ? ਜਵਾਨ ਲੜਕੀ ਬਿਨਾਂ ਵਿਆਹ ਦੇ ਮਾਂ ਬਣ ਜਾਏ, ਇਸ ਤੋਂ ਵੱਧ ਇਕ ਪਿਤਾ ਨੂੰ ਕੀ ਦੁੱਖ ਹੋ ਸਕਦਾ ਹੈ? ਇਹ ਦੁੱਖ ਪਿਤਾ ਜੀ ਨੂੰ ਘੁਣ ਵਾਂਗੂ ਚੰਬੜ ਗਿਆ ਅਤੇ ਜਾਨ ਲੈ ਕੇ ਹੀ ਲੱਥਾ।

ਸੰਗੀਤ ਜੀ! ਮੈਂ ਇਸ ਤਰ੍ਹਾਂ ਦੁਨੀਆ ਵਿਚ ਇਕੱਲੀ ਰਹਿ ਗਈ। ਮੇਰਾ ਮਨ ਜੀਵਨ ਤੋਂ ਅੱਕ ਗਿਆ ਪਿਆਰ ਦੇ ਨਾਂ ਨਾਲ ਨਫਰਤ ਹੋ ਗਈ। ਹੋਸ਼ ਤਾਂ ਆਈ

ਪਰ ਉਸ ਵੇਲੇ ਸਭ ਕੁਝ ਲੁਟਾ ਛਡਿਆ ਸੀ। ਪਿਆਰ ਦਾ ਪਾਗਲਪਨ ਠੀਕ ਹੋ ਗਿਆ ਪਰ ਜੀਵਨ ਨੂੰ ਪਾਗਲ ਕਰ ਕੇ। ਕੀ ਕਰਦੀ? ਉਸ ਹਾਲਤ ਵਿਚ? ਪਿਤਾ ਜੀ ਦੇ ਅੰਤਮ ਸੰਸਕਾਰ ਲਈ ਕਈ ਰਿਸ਼ਤੇਦਾਰ ਆਏ, ਮੇਰੀ ਹਾਲਤ ਵੇਖ ਕੇ ਕਾਫੀ ਹੈਰਾਨ ਹੋਏ।

ਸੰਗੀਤ ਜੀ! ਜੀਵਨ ਦੀ ਇਸ ਕਸ਼ਮਕਸ਼ ਵਿਚ ਫਿਰ ਇਕ ਦਿਨ ਆਇਆ ਜਦੋਂ ਉਸ ਬੱਚੇ ਨੇ ਜਨਮ ਲਿਆ। ਇਹ ਬੱਚਾ ਤੁਹਾਡਾ ਬੱਚਾ ਸੀ, ਤੁਹਾਡੀ ਅਮਾਨਤ ਸੀ, ਜਿਸ ਨੂੰ ਰੱਖਣ ਲਈ, ਜਿਸ ਨੂੰ ਜਨਮ ਦੇਣ ਲਈ ਮੈਂ ਬਦਨਾਮ ਹੋ ਗਈ, ਸਮਾਜ ਦੀਆਂ ਨਜ਼ਰਾਂ ਵਿਚੋਂ ਗਿਰ ਗਈ। ਇਸ ਬੱਚੇ ਨੂੰ ਲੈ ਕੇ ਮੈਂ ਆਸਨਸੋਲ ਤੋਂ ਦੂਰ ਚਲੀ ਗਈ, ਇਹ ਸੋਚ ਕੇ ਕਿ ਨਵੇਂ ਲੋਕਾਂ ਵਿਚ ਨਵੇਂ ਤੋਂ ਨਵਾਂ ਜੀਵਨ ਗੁਜ਼ਰਾਂਗੀ, ਪਰ ਬਦਨਾਮੀ ਪਰਛਾਵੇਂ ਦੀ ਤਰ੍ਹਾਂ ਨਾਲ ਹੀ ਤੁਰਦੀ ਰਹੀ। ਜਿਥੇ ਵੀ ਗਈ ਲੋਕਾਂ ਨੇ ਇਹੋ ਪੁੱਛਿਆ ਕਿਥੇ ਹੈ ਤੇਰਾ ਪਤੀ? ਕੀ ਕੰਮ ਕਰਦਾ ਹੈ? ਤੇਰੇ ਨਾਲ ਕਿਉਂ ਨਹੀਂ ਰਹਿੰਦਾ? ਕੌਣ ਹੈ ਇਸ ਬੱਚੇ ਦਾ ਪਿਉ? ਇਹਨਾਂ ਸਵਾਲਾਂ ਦਾ ਮੈਂ ਕਦੀ ਕੋਈ ਜਵਾਬ ਨਹੀਂ ਦੇ ਸਕੀ। ਵੈਸ਼ਿਆ ਸਮਝ ਕੇ ਖਰੀਦਾਰ ਮੇਰੇ ਘਰ ਆਉਣ ਲੱਗੇ। ਮੈਂ ਆਉਣ ਲਈ ਮਨ੍ਹਾ ਕੀਤਾ ਤਾਂ ਉਨ੍ਹਾਂ ਨੇ ਬਦਨਾਮੀ ਵਧਾ ਦਿਤੀ। ਨੌਕਰੀ ਲੱਭਣ ਜਾਂਦੀ ਤਾਂ ਬਦਨਾਮੀ ਤੇ ਬਦਕਿਸਮਤੀ ਪਹਿਲੇ ਉਥੇ ਪਹੁੰਚ ਜਾਂਦੀ। ਜੀਵਨ ਨਿਰਾਸ਼ ਹੋ ਗਿਆ। ਸੰਗੀਤ ਜੀ! ਇਸ ਸਮਾਜ ਨੇ ਮੈਨੂੰ ਸਹਾਰਾ ਨਾ ਦਿਤਾ। ਮੇਰਾ ਹਰ ਇਕ ਗੁਣ ਮੇਰੇ ਸਿਰਫ ਇਕ ਔਗੁਣ ਪਿਛੇ ਲੁਕ ਜਾਂਦਾ। ਫਿਰ ਇਨਸਾਨੀ ਵਹਿਸ਼ੀਆਂ ਨੇ ਮੈਨੂੰ ਔਰਤ ਵੀ ਨਾ ਰਖਿਆ। ਮੈਂ ਔਰਤ ਜ਼ਾਤ ਉਤੇ ਕਲੰਕ ਬਣ ਗਈ। ਮੈਂ ਉਹ ਵੀ ਸਹਾਰ ਗਈ ਸਿਰਫ ਉਸ ਬੱਚੇ ਲਈ ਜੋ ਕਿ ਇਕ ਬਹੁਤ ਵੱਡੇ ਕਲਾਕਾਰ ਦੀ ਨਿਸ਼ਾਨੀ ਸੀ ਪਰ ਮੇਰੀ ਭੁੱਲ ਸੀ। ਉਸ ਬੱਚੇ ਨੂੰ ਲੈਣ ਲਈ ਬੜੇ ਖਰੀਦਾਰ ਆਏ ਪਰ ਉਸ ਵਕਤ ਤਾਂ ਮੈਂ ਆਪ ਹੀ ਵਿਕ ਰਹੀ ਸੀ ਅਤੇ ਉਸ ਨੂੰ ਕਿਵੇਂ ਵੇਚਦੀ?

ਸੰਗੀਤ ਜੀ! ਮਰਦ ਬਹੁਤ ਨਿਰਦੱਈ ਹਨ। ਮੈਂ ਮਰਦਾਂ ਦਾ ਨਿਰਦੱਈਪਨ ਸ਼ਾਇਦ ਸਾਰੀ ਉਮਰ ਹੀ ਸਹਿੰਦੀ ਅਗਰ ਮੈਨੂੰ ਇਕ ਈਸਾਈ 'ਮਦਰ' ਨਾ ਮਿਲ ਜਾਂਦੀ। ਉਸ ਵਿਚਾਰੀ ਨੇ ਮੈਨੂੰ ਇਸ ਨਰਕ ਵਿਚੋਂ ਕੱਢ ਕੇ ਨਵੀਂ ਜ਼ਿੰਦਗੀ ਦਿੱਤੀ। ਮੈਂ ਫਿਰ ਪੜ੍ਹਾਉਣ ਦਾ ਕੰਮ ਸ਼ੁਰੂ ਕੀਤਾ ਜਿਥੇ ਤੁਹਾਡਾ ਕਮਲ ਪੜ੍ਹਦਾ ਹੈ। ਕਮਲ ਨੂੰ ਵੇਖ ਕੇ ਮੈਨੂੰ ਤੁਹਾਡੀ ਯਾਦ ਆ ਗਈ ਸੀ ਕਿਉਂਕਿ ਉਹ ਬਿਲਕੁਲ ਤੁਹਾਡੇ ਵਰਗਾ ਹੈ। ਫਿਰ ਕਮਲ ਬਾਰੇ ਜਾਣਕਾਰੀ ਲਈ। ਸਕੂਲ ਦਾ ਦਾਖਲਾ (Admission) ਰਜਿਸਟਰ ਫੋਲਿਆ ਤਾਂ ਉਸ ਰਜਿਸਟਰ ਵਿਚ ਦਰਜ ਪਿਤਾ ਦਾ ਨਾਂ ਸੰਗੀਤ ਪੜ੍ਹ ਕੇ ਪਤਾ ਲੱਗਾ ਕਿ ਤੁਹਾਡਾ ਹੀ ਲੜਕਾ ਹੈ। ਬਾਕੀ ਤੁਹਾਡੀ ਅਮਾਨਤ ਮੇਰੇ ਕੋਲ ਮੌਜੂਦ ਹੈ, ਉਹ ਬੱਚੀ ਜਿਸ ਲਈ ਮੈਂ ਇਹ ਸਭ ਸਿਹਾ ਹੈ ਅਤੇ ਆਪਣੀ ਜ਼ਿੰਦਗੀ ਨੂੰ ਨਸ਼ਟ ਕਰ ਦਿੱਤਾ, ਉਹ ਹੈ ਮੇਰੀ ਬੇਟੀ 'ਨੀਰਾ' ਜਿਸ ਦੇ ਰਿਸ਼ਤੇ ਦਾ ਜ਼ਿਕਰ ਤੁਸੀਂ ਕਮਲ ਵਾਸਤੇ ਕੀਤਾ ਸੀ।

ਸੰਗੀਤ ਜੀ! ਇਸ ਪੱਤਰ ਤੋਂ ਤੁਸੀਂ ਅਨੁਮਾਨ ਲਾ ਸਕਦੇ ਹੋ ਕਿ ਕਿਸ ਨੂੰ

ਕੀ ਮਿਲਿਆ ਹੈ। ਚਲੋ ਭਾਵੇਂ ਧੋਖਾ ਸਾਡੇ ਨਾਲ ਕਿਸਮਤ ਨੇ ਹੀ ਕੀਤਾ ਹੈ ਪਰ ਜ਼ਿਆਦਾ ਮੁਸੀਬਤਾਂ ਕਿਸ ਨੇ ਸਹੀਆਂ ਹਨ? ਕੌਣ ਇਸਤਰੀ ਪਤਿਤ ਹੋ ਕੇ ਜੀਣਾ ਚਾਹੁੰਦੀ ਹੈ? ਮੈਂ ਵੀ ਦੂਸਰਾ ਵਿਆਹ ਕਰ ਸਕਦੀ ਸੀ, ਮੈਂ ਵੀ ਬੱਚੇ ਨੂੰ ਜਨਮ ਤੋਂ ਪਹਿਲੇ ਹੀ ਸਮਾਪਤ ਕਰ ਸਕਦੀ ਸੀ ਲੇਕਿਨ ਮੈਂ ਨਹੀਂ ਕਰ ਸਕੀ। ਤੁਹਾਨੂੰ ਮਿਲਣ ਤੋਂ ਪਹਿਲੇ ਮੇਰਾ ਜੀਵਨ ਫੁੱਲਾਂ ਦਾ ਇਕ ਬਗ਼ੀਚਾ ਸੀ। ਖੁਸ਼ੀਆਂ ਦੀ ਵਰਖਾ ਅਤੇ ਸੂਰਜ ਦੀ ਖੁੱਲ੍ਹੀ ਧੁੱਪ ਨਾਲ ਉਹ ਚਮਨ ਚਹਿਕਦਾ ਸੀ। ਕਦੀ ਦੁੱਖ ਜਾਂ ਗ਼ਮ ਦੀ ਪੀੜਾ ਨਹੀਂ ਵੇਖੀ ਸੀ। ਮਾਤਾ ਪਿਤਾ ਨੇ ਫੁੱਲ ਵਾਂਗ ਚਾਅ, ਪਿਆਰ ਅਤੇ ਦੁਲਾਰ ਨਾਲ ਪਾਲਿਆ ਅਤੇ ਪੋਸਿਆ ਸੀ। ਮੇਰੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਸੀ, ਮੈਨੂੰ ਬਹੁਤ ਸਮਝਦਾਰ ਅਤੇ ਸਿਆਣੀ ਸਮਝਦੇ ਸਨ। ਉਨ੍ਹਾਂ ਨੂੰ ਭਰੋਸਾ ਸੀ ਕਿ ਮੈਂ ਕੁਝ ਗਲਤ ਨਹੀਂ ਕਰਾਂਗੀ। ਪਰ ਕੀ ਪਤਾ ਸੀ ਕਿ ਮੈਂ ਖਾਨਦਾਨ ਦੀ ਇੱਜ਼ਤ ਤੇ ਵਜੂਦ ਹੀ ਮਿਟਾ ਦਿਆਂਗੀ। ਉਹ ਨਹੀਂ ਸਨ ਜਾਣਦੇ ਕਿ ਮੈਂ ਸੂਰਜ ਦੀ ਪ੍ਰਕਾਸ਼ਮਈ ਧੁੱਪ ਤੋਂ ਵੰਚਿਤ ਹੋ ਜਾਵਾਂਗੀ ਅਤੇ **ਧੁਆਂਖੀ ਧੁੱਪ** ਦੀ ਠੰਡੀ ਛਾਂ ਹੇਠ ਮਿਟ ਜਾਵਾਂਗੀ ਅਤੇ ਆਪਣੇ ਭਵਿੱਖ ਨੂੰ ਗ੍ਰਹਿਣ ਲਗਵਾ ਲਵਾਂਗੀ ਤੇ ਨਿੱਘੀ ਧੁੱਪ ਵਾਸਤੇ ਸਦਾ ਤਰਸਦੀ ਰਹਾਂਗੀ। ਮੈਂ ਕਿਸੇ ਨੂੰ ਮੇਰੀ ਸਰਾਪੀ ਜ਼ਿੰਦਗੀ ਲਈ ਦੋਸ਼ ਨਹੀਂ ਦਿੰਦੀ। ਇਹ ਮੇਰਾ ਕਰਮ ਸੀ ਜਿਸ ਨੂੰ ਮੈਂ ਭੋਗਣਾ ਸੀ। ਖ਼ੈਰ ਇਨ੍ਹਾਂ ਗੱਲਾਂ ਨੂੰ ਹੁਣ ਭੁੱਲ ਜਾਣਾ ਹੀ ਠੀਕ ਹੈ। ਤੁਸੀਂ ਜਿਵੇਂ ਖੁਸ਼ ਹੋ ਇਸੇ ਤਰ੍ਹਾਂ ਹੀ ਖੁਸ਼ ਰਹੋ। ਮੈਨੂੰ ਮੇਰੇ ਆਪਣੇ ਹਾਲ 'ਤੇ ਰਹਿਣ ਦਿਉ। ਕਮਲ ਨੂੰ ਮੇਰੇ ਵੱਲੋਂ ਪਿਆਰ ਅਤੇ ਨੀਰਾ ਵੱਲੋਂ ਮਿੱਠੀ ਯਾਦ ਆਪਣੇ ਛੋਟੇ ਵੀਰ ਕਮਲ ਨੂੰ।

ਇਕ ਅਧੂਰੀ

◆ **-ਕਵਿਤਾ**

ਦਿੱਲੀ **ਪੰਜ**

ਕਵਿਤਾ ਜੀ!

ਪਿਆਰ ਪਹੁੰਚੇ ਅਤੇ ਨੀਰਾ ਨੂੰ ਬਹੁਤ ਬਹੁਤ ਪਿਆਰ। ਤੁਹਾਡੇ ਪੱਤਰ ਨੂੰ ਪੜ੍ਹ ਕੇ ਰੌਂਗਟੇ ਖੜੇ ਹੋ ਗਏ। ਮੈਨੂੰ ਮਾਫ ਕਰ ਦੇਣਾ, ਮੈਂ ਅੱਜ ਤਕ ਤੁਹਾਨੂੰ ਗਲਤ ਸਮਝਦਾ ਰਿਹਾ। ਮੈਨੂੰ ਨਹੀਂ ਪਤਾ ਸੀ ਕਿ ਮੇਰੀ ਕਵਿਤਾ ਨੇ ਐਨੀਆਂ ਮੁਸੀਬਤਾਂ ਅਤੇ ਤਸੀਹੇ ਝਲੇ ਹਨ। ਕਵਿਤਾ ਜੀ ਤੁਹਾਡੇ ਪੱਤਰ ਨੇ ਬਦੋਬਦੀ ਮੇਰੀਆਂ ਖੁਸ਼ਕ ਅੱਖਾਂ ਵਿਚੋਂ ਹੰਝੂ ਵਹਾ ਦਿਤੇ। ਖਿਆਲ ਆਉਂਦਿਆਂ ਹੀ ਮੈਂ ਕੰਬ ਗਿਆ। ਮੈਂ ਤਾਂ ਆਪੇ ਤੋਂ ਬਾਹਰ ਹੋ ਗਿਆ ਅੱਜ। ਕਦੀ ਵੀਨਾ 'ਤੇ ਗੁੱਸਾ ਨਹੀਂ ਆਇਆ ਮੈਨੂੰ ਪਰ ਅੱਜ ਤਾਂ ਮੈਂ ਆਪਣਾ ਦਿਮਾਗੀ ਸੰਤੁਲਨ ਹੀ ਗਵਾ ਬੈਠਾ, ਮੈਂ ਪਾਗਲ ਹੋ ਗਿਆ, ਦਰਿੰਦਾ ਬਣ ਗਿਆ। ਅੱਜ ਪਤਾ ਲੱਗਾ ਕਿ ਸਾਨੂੰ ਜਿਸ ਬਦਕਿਸਮਤੀ ਨੇ ਜੁਦਾ ਕੀਤਾ ਸੀ ਉਹ ਵੀਨਾ ਹੈ। ਕਵਿਤਾ ਮੈਂ ਪਹਿਲੀ ਵਾਰ ਵੀਨਾ 'ਤੇ ਹੱਥ ਚੁੱਕਿਆ।

ਕਵਿਤਾ ਜੀ! ਜਦੋਂ ਮੈਂ ਵੀਨਾ ਨੂੰ ਸਾਰੀ ਗੱਲ ਦੱਸੀ ਸੀ ਤੁਹਾਡੀ ਅਤੇ ਮੇਰੀ ਸ਼ਾਦੀ ਦੇ ਬਾਰੇ ਉਸ ਸਮੇਂ ਉਸ ਨੇ ਹਾਂ ਕਹਿ ਦਿਤਾ ਸੀ। ਉਸ ਨੂੰ ਕੋਈ ਇਤਰਾਜ਼ ਨਹੀਂ ਪਰ ਉਸ ਦੇ ਮਨ ਵਿਚ ਚੋਰ ਸੀ। ਉਸ ਨੇ ਮੇਰੀਆਂ ਚਿੱਠੀਆਂ ਤੁਹਾਨੂੰ ਨਹੀਂ ਪਾਈਆਂ ਅਤੇ ਤੁਹਾਡੀਆਂ ਮੇਰੇ ਤਕ ਪਹੁੰਚਣ ਨਹੀਂ ਦਿਤੀਆਂ। ਨਤੀਜਾ ਕੀ ਹੋਇਆ ਕਿ ਅਸੀਂ ਦੋਵੇਂ ਧੱਕੇ ਖਾਂਦੇ ਰਹੇ ਅਤੇ ਬਰਬਾਦ ਹੋ ਗਏ। ਉਸ ਨੂੰ ਪਤਾ ਸੀ ਕਿ ਤੁਸੀਂ ਮਾਂ ਬਣਨ ਵਾਲੇ ਹੋ। ਅੱਜ ਦਸ ਸਾਲਾਂ ਬਾਦ ਉਸ ਨੇ ਇਹ ਭੇਦ ਜਾ ਕੇ ਖੋਲ੍ਹਿਆ ਹੈ। ਵੀਨਾ ਬਹੁਤ ਨੀਚ ਨਿਕਲੀ, ਮੈਂ ਕਦੀ ਨਹੀਂ ਸੋਚਿਆ ਸੀ ਕਿ ਇੰਜ ਕਰੇਗੀ। ਖ਼ੈਰ ਕਵਿਤਾ! ਮੈਂ ਇਹ ਫੈਸਲਾ ਕਰ ਲਿਆ ਹੈ ਕਿ ਉਸ ਨੂੰ ਇਸ ਦੀ ਸਜ਼ਾ ਮਿਲਣੀ ਚਾਹੀਦੀ ਹੈ। ਮੈਂ ਵੀਨਾ ਨੂੰ ਛੱਡ ਕੇ ਕਮਲ ਨੂੰ ਲੈ ਕੇ ਆ ਰਿਹਾ ਹਾਂ। ਅੱਜ ਤਕ ਜਿੰਨੇ ਵੀ ਦੁੱਖ ਤੁਸੀਂ ਝੱਲੇ ਹਨ ਉਨ੍ਹਾਂ ਸਭ ਦੁੱਖਾਂ ਨੂੰ ਮੈਂ ਭੁਲਾ ਦਿਆਂਗਾ। ਇਕ ਨਵਾਂ ਜੀਵਨ ਸ਼ੁਰੂ ਕਰਾਂਗੇ ਜਿਹੜੀ ਤੁਸੀਂ ਮੇਰੀ ਉਡੀਕ ਕੀਤੀ ਹੈ ਉਸ ਲਈ ਮੈਨੂੰ ਤੁਹਾਨੂੰ ਸੁਖੀ ਰੱਖਣ ਦੀ ਸਜ਼ਾ ਮਿਲੀ ਹੈ। ਮੈਂ ਤੁਹਾਨੂੰ ਜੀਵਨ ਭਰ ਸੁਖ ਦਿਆਂਗਾ। ਕਵਿਤਾ ਅਸੀਂ ਜੁਦਾ ਤਾਂ ਹੋ ਗਏ ਸਾਂ ਪਰ ਸਾਡੀ ਆਤਮਾ ਇਕ ਸੀ। ਕਵਿਤਾ ਜੀ ਮੈਂ ਤੁਹਾਡਾ ਪਤੀ ਹਾਂ। ਇਸ ਗੰਦੇ ਸਮਾਜ ਵਿਚ ਇੱਜ਼ਤ ਨਾਲ ਤੁਹਾਨੂੰ ਰੱਖਣਾ ਮੇਰਾ ਫਰਜ਼ ਹੈ। ਮੈਂ ਤੁਹਾਨੂੰ ਇਜ਼ਤ, ਮਾਨ ਅਤੇ ਸ਼ਾਨ ਦਿਆਂਗਾ। ਮੈਂ ਸਾਬਿਤ ਕਰ ਦਿਆਂਗਾ ਕਿ ਪਿਆਰ ਇਕ ਪਾਪ ਨਹੀਂ ਬਲਕਿ ਪੁੰਨ ਹੈ। ਅੱਗ ਵਿਚ ਸੜ ਕੇ ਹੀ ਸੋਨਾ ਖਾਲਸ ਬਣਦਾ ਹੈ। ਕਵਿਤਾ ਜੀ! ਇਹ ਸਮਾਜ ਇਕ ਭੱਠੀ ਹੈ। ਇਸ ਵਿਚ ਗੰਦਗੀ ਤਾਂ ਸੜ ਜਾਂਦੀ ਹੈ ਪਰ ਕਈ ਵਾਰੀ ਚੰਗੀ ਚੀਜ਼ ਵੀ ਸੜ ਕੇ ਸਵਾਹ ਹੋ ਜਾਂਦੀ ਹੈ ਕਿਉਂਕਿ ਇਸ ਭੱਠੀ ਦੇ ਰਖਵਾਲੇ ਬੜੇ ਨਿਰਦੱਈ ਹਨ। ਮੈਂ ਕੁਝ ਦਿਨਾਂ ਵਿਚ ਹੀ ਆ ਰਿਹਾ ਹਾਂ ਨਵਾਂ ਜੀਵਨ ਆਰੰਭ ਕਰਨ ਲਈ।

ਸਿਰਫ ਕਵਿਤਾ ਦਾ

◆

–"ਸੰਗੀਤ"

ਦਾਰਜੀਲਿੰਗ

ਛੇ

ਸੰਗੀਤ ਜੀ!

ਇਹ ਪੱਤਰ ਮੇਰੇ ਜੀਵਨ ਦਾ ਅੰਤਿਮ ਪੱਤਰ ਹੈ ਜਿਹੜਾ ਮੈਂ ਤੁਹਾਨੂੰ ਇਸ ਵਕਤ ਰਾਤ ਦੇ ਇਕ ਵਜੇ ਲਿਖ ਰਹੀ ਹਾਂ। ਅੱਜ ਤੁਹਾਡਾ ਖ਼ਤ ਮਿਲਿਆ ਹੈ ਪੜ੍ਹ ਕੇ ਪਤਾ ਲੱਗਾ ਦੋਸ਼ ਕਿਸ ਦਾ ਸੀ ਸਾਨੂੰ ਅਲੱਗ ਕਰਨ ਵਿਚ। ਵੀਨਾ ਜੀ ਤਾਂ ਇਕ ਭਾਣਾ ਸਨ, ਇਹ ਸਭ ਕੁਝ ਤਕਦੀਰ ਵਿਚ ਲਿਖਿਆ ਸੀ। ਵੀਨਾ ਨੂੰ ਦੋਸ਼ ਕਿਉਂ ਦਿਤਾ ਜਾਏ? ਈਰਖਾ ਕਰਨੀ ਤੇ ਖੁਦਗਰਜੀ ਇਸਤਰੀ ਦਾ ਸੁਭਾਅ ਹੈ। ਕੋਈ ਇਸਤਰੀ ਨਹੀਂ ਚਾਹੁੰਦੀ ਕਿ ਉਸ ਦਾ ਸੁਹਾਗ ਕਿਸੇ ਹੋਰ ਦੀ ਮੰਗ ਵਿਚ ਸੰਧੂਰ ਭਰੇ। ਵੀਨਾ ਨੇ ਜੋ ਕੁਝ ਕੀਤਾ ਹੈ ਉਹ ਸੁਭਾਵਿਕ ਸੀ। ਮੇਰੀ ਕਿਸਮਤ ਵਿਚ ਇਹੋ

ਕੁਝ ਸੀ ਜਿਸ ਲਈ ਮੈਨੂੰ ਕਿਸੇ ਨਾਲ ਕੋਈ ਗਿਲ੍ਹਾ ਨਹੀਂ।

ਸੰਗੀਤ ਜੀ! ਮੈਂ ਤੁਹਾਨੂੰ ਬੜੀਆਂ ਗੁਸਤਾਖੀ ਭਰੀਆਂ ਚਿੱਠੀਆਂ ਲਿਖੀਆਂ ਹਨ ਜਿਨ੍ਹਾਂ ਲਈ ਮੈਨੂੰ ਬਹੁਤ ਦੁੱਖ ਹੈ ਮੈਂ ਮਾਫੀ ਮੰਗਦੀ ਹਾਂ ਆਸ ਹੈ ਕਿ ਤੁਸੀਂ ਮੈਨੂੰ ਮਾਫ ਕਰੋਗੇ। ਤੁਹਾਡੇ ਪੱਤਰ ਦੇ ਅਨੁਸਾਰ ਤੁਸੀਂ ਕਲ੍ਹ ਇਥੇ ਪਹੁੰਚੋਗੇ। ਪਰੰਤੂ ਮੈਂ ਇਥੇ ਨਹੀਂ ਹੋਵਾਂਗੀ। ਮੇਰੀ ਥਾਂ 'ਤੇ ਇਹ ਪੱਤਰ ਤੁਹਾਨੂੰ ਮਿਲੇਗਾ। ਪੜ੍ਹ ਕੇ ਤੁਸੀਂ ਵਾਪਸ ਆਪਣੇ ਘਰ ਚਲੇ ਜਾਣਾ। ਨੀਰਾ ਨੂੰ ਨਾਲ ਲੈ ਜਾਣਾ। ਇਹ ਤੁਹਾਡੀ ਬੇਟੀ ਹੈ, ਤੁਹਾਡਾ ਖੂਨ ਹੈ, ਇਸ ਦਾ ਪਾਲਨ-ਪੋਸ਼ਨ ਮੇਰੇ ਲਈ ਬੜਾ ਵੱਡਾ ਭਾਰ ਹੈ। ਇਹ ਭਾਰ ਮੈਂ ਤੁਹਾਡੇ ਸਪੁਰਦ ਕਰ ਰਹੀ ਹਾਂ। ਇਸ ਨੂੰ ਖੂਬ ਪੜ੍ਹਾਉਣਾ, ਚੰਗੀ ਲੜਕੀ ਬਣਾਉਣਾ ਅਤੇ ਇਕ ਧਿਆਨ ਰੱਖਣਾ ਕਿ ਕਿਤੇ ਇਹ ਮੇਰੇ ਵਰਗਾ ਪਾਪ ਨਾ ਕਰ ਬੈਠੇ ਕਿਸੇ ਨਾਲ ਪਿਆਰ ਕਰ ਕੇ।

ਸੰਗੀਤ ਜੀ! ਇਕ ਘਰ ਨੂੰ ਉਜਾੜ ਕੇ ਮੈਂ ਆਪਣਾ ਘਰ ਨਹੀਂ ਵਸਾ ਸਕਦੀ। ਵੀਨਾ ਤੁਹਾਡੀ ਪਤਨੀ ਹੈ, ਸੰਸਾਰਿਕ, ਧਾਰਮਿਕ ਅਤੇ ਸਮਾਜਿਕ ਅਸੂਲਾਂ ਨੇ ਤੁਹਾਨੂੰ ਉਸ ਦਾ ਪਤੀ ਬਣਾਇਆ ਹੈ ਉਨ੍ਹਾਂ ਅਸੂਲਾਂ ਨੂੰ ਤੋੜਨ ਦਾ ਤੁਹਾਨੂੰ ਕੋਈ ਹੱਕ ਨਹੀਂ। ਤੁਹਾਡਾ ਘਰ ਸੰਸਾਰ ਅਬਾਦ ਰਹੇ ਇਹੋ ਮੇਰੀ ਇੱਛਾ ਹੈ। ਕਮਲ ਦੇ ਜੀਵਨ ਨੂੰ ਸਵਾਰਨਾ ਤੁਹਾਡਾ ਫਰਜ਼ ਹੈ। ਮੇਰੀ ਮਨਹੂਸ ਪਰਛਾਈ ਵੀ ਤੁਹਾਡੇ ਲਈ ਠੀਕ ਨਹੀਂ।

ਸੰਗੀਤ ਜੀ! ਨੀਰਾ ਮੇਰੇ ਕੋਲ ਸੁੱਤੀ ਹੋਈ ਹੈ, ਕਿੰਨੀ ਸੋਹਣੀ ਅਤੇ ਭੋਲੀ ਲਗ ਰਹੀ ਹੈ, ਇਸ ਦੇ ਬੁੱਲ੍ਹ ਅਤੇ ਭਰਵੱਟੇ ਤੁਹਾਡੇ ਵਰਗੇ ਹਨ। ਬਸ ਕੁਝ ਦੇਰ ਵਿਚ ਹੀ ਮੈਂ ਇਸ ਨੂੰ ਛੱਡ ਕੇ ਚਲੀ ਜਾਵਾਂਗੀ ਮਮਤਾ ਦਾ ਗਲਾ ਘੁੱਟ ਕੇ। ਇਹ ਮੇਰੀ ਬਹੁਤ ਹੀ ਪਿਆਰੀ ਬੱਚੀ ਹੈ, ਮੇਰੇ ਬਿਨਾਂ ਰਹਿ ਨਹੀਂ ਸਕਦੀ। ਕਦੀ ਬਹੁਤ ਉਦਾਸ ਹੋ ਜਾਵੇ, ਅੱਖਾਂ ਵਿਚ ਅੱਥਰੂ ਭਰ ਜਾਣ ਤਾਂ ਇਸ ਨੂੰ ਘੁੱਟ ਕੇ ਆਪਣੇ ਸੀਨੇ ਨਾਲ ਲਾ ਲੈਣਾ। ਇਸ ਦੇ ਅੱਥਰੂ ਆਪਣੀਆਂ ਉਂਗਲਾਂ ਦੇ ਪੋਟਿਆਂ ਨਾਲ ਪੂੰਝਣਾ, ਬਹੁਤ ਪਿਆਰ ਕਰਨਾ ਤਾਂ ਜੋ ਇਸ ਦੇ ਅੰਦਰ ਦਾ ਖਲਾਅ ਭਰ ਜਾਏ। ਦਿਲ ਨਹੀਂ ਕਰਦਾ ਜਾਣ ਦਾ ਪਰ ਇਸ ਵਿਚ ਹੀ ਸਭ ਦਾ ਭਲਾ ਹੈ ਮੈਨੂੰ ਲੱਭਣ ਦੀ ਕੋਸ਼ਿਸ਼ ਨਹੀਂ ਕਰਨਾ। ਤਕਦੀਰ ਨੇ ਮਿਲਾਇਆ ਤਾਂ ਉਸ ਮੇਲੇ ਵਿਚ ਮਿਲਾਂਗੇ ਜਿਥੇ ਹਰ ਇਕ ਜਾਂਦਾ ਹੈ ਕਿਉਂਕਿ ਮੈਂ ਉਸ ਮੇਲੇ ਵਿਚ ਹੀ ਜਾ ਰਹੀ ਹਾਂ ਅਤੇ ਉਥੇ ਹੀ ਤੁਹਾਨੂੰ ਉਡੀਕਾਂਗੀ। ਮੇਰੀ ਨੀਰਾ ਅਤੇ ਕਮਲ ਨੂੰ ਇਕ ਹਾਰ ਦੇ ਦੋ ਮੋਤੀ ਸਮਝਣਾ। ਮੇਰੀ ਅੰਤਿਮ ਸ਼ਰਧਾ ਦੇ ਫੁੱਲ ਮੇਰੇ ਦੇਵਤਾ ਦੇ ਚਰਨਾਂ ਵਿਚ ਮੇਰੇ ਜੀਵਨ ਨੂੰ **ਧੁਆਂਖੀ ਧੁੱਪ** ਹੀ ਨਸੀਬ ਹੋਈ, ਕਦੀ ਖੁੱਲ੍ਹੀ ਧੁੱਪ ਦਾ ਨਿੱਘ ਨਹੀਂ ਮਾਣ ਸਕੀ।

-ਮੈਂ ਹਾਂ-

ਜਿਹੜੀ **ਸੰਗੀਤ** ਵਿਚ ਨਾ ਢਲ ਸਕੀ

-ਕਵਿਤਾ

◆